ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

*Monthly Issue "Atam Marg"*

**June 2007**



ਸਾਲ ਤੇਰ੍ਹਵਾਂ, ਅੰਕ ਤੀਜਾ, ਮਹੀਨਾ ਜੂਨ 2007

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**

**ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**

**ਕਾਨੂੰਨੀ ਸਲਾਹਕਾਰ : ਕਰਨਲ ਦਵਿੰਦਰ ਸਿੰਘ MALLB, PGDTM**

## FOREIGN (ਵਿਦੇਸ਼) CONTACT NO.

**U.S.A. & Canada - Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Australia - Bhai Jiwan Singh ji**
Phone : 03-943-65865, Fax : 03-943-65867

## SUBSCRIPTION FOREIGN (ਵਿਦੇਸ਼)

| | Annual | Life |
|---|---|---|
| **U.S.A.** | **50 US$** | **500 US$** |
| **U.K.** | **30 £** | **300 £** |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order, Cheque, Draft & correspondence**
V.G.R.M Charitable Trust 'Atam Marg'
Gurdwara Ishar Parkash, Ratwara
Sahib (Near Chandigarh) P.O.
Mullanpur Garibdas, Teh. Kharar,
Distt. S.A.S. Nagar (Mohali) 140901 Pb.

**Office 'Atam Marg' Ph. No. - 0160-2255009**
**Gurudwara Ishar Parkash Ratwara Sahib - 98551-32009**
***Mobile - 9417214391,79***
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

***ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।***

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਪ੍ਰਕਾਸ਼ਿਤ ਕੀਤਾ।**

# ਤੱਤਕਰਾ

1. ਬਾਰਾਮਾਹਾ 2
2.ਸੰਪਾਦਕੀ 3
3. ਚਉਥੈ ਪਹਿਰ ਸਬਾਹ ਕੇ 5
4.ਸੰਤ ਬਿਮਲਾ ਸਿੰਘ ਜੀ 12
5.ਗੁਰੂ ਅਰਜਨ ਦੇਵ ਜੀ 25
6. ਵਿਸਾਖੀ 44
6. ਕਰਮ ਬੰਧਨ ਤੋਂ ਮੁਕਤੀ 56
9. ਸਮੁੱਚੀ ਅਰੋਗਤਾ ਲਈ ਪੱਥ-ਪ੍ਰਦਰਸ਼ਕ 62

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ | ਕਾਲ ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

ਪਰਮ ਸਤਿਕਾਰ ਯੋਗ ਬੀਜੀ - 9417214381
ਪ੍ਰਬੰਧਕ ਵਿਦਿਅਕ ਅਦਾਰੇ - 9417003571
ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ 9417214383
ਆਸ਼ਰਮ ਸਬੰਧੀ ਫੁੱਟਕਲ ਕੰਮ-9417214384 ਕਾਲਜਾਂ ਸਬੰਧੀ - 9417214382
ਸੰਤ ਬਾਬਾ ਰਾਜਿੰਦਰ ਸਿੰਘ (ਲੰਗਰਾਂ ਵਾਲੇ) 9417214380
ਆਡੀਓ ਵੀਡੀਓ ਲਾਇਬ੍ਰੇਰੀ 9417214385
ਅਖੰਡਪਾਠ ਬੁਕਿੰਗ (ਜਥੇਦਾਰ ਬਾਬਾ ਮਾਨ ਸਿੰਘ) 9417214386
ਅਕਾਊਂਟੈਂਟ ਲੇਖਾਕਾਰ (ਭਾਈ ਹਰਜੀਤ ਸਿੰਘ) 9417214390
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਤਵਾੜਾ ਸਾਹਿਬ 0160-2255004

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ
## ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ

### ਬਾਰਹਮਾਹਾ ਮਾਝ ਮਹਲਾ ੫ ਘਰੁ ੪

### ਆਸਾੜੁ (ਹਾੜ) ਪੰਨਾ 134

*1. ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*

ਹਾੜ ਦਾ ਮਹੀਨਾ ਬੜਾ ਗਰਮ ਅਤੇ ਤਪਸ਼ ਭਰਿਆ ਹੁੰਦਾ ਹੈ ਪਰ ਇਸ ਮਹੀਨੇ ਦੀ ਤਪਸ਼ ਉਨ੍ਹਾਂ ਜੀਵਾਂ ਨੂੰ ਵਿਆਕੁਲ ਕਰਦੀ ਹੈ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਪਤੀ ਨਹੀਂ ਵਸਦਾ। ਜਿਨ੍ਹਾਂ ਮਨੁੱਖਾਂ ਨੇ ਜਗਤ ਦੇ ਸਹਾਰੇ ਪ੍ਰਮਾਤਮਾ ਦਾ ਆਸਰਾ ਛੱਡ ਕੇ ਨਿਰਬਲ ਬੰਦਿਆਂ ਨੂੰ ਸਹਾਰਾ ਬਣਾ ਲਿਆ ਹੈ, ਉਨ੍ਹਾਂ ਦੇ ਹਿਰਦੇ ਸਦਾ ਤਪਦੇ, ਕਲਪਦੇ ਰਹਿੰਦੇ ਹਨ।

*2. ਦੂਐ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*

ਪ੍ਰਭੂ ਤੋਂ ਬਿਨਾਂ ਕਿਸੇ ਹੋਰ ਆਸਰੇ ਜਾਂ ਸਹਾਰੇ ਰਹਿਣ ਨਾਲ ਸਦਾ ਵਿਗੋਚਾ ਹੀ ਹੁੰਦਾ ਹੈ, ਖੁਆਰੀ ਹੀ ਹੁੰਦੀ ਹੈ, ਉਸ ਨੂੰ ਸਦਾ ਸਹਿਮ ਬਣਿਆ ਰਹਿੰਦਾ ਹੈ ਅਤੇ ਅੰਤ ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ; ਅੰਦਰ ਵਸਦੇ ਪ੍ਰਮਾਤਮਾ ਦੀ ਪ੍ਰਤੀਤੀ ਨਾ ਹੋਣ ਕਾਰਨ ਉਹ ਦੁਨਿਆਵੀ ਸਹਾਰਿਆਂ ਵਿਚ ਉਲਝਿਆ ਰਹਿੰਦਾ ਹੈ ਤੇ ਅੰਤ ਜਮਾਂ ਦੇ ਵਸ ਪੈ ਜਾਂਦਾ ਹੈ। ਪ੍ਰਮਾਤਮਾ ਦਾ ਨਿਯਮ ਹੀ ਐਸਾ ਹੈ ਕਿ ਮਨੁੱਖ ਜੋ ਬੀਜਦਾ ਹੈ ਓਹੋ ਹੀ ਵਢਦਾ ਹੈ; ਜਿਹੋ ਜਿਹੇ ਕਰਮ ਮਨੁੱਖ ਕਰਦਾ ਹੈ, ਕੀਤੇ ਕਰਮਾਂ ਅਨੁਸਾਰ ਉਸ ਦੇ ਮੱਥੇ ਤੇ ਲੇਖ ਲਿਖੇ ਜਾਂਦੇ ਹਨ ਅਤੇ ਲਿਖੇ ਲੇਖਾਂ ਅਨੁਸਾਰ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ।

ਜਿਹੜੀ ਜੀਵ ਰੂਪੀ ਇਸਤ੍ਰੀ ਜਗਜੀਵਨ ਪੁਰਖ ਨੂੰ, ਪਤੀ ਪ੍ਰਮੇਸ਼ਰ ਨੂੰ ਵਿਸਾਰ ਦਿੰਦੀ ਹੈ, ਉਸ ਦੀ ਸਾਰੀ ਜ਼ਿੰਦਗੀ ਪਛਤਾਵਿਆਂ ਵਿਚ ਹੀ ਗੁਜ਼ਰ ਜਾਂਦੀ ਹੈ ਅਤੇ ਅੰਤ ਉਹ ਨਿਰਾਸ ਨਿਮੋਝੂਣ ਹੋ ਕੇ ਟੁੱਟੇ ਹੋਏ ਦਿਲ ਨਾਲ ਸੰਸਾਰ ਤੋਂ ਤੁਰ ਜਾਂਦੀ ਹੈ।

*3. ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*

ਜਿਨ੍ਹਾਂ ਭਾਗਸ਼ਾਲੀ ਮਨੁੱਖਾਂ ਨੂੰ ਗੁਰੂ ਮਿਲ ਜਾਂਦਾ ਹੈ, ਪਰਮ ਪੁਰਸ਼ ਸਾਧੂ ਜਨ, ਸੰਤ ਮਹਾਂਪੁਰਸ਼ਾਂ ਦੀ ਸੰਗਤ ਮਿਲ ਜਾਂਦੀ ਹੈ, ਉਹ ਪ੍ਰਮਾਤਮਾ ਦੀ ਹਜ਼ੂਰੀ ਵਿਚ ਸੁਰਖਰੂ ਹੋ ਕੇ ਜਾਂਦੇ ਹਨ ਉਨ੍ਹਾਂ ਦਾ ਜਨਮ ਮਰਨ ਕੱਟਿਆ ਜਾਂਦਾ ਹੈ।

*4. ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥*

ਹੇ ਪ੍ਰਭੂ! ਤੇਰੇ ਅੱਗੇ ਨਾਨਕ ਬੇਨਤੀ ਕਰਦਾ ਹੈ, ਆਪਣੀ ਮਿਹਰ ਕਰ। ਮੇਰੇ ਅੰਦਰ ਤੇਰੇ ਦਰਸ਼ਨਾਂ ਦੀ ਲੋਚਾ ਬਣੀ ਰਹੇ, ਤਾਂਘ ਬਣੀ ਰਹੇ ਕਿਉਂਕਿ ਹੇ ਪ੍ਰਭੂ! ਤੇਰੇ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ-ਸਹਾਰਾ ਨਹੀਂ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਜਿਸ ਨੂੰ ਕੇਵਲ ਪ੍ਰਮਾਤਮਾ ਦਾ ਹੀ ਸਹਾਰਾ-ਆਸਰਾ ਹੈ, ਉਸ ਨੂੰ ਤਪਦਾ ਹਾੜ ਭੀ ਸੁਹਾਵਣਾ ਲਗਦਾ ਹੈ, ਉਸ ਨੂੰ ਦੁਨੀਆਂ ਦੀ ਤਪਸ਼, ਦੁੱਖ ਕਲੇਸ਼, ਈਰਖਾ, ਦ੍ਵੈਤ ਦੁਖੀ ਨਹੀਂ ਕਰ ਸਕਦੇ।

### ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

### ਆਸਾੜੁ (ਹਾੜ) (ਪੰਨਾ 1108)

*1. ਆਸਾੜੁ ਭਲਾ ਸੂਰਜੁ ਗਗਨਿ ਤਪੈ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥*

ਜਦੋਂ ਹਾੜ ਦਾ ਮਹੀਨਾ ਭਰਪੂਰ ਜੋਬਨ ਵਿਚ ਹੁੰਦਾ ਹੈ, ਆਕਾਸ਼ ਵਿਚ ਸੂਰਜ ਤਪਦਾ ਹੈ। ਸੂਰਜ ਦੀ ਤਪਸ਼ ਕਾਰਨ ਧਰਤੀ ਦੀ ਨਮੀ ਸੁੱਕ ਜਾਂਦੀ ਹੈ, ਧਰਤੀ ਦੁੱਖ ਸਹਾਰਦੀ ਹੈ, ਧਰਤੀ ਦੇ ਜੀਵ-ਜੰਤ ਔਖੇ ਹੁੰਦੇ ਹਨ, ਧਰਤੀ ਅੱਗ ਵਾਂਗ ਭਖਦੀ ਹੈ।

*2. ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥*
*ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥*

ਤਪਦੇ ਸੂਰਜ ਦੀ ਅੱਗ ਪਾਣੀਆਂ ਨੂੰ ਸੁਕਾ ਦਿੰਦੀ ਹੈ, ਹਰੇਕ ਮਨੁੱਖੀ ਜਿੰਦ ਅਤਿ ਦੀ ਗਰਮੀ ਕਾਰਨ ਕ੍ਰਾਹ ਕ੍ਰਾਹ ਕੇ ਦੁੱਖੀ ਹੁੰਦੀ ਹੈ ਪਰ ਫਿਰ ਵੀ ਸੂਰਜ ਆਪਣਾ ਕਰਤੱਵ ਕਰੀ ਜਾਂਦਾ ਹੈ, ਆਪਣੀ ਕਿਰਤ ਨਹੀਂ ਛਡਦਾ। ਐਸੀ ਤਪਸ਼ ਵਿਚ ਜਦੋਂ ਸੂਰਜ ਦਾ ਰੱਥ ਚੱਕਰ ਲਾ ਰਿਹਾ ਹੁੰਦਾ ਹੈ ਤਾਂ ਜੀਵ ਕਿਤੇ ਛਾਂ ਲਭਦਾ ਹੈ, ਇਸਤ੍ਰੀ ਕੋਈ ਆਸਰਾ ਢੂੰਡਦੀ ਹੈ। ਬੀਂਡਾ ਵੀ ਬਾਹਰ ਜੂਹ ਵਿਚ ਰੁੱਖ ਦੀ ਛਾਂਵੇਂ ਟੀਂ-ਟੀਂ ਪਿਆ ਕਰਦਾ ਹੈ, ਹਰੇਕ ਪ੍ਰਾਣੀ ਤਪਸ਼ ਤੋਂ ਜਾਨ ਲੁਕਾਂਦਾ ਫਿਰਦਾ ਹੈ।

*3. ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥*
*ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥*

(ਬਾਕੀ ਪੰਨਾ 11 ਤੇ)

# ਸੰਪਾਦਕੀ

ਜੂਨ ਮਹੀਨਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਅਤੇ ਆਤਮ ਮਾਰਗ ਸਾਇੰਟੇਫਿਕ ਸਪਿਰਚੁਅਲ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਦਾ 17 ਜੂਨ 1918 ਪਿੰਡ ਧਮੋਟ ਤਹਿਸੀਲ ਪਾਇਲ ਜਿਲ੍ਹਾ ਲੁਧਿਆਣਾ (ਪੰਜਾਬ) ਸਰੀਰ ਧਾਰਨ ਕਾਰਨ ਖੁਸ਼ੀਆਂ ਭਰਿਆ ਹੈ। ਗੁਰੂ ਪੀਰ ਮਹਾਂਪੁਰਸ਼ ਸਰੀਰ ਨਹੀਂ ਹੋਇਆ ਕਰਦੇ ਹਨ। ਸਰੀਰ ਧਾਰਨ ਦਾ ਕਾਰਨ ਸਾਕਾਰ ਮਾਇਆ ਮੰਡਲ ਦੇ ਵਿੱਚ ਗਰਸੇ ਸਰੀਰਾਂ ਨੂੰ ਜੀਵਨ ਦਾਨ ਦੇਣ ਵਾਸਤੇ ਹੋਇਆ ਕਰਦਾ ਹੈ। ਇਸੇ ਲਈ 17 ਜੂਨ ਦੇ ਦਿਨ ਨੂੰ ਮਹਾਂਪੁਰਸ਼ਾਂ ਦੇ ਪਿਆਰ ਵਾਲੀਆਂ ਸੰਗਤਾਂ ਦੇਸ਼ਾਂ ਵਿਦੇਸ਼ਾਂ ਤੋਂ ਆ ਕੇ ਰਤਵਾੜਾ ਸਾਹਿਬ ਦੀ ਪਾਵਨ ਭੂਮੀ ਉਪਰ ਨਤਮਸਤਕ ਹੋ ਕੇ ਆਪਣੇ ਜੀਵਨ ਨੂੰ ਖੁਸ਼ੀ ਖੇੜੇ ਅਨੰਦ ਦਾਇਕ ਭਰਪੂਰ ਬਣਾਉਂਦੀਆਂ ਹਨ। ਜਿਥੇ ਵੀ ਕੋਈ ਜਗਿਆਸੂ ਦੇਸ਼ ਵਿਦੇਸ਼ ਦੇ ਅੰਦਰ ਰੂਹਾਨੀ ਪੰਧ ਦਾ ਸਫਰ ਮਹਾਂਪੁਰਸ਼ਾਂ ਤੋਂ ਜੀਵਨ ਦਾਨ ਲੈ ਕੇ ਤੈਅ ਕਰਦਾ ਹੈ, ਉਹ ਇਸ ਦਿਨ ਨੂੰ ਆਪਣੇ ਢੰਗ ਨਾਲ ਮਨਾ ਕੇ ਹੋਰਨਾਂ ਨੂੰ ਆਤਮ ਮਾਰਗ ਮੈਗਜ਼ੀਨ ਦੇ ਮੈਂਬਰ ਬਣਾ ਕੇ ਰੂਹਾਨੀ ਹਮ-ਸਫਰ ਦੇ ਸਾਥੀ ਬਣਾਉਣ ਦੀ ਮਹਾਨ ਸੇਵਾ ਨਿਭਾਉਂਦਾ ਹੈ।

ਸਤ ਪੁਰਸ਼ਾਂ ਨੇ ਆਪਣੇ ਸਰੀਰਕ ਜੀਵਨ ਸਫਰ ਅੰਦਰ ਜਿੰਦਗੀ ਦੇ ਹਰ ਖੇਤਰ ਵਿੱਚ ਨਵੀਆਂ ਪੈੜਾਂ ਸਥਾਪਿਤ ਕੀਤੀਆਂ ਹਨ। ਆਪ ਜੀ ਨੇ ਆਪਣੀਆਂ ਸੰਸਾਰਕ ਜਿੰਮੇਵਾਰੀਆਂ ਬਹੁਤ ਹੀ ਨਿਰਾਲੇ ਢੰਗ ਨਾਲ ਸਫਲਤਾ ਪੂਰਵਕ ਨਿਭਾਈਆਂ ਹਨ ਜੋ ਕਿ ਆਪਣੀ ਮਿਸਾਲ ਆਪ ਹਨ। ਆਪ ਦਾ ਜੀਵਨ ਇੱਕ ਖੁਲ੍ਹੀ ਕਿਤਾਬ ਵਾਗੂੰ ਸੀ। ਸੱਚਖੰਡਵਾਸੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਸੰਗਤ ਨੇ ਆਪ ਨੂੰ ਆਪਣੇ ਵਰਗਾ ਹੀ ਬਣਾ ਲਿਆ ਸੀ। ਆਪਣੇ ਪਿਆਰੇ ਦੇ ਆਦੇਸ਼ ਮੁਤਾਬਿਕ ਫੌਜ ਅਤੇ ਸਿਵਲ ਪ੍ਰਸ਼ਾਸ਼ਨ ਵਿੱਚ ਆਪਣੀਆਂ ਸੇਵਾਵਾਂ ਅਰਪਿਤ ਕਰਦਿਆਂ ਹੋਇਆਂ ਦੂਜਿਆਂ ਵਾਸਤੇ ਵੀ ਆਪ ਪ੍ਰੇਰਨਾਂ ਸਰੋਤ ਹੋ ਕੇ ਪ੍ਰਵਾਨ ਹੋਏ ਹਨ। ਸਿੰਧ ਪਾਕਿਸਤਾਨ ਵਿੱਚ ਰੂਹਾਨੀ ਲਹਿਰ ਚਲਾ ਕੇ ਭੁਲੀ ਭਟਕੀ ਲੋਕਾਈ ਨੂੰ ਨਸ਼ਿਆਂ ਤੋਂ ਹਟਾ ਕੇ ਜੀਵਨ ਦਾਨ ਬਖਸ਼ਿਸ਼ ਕਰਨਾਂ ਆਪ ਜੀ ਦੇ ਹੀ ਹਿਸੇ ਆਇਆ ਹੈ। ਇਸੇ ਤਰ੍ਹਾਂ ਯੂ.ਪੀ. ਤਰਾਈ ਇਲਾਕੇ ਵਿੱਚ ਖੇਤੀਬਾੜੀ ਫਾਰਮ ਉਜਾੜ ਜੰਗਲ ਬੀਆਬਾਨ ਵਿੱਚ ਅਬਾਦ ਕਰਦੇ ਹੋਏ ਬਹੁਤ ਹੀ ਮੁਸ਼ਕਲਾਂ ਵਿੱਚ ਰੂਹਾਨੀ ਪ੍ਰਚਾਰ ਕਰਨ ਦਾ ਕਠਨ ਕੰਮ ਨਾਲੋ ਨਾਲ ਅਰੰਭੀ ਰੱਖਣਾ ਆਪ ਜੀ ਦੀ ਨਵੇਕਲੀ ਮਿਸਾਲ ਹੈ। ਉਸ ਸਮੇਂ ਤਰਾਈ ਦਾ ਜੰਗਲੀ ਇਲਾਕਾ ਸ਼ਰਾਬੀਆਂ, ਮਾਲ ਡੰਗਰ ਚੋਰੀ ਕਰਨ ਵਾਲਿਆਂ ਲਈ ਵਰਦਾਨ ਸੀ। ਜੰਗਲ ਨੂੰ ਅਬਾਦ ਕਰਦੇ ਹੋਏ, ਦੇਸੀ ਸ਼ਰਾਬ ਦੇ ਚਲ ਰਹੇ ਦੌਰ ਅੰਦਰ ਰੂਹਾਨੀ ਸੇਧ ਪ੍ਰਦਾਨ ਕਰਨੀ ਆਪ ਜੀ ਦੀ ਕਰਨੀ ਕਮਾਈ ਦੀ ਕਮਾਲ ਹੈ। ਹੁਣ ਮੌਜੂਦਾ ਸਮੇਂ ਅੰਦਰ ਯੂ.ਪੀ. ਤਰਾਈ ਦੇ ਇਲਾਕੇ ਦੇ ਕਾਰ ਸੇਵਕ ਜਗ੍ਹਾ ਜਗ੍ਹਾ ਉਪਰ ਜਾ ਕੇ ਮਹਾਨ ਸੇਵਾ ਸਿਮਰਨ ਕਰਦੇ ਹਨ, ਇਸ ਦੀ ਜੀਵਨ ਜਾਚ ਵੀ ਆਪ ਜੀ ਵੱਲੋਂ ਹੀ ਸਿਖਾਈ ਗਈ ਸੀ।

1978 ਤੋਂ ਬਹੁਤ ਹੀ ਪੱਛੜੇ ਇਲਾਕਿਆਂ ਵਿੱਚ ਆਪਣੀ ਨਿਜ ਕਿਰਤ ਕਮਾਈ ਵਿੱਚੋਂ ਹੀ ਖਰਚ ਕਰਕੇ ਰੂਹਾਨੀ ਪ੍ਰਚਾਰ ਅਰੰਭਣਾ ਆਪ ਜੀ ਦਾ ਬਹੁਤ ਹੀ ਦਲੇਰੀ ਭਰਿਆ ਕਦਮ ਸੀ। ਉਨ੍ਹਾਂ ਇਲਾਕਿਆਂ ਵਿੱਚ ਜਿਥੇ ਤਮਾਕੂੰ ਦੀ ਫਸਲ ਆਮ ਹੀ ਹੁੰਦੀ ਸੀ ਨਸ਼ਿਆਂ ਦਾ ਸੇਵਨ ਬਹੁਤ ਜੋਰਾਂ ਉਪਰ ਚਲ ਰਿਹਾ ਸੀ, ਉਸ ਸਮੇਂ ਰੂਹਾਨੀ ਵਹੀਰ ਚਲਾ ਕੇ ਇੰਨਕਲਾਬ ਲਿਆਉਣ ਦੀ ਮਿਸਾਲ ਸਾਡੇ ਸਾਰਿਆਂ ਸਾਹਮਣੇ ਹੈ। ਅਨੇਕਾਂ ਹੀ ਪਰਾਣੀਆਂ ਨੂੰ ਅੰਮ੍ਰਿਤ ਛਕਾਉਣ ਤੱਕ ਹੀ ਸੀਮਤ ਨਹੀਂ ਰਹੇ ਨਾਲ ਸੇਵਾ ਸਿਮਰਨ ਦੀ ਜਾਚ ਸਿਖਾ ਕੇ ਰੂਹਾਨੀ ਮੰਜਲਾਂ ਤਹਿ ਕਰਵਾਉਣੀਆਂ ਆਪ ਜੀ ਦਾ ਮਹਾਨ ਕਾਰਜ ਹੈ। ਆਮ ਤੌਰ ਉਪਰ ਸਾਨੂੰ ਸੁਣਨ ਪੜ੍ਹਨ ਵਿੱਚ ਆਉਂਦਾ ਹੈ ਕਿ ਸੇਵਾ ਸਿਮਰਨ ਜਰੂਰੀ ਹੈ। ਪਰ ਇਹ ਕਿਵੇਂ ਸਿਮਰਨ ਕਰਨਾ ਹੈ, ਕਿਸ ਤਰ੍ਹਾਂ ਸੇਵਾ ਕਰਨੀ ਹੈ, ਇਸ ਦੇ ਮਾਰਗ ਦਰਸ਼ਨ ਵਾਸਤੇ ਸੇਵਾ ਸਿਮਰਨ ਦਾ ਕੁੰਭ ਮਹਾਨ ਪ੍ਰਾਚੀਨ ਤੀਰਥ ਗੁ. ਰਤਵਾੜਾ ਸਾਹਿਬ ਦੀ ਪਾਵਨ ਧਰਤੀ ਉਪਰ ਆਪ ਨੇ 1986 ਜੂਨ ਮਹੀਨੇ ਦੇ ਅੰਦਰ ਹੀ ਅਰੰਭਿਆ ਸੀ। ਜਿਥੇ ਹੁਣ ਵੀ ਮੌਜੂਦਾ ਸਮੇਂ ਦੇ ਅੰਦਰ ਕੁਦਰਤੀ ਵਾਤਾਵਰਣ ਅੰਦਰ ਨਿਰੰਤਰ ਗੁਰਬਾਣੀ ਦੇ ਅਖੰਡਪਾਠ ਸਤਿਸੰਗ ਕੀਰਤਨ ਦੇ ਨਾਲ ਸਰੋਵਰ, ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਦੀ ਕਾਰਸੇਵਾ ਨਿਰੰਤਰ ਚਲ ਰਹੀ ਹੈ। ਆਪ ਜੀ ਦੀ ਬਹੁਪੱਖੀ ਸਖਸ਼ੀਅਤ ਸਾਡੇ ਸਾਰਿਆਂ ਵਾਸਤੇ ਹੀ ਪ੍ਰੇਰਨਾਂ ਦਾ ਸਰੋਤ ਹੈ। ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਨਾਲ ਸਬੰਧਤ ਸਾਰੇ ਹੀ ਆਸ਼ਰਮਾਂ ਅੰਦਰ ਆਪ ਨੇ ਵਿਦਿਆ ਮੰਦਰ ਕਾਇਮ ਕੀਤੇ ਸਨ। ਜਿਨ੍ਹਾਂ ਅੰਦਰ ਦੁਨਿਆਵੀ ਵਿਦਿਆ ਦੇ ਨਾਲ ਰੂਹਾਨੀ ਜੀਵਨ ਜਾਚ ਸਿਖਾ ਕੇ ਸੰਪੂਰਨ ਮਨੁੱਖ ਬਣਾਉਣ ਦੀ ਸੇਵਾ ਹੋ ਰਹੀ ਹੈ।

'ਸਾਧ ਬਚਨ ਅਟਲਾਧਾ' ਅਨੁਸਾਰ ਸਮੇਂ-ਸਮੇਂ ਆਪ ਦੇ ਬਚਨ ਰੰਗ ਲਿਆ ਰਹੇ ਹਨ। ਅਨੇਕਾਂ ਹੀ ਮੁਸ਼ਕਲਾਂ ਅੰਦਰ ਨਵੇਂ ਨਵੇਂ Job Oriantal Courses ਰਤਵਾੜਾ

ਸਾਹਿਬ ਵਿਖੇ ਸ਼ੁਰੂ ਹੋ ਰਹੇ ਹਨ। ਆਉਣ ਵਾਲੇ ਸਮੇਂ ਦੇ ਅੰਦਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਰੂਹਾਨੀ ਵਾਤਾਵਰਣ ਅੰਦਰ ਯੂਨੀਵਰਸਿਟੀ ਸਥਾਪਿਤ ਹੋਣ ਜਾ ਰਹੀ ਹੈ।

ਵਿਸਾਖੀ 1995 ਨੂੰ ਮਹਾਂਪੁਰਸ਼ਾਂ ਨੇ ਆਪਣੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ ਤੋਂ ਆਤਮ ਮਾਰਗ ਮੈਗਜ਼ੀਨ ਰਿਲੀਜ਼ ਕਰਵਾਉਣ ਦੀ ਮਹਾਨ ਇਤਿਹਾਸਿਕ ਘਟਨਾਂ ਹੈ। ਸਰਬ ਸਾਂਝੇ ਗੁਰਬਾਣੀ ਦੇ ਉਪਦੇਸ਼ ਨੂੰ ਸੰਸਾਰ ਦੇ ਵਿੱਚ ਪ੍ਰਚਾਰਨ ਦਾ ਇਹ ਇੱਕ ਬਹੁਤ ਵੱਡਾ ਉਪਰਾਲਾ ਹੈ। ਇਸ ਰੂਹਾਨੀ ਪਤ੍ਰਿਕਾ ਦੀ ਇਹ ਵਿਲੱਖਣਤਾ ਕਾਇਮ ਰੱਖੀ ਜਾ ਰਹੀ ਹੈ ਕਿ ਕੇਵਲ ਇਸ ਨੂੰ ਅਦਵੈਤ ਗੁਰਬਾਣੀ ਸਿਧਾਂਤ ਉਪਰ ਚਲਾਇਆ ਜਾ ਸਕੇ। ਆਮ ਤੌਰ ਉਪਰ ਲਾਇਫ ਮੈਂਬਰਾਂ ਨੂੰ ਵੱਧ ਤੋਂ ਵੱਧ 10 ਸਾਲ ਤੱਕ ਹੀ ਮੈਗਜ਼ੀਨ ਪਹੁੰਚਾਇਆ ਜਾਂਦਾ ਹੈ। ਪਰੰਤੂ ਆਤਮ ਮਾਰਗ ਪਿਛਲੇ 12 ਸਾਲਾਂ ਤੋਂ ਨਿਰੰਤਰ ਲਾਇਫ ਮੈਂਬਰਾਂ ਤੱਕ ਬਿਨ੍ਹਾਂ ਕਿਸੇ ਵੀ ਹੋਰ ਪੈਸੇ ਦੀ ਮੰਗ ਤੋਂ ਪਹੁੰਚ ਰਿਹਾ ਹੈ। ਮਹਾਂਪੁਰਸ਼ਾਂ ਦੀ ਅਤੇ ਬੀਜੀ ਦੀ ਅਸ਼ੀਰਵਾਦ ਨਾਲ ਗੁਰ-ਸ਼ਬਦ ਲੰਗਰ ਨਿਰੰਤਰ ਲਗਾਤਾਰ ਚਲਦਾ ਹੀ ਰਹਿਣਾ ਹੈ। ਮਹਾਂਪੁਰਸ਼ਾਂ ਦੇ ਸਰੀਰ ਕਾਲ ਵਿੱਚ ਜਦੋਂ ਉਨ੍ਹਾਂ ਦਾ ਜਨਮ ਦਿਹਾੜਾ ਸੰਗਤਾਂ ਖੁਸ਼ੀਆਂ, ਚਾਵਾਂ, ਮਲ੍ਹਾਰਾਂ ਨਾਲ ਮਨਾਉਂਦੀਆਂ ਸਨ ਤਾਂ ਵੀ ਉਨ੍ਹਾਂ ਦਾ ਇਹ ਆਦੇਸ਼ ਹੁੰਦਾ ਸੀ ਕਿ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਹਿੱਤ ਹੋਰ ਪੰਜ-ਪੰਜ ਦੱਸ-ਦੱਸ ਮੈਂਬਰ ਬਣਾਏ ਜਾਣ। ਇਸ ਦਿਨ ਉਪਰ ਰਤਵਾੜਾ ਸਾਹਿਬ ਦੀ ਪਾਵਨ ਭੂਮੀ ਉਪੱਰ ਸੰਗਤਾਂ ਹੋਰ ਮੈਂਬਰ ਬਣਾਉਣ ਦਾ ਸੰਕਲਪ ਕਰਦੀਆਂ ਹਨ। ਗੁਰਬਾਣੀ ਦਾ ਚਾਨਣ ਸਾਰੇ ਮਜ਼੍ਹਬਾਂ ਤੱਕ ਪਹੁੰਚਾਉਣ ਹਿੱਤ ਹਿੰਦੀ ਅੰਗਰੇਜ਼ੀ ਵਿੱਚ ਵੀ ਮਾਸਿਕ ਪਤ੍ਰਿਕਾ ਦੀ ਸ਼ੁਰੂਆਤ ਕਰਨੀ ਮਹਾਂਪੁਰਸ਼ਾਂ ਦੀ ਅਮੋਲਕ ਦੇਣ ਹੈ। ਮਹਾਂਪੁਰਸ਼ਾਂ ਦੇ ਸਰੀਰਕ ਜਨਮ ਅਸਥਾਨ ਪਿੰਡ ਧਮੋਟ ਨੂੰ ਹਸਪਤਾਲ ਸਕੂਲ ਅਦਿਕ ਦੀ ਦੇਣ ਬਹੁਤ ਹੀ ਅਮੋਲਕ ਭੇਂਟ ਹੈ। ਪ੍ਰਉਪਕਾਰੀ ਮਹਾਂਪੁਰਸ਼ਾਂ ਦੇ ਪ੍ਰਉਪਕਾਰ ਲਿਖਤ ਵਿੱਚ ਲਿਆਉਣੇ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ। ਅਨੇਕਾਂ ਹੀ ਪਰਾਣੀਆਂ ਉਪਰ ਬਖਸ਼ਿਸ਼ਾਂ ਦੀ ਗਿਣਤੀ ਦਾ ਅਨੁਮਾਨ ਲਾਉਣਾ ਬਹੁਤ ਮੁਸ਼ਕਿਲ ਕੰਮ ਹੈ। ਮਹਾਂਪੁਰਸ਼ਾਂ ਰਾਹੀਂ ਭੁਲੀਆਂ ਭਟਕੀਆਂ ਰੂਹਾਂ ਦਾ ਭਲਾ ਹੋਣਾ ਕਿਸੇ ਗਿਣਤੀ ਮਿਣਤੀ ਵਿੱਚ ਨਹੀਂ ਆ ਸਕਦਾ ਹੈ। ਸਤਿਪੁਰਸ਼ਾਂ ਦੇ ਜਨਮ ਦਿਹਾੜੇ ਉਪਰ ਅਨੇਕਾਂ ਹੀ ਲਾਵਾਰਿਸ ਬੱਚਿਆਂ ਨੂੰ ਟਰਸਟ ਵੱਲੋਂ ਅਪਣਾਉਣ ਉਪਰੰਤ ਪੂਰੀ ਤਰ੍ਹਾਂ ਨਾਲ ਪੜ੍ਹਾ ਲਿਖਾ ਕੇ ਪੂਰਨ ਮਨੁੱਖ ਬਣਾਉਣ ਦਾ ਮਹਾਨ ਉਪਰਾਲਾ ਵੀ ਅਰੰਭਿਆ ਜਾ ਰਿਹਾ ਹੈ।

ਇਸ ਮੈਗਜ਼ੀਨ ਅੰਦਰ ਮਹਾਂਪੁਰਸ਼ਾਂ ਦੀ ਗੁਰਬਾਣੀ ਸਿਧਾਂਤ ਅਨੁਸਾਰ ਮਹਾਨ ਰਚਨਾਂ ਵਿਸਾਖੀ ਸਿਰਲੇਖ ਹੇਠ ਲੇਖ ਅਪ੍ਰੈਲ ਤੋਂ ਹੀ ਲੜੀਵਾਰ ਛਪਦਾ ਆ ਰਿਹਾ ਹੈ। ਇਸ ਵਾਰ ਵੀ ਬਹੁਤ ਹੀ ਖੋਜ ਭਰਪੂਰ ਮਹਾਂਪੁਰਸ਼ਾਂ ਦਾ ਅਨੁਭਵ ਵਿਸਾਖੀ ਲੇਖ ਵਿੱਚ ਪ੍ਰਕਾਸ਼ਿਤ ਹੋ ਰਿਹਾ ਹੈ।

ਸ਼ਹੀਦਾਂ ਦੇ ਸਿਰਤਾਜ਼ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਮਹਾਨ ਸ਼ਹਾਦਤ ਸ਼ਹੀਦੀ ਦਿਨ ਜੂਨ ਮਹੀਨੇ ਵਿੱਚ ਆ ਰਿਹਾ ਹੈ। ਇਸ ਸਬੰਧ ਅੰਦਰ ਮਹਾਨ ਲੇਖ ਸਾਡੇ ਅੰਦਰ ਵੀ ਹਲੂਣਾ ਪੈਦਾ ਕਰਨ ਦਾ ਕੰਮ ਕਰੇਗਾ। ਸਤਿ ਪੁਰਸ਼ਾਂ ਵੱਲੋਂ ਦਲੀਲ ਸਹਿਤ ਭਾਣੇ ਨੂੰ ਮੰਨਣ ਦਾ ਗੁਰੂ ਮਹਾਰਾਜ ਜੀ ਦਾ ਮਹਾਨ ਉਪਦੇਸ਼ ਇਸ ਲੇਖ ਰਾਹੀਂ ਦ੍ਰਿੜ ਕਰਵਾਇਆ ਜਾ ਰਿਹਾ ਹੈ।

'ਚਾਉਥੇ ਪਹਿਰ ਸਬਾਹ ਕੇ' ਸਿਰਲੇਖ ਹੇਠ ਮਹਾਨ ਅਨੁਭਵੀ ਪ੍ਰਵਚਨ ਮਹਾਂਪੁਰਖਾਂ ਦੇ ਮੁਖਾਰਬਿੰਦ ਤੋਂ ਉਚਾਰਨ ਹੋਏ ਮੌਖਿਕ ਬਚਨਾਂ ਨੂੰ ਅਖਰੀ ਜਾਮਾਂ ਆਤਮ ਮਾਰਗ ਦੀ ਸੋਭਾ ਸੋਹਰਤ ਵਿੱਚ ਨਿਰੰਤਰ ਵਾਧਾ ਕਰਦਾ ਆ ਰਿਹਾ ਹੈ। ਅੰਮ੍ਰਿਤਵੇਲੇ ਇਕਾਂਤ ਸਮੇਂ ਜਦੋਂ ਸੰਗਤਾਂ ਆਸਾ ਜੀ ਦੀ ਵਾਰ ਦਾ ਕੀਰਤਨ ਕਰਕੇ ਕੀਰਤਨ ਭਗਤੀ ਵਿੱਚ ਪੂਰਨ ਤੌਰ ਉਪਰ ਜੁੜਨ ਤੋਂ ਬਾਅਦ ਅਰਦਾਸ ਵਿੱਚ ਜੁੜਦੀਆਂ ਸਨ, ਤਾਂ ਉਸ ਉਪਰੰਤ ਗੁਰੂ ਪਾਤਸ਼ਾਹ ਜੀ ਦੇ ਹੁਕਮਨਾਮੇ ਉਪਰ ਅਧਾਰਿਤ ਇਸ ਸਿਰਲੇਖ ਹੇਠ ਅੰਕਿਤ ਪ੍ਰਵਚਨ ਹੋਰ ਕਿਤੇ ਵੀ ਪੜ੍ਹਨ ਸੁਣਨ ਵਿੱਚ ਨਹੀਂ ਆ ਸਕਦੇ ਹਨ। ਇਸ ਲਈ ਇਨ੍ਹਾਂ ਬਚਨਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਅਸੀਂ ਆਪਣਾ ਲੋਕ ਪ੍ਰਲੋਕ ਸੰਵਾਰ ਸਕਦੇ ਹਾਂ।

ਰਸਿਕ ਬੈਰਾਗੀ ਸੰਤ ਬਿਮਲਾ ਸਿੰਘ ਜੀ ਦਾ ਗੁਰਬਾਣੀ ਉਪਰ ਅਧਾਰਿਤ ਮਹਾਨ ਜੀਵਨ ਸਾਡੇ ਜੀਵਨ ਨੂੰ ਵੀ ਹਲੂਣਾ ਦੇਣ ਵਾਲਾ ਹੈ।

'ਕਰਮ ਬੰਧਨ ਤੋਂ ਮੁਕਤੀ' ਡਾ. ਸਵਾਮੀ ਰਾਮ ਜੀ ਮਹਾਰਾਜ ਦਾ ਮਹਾਨ ਲੇਖ ਗੀਤਾ ਦੀ ਕਰਮ ਫਿਲੌਸਫੀ ਨੂੰ ਬਹੁਤ ਹੀ ਸਰਲ ਭਾਸ਼ਾ ਵਿੱਚ ਦਰਸਾਉਣ ਵਾਲਾ ਲੇਖ ਹੈ। ਸਮੁੱਚੀ ਅਰੋਗਤਾ ਲਈ ਪਥ ਪ੍ਰਦਰਸ਼ਕ ਸਵਾਮੀ ਜੀ ਦੀ ਮਹਾਨ ਰਚਨਾਂ ਨੂੰ ਵੀ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਉਪਰ ਸ਼ੁਰੂਆਤ ਕੀਤਾ ਜਾ ਰਿਹਾ ਹੈ। ਅਖੀਰ ਵਿੱਚ ਸਾਰਿਆਂ ਨੂੰ ਨਿਮਰਤਾ ਸਹਿਤ ਬੇਨਤੀ ਜੋਦੜੀ ਹੈ ਕਿ ਆਪਣੇ ਪਿਆਰੇ ਦੇ ਸਰੀਰਕ ਧਾਰਨ ਦਿਵਸ ਉਪੱਰ ਉਨ੍ਹਾਂ ਦੇ ਆਦੇਸ਼ ਮੁਤਾਬਿਕ ਆਤਮ ਮਾਰਗ ਨੂੰ ਘਰ ਘਰ ਪਹੁੰਚਾਉਣ ਦਾ ਉਪਰਾਲਾ ਕਰਨ ਦਾ ਯਤਨ ਜਰੂਰ ਹੀ ਕਰਨਾ ਚਾਹੀਦਾ ਹੈ।

* * * * * * *

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸਾਧ ਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

ਅੰਮ੍ਰਿਤ ਵੇਲੇ ਤੋਂ ਆਪ ਹਰੀ ਜਸ ਸਰਵਣ ਕਰ ਰਹੇ ਹੋ। ਉਪਰੰਤ ਗੁਰੂ ਮਹਾਰਾਜ ਜੀ ਦਾ ਅੱਜ ਜੋ ਸਾਨੂੰ ਹੁਕਮ ਆਇਆ ਹੈ ਉਹ ਆਪ ਸਭ ਨੇ ਸ੍ਵਣ ਕੀਤਾ ਹੈ ਜਿਸ ਵਚ ਮਹਾਰਾਜ ਜੀ ਫੁਰਮਾਨ ਕਰਦੇ ਨੇ –

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ॥ ਅੰਗ – ੬੮੨***

ਔਖੀ ਘੜੀ ਨਾ ਦੇਖਣ ਦੇਣਾ ਵਾਹਿਗੁਰੂ ਜੀ ਦਾ ਬਿਰਦ ਹੈ ਉਨ੍ਹਾਂ ਵਾਸਤੇ ਜਿਹੜੇ ਉਸ ਦੇ ਜਨ ਬਣ ਗਏ ਨੇ। ਇਸ ਦੇ ਉਤੇ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਬਹੁਤ ਸਾਰੇ ਸਵਾਲ ਸਾਮ੍ਹਣੇ ਆ ਜਾਂਦੇ ਨੇ। ਇਹ ਜੋ ਮਹਾਰਾਜ ਜੀ ਦਾ ਹੁਕਮਨਾਮਾ ਹੈ – 'ਅਉਖੀ ਘੜੀ ਨ ਦੇਖਣ' ਦੇਣ ਦਾ ਕਿਸ ਤਰ੍ਹਾਂ ਦੇ ਨਾਲ ਸਾਡੇ ਉਤੇ ਲਾਗੂ ਹੁੰਦਾ ਹੈ ਜੋ ਅੱਖਰ ਵਰਤਿਆ ਅਗਲੀ ਤੁਕ ਦੇ ਅੰਦਰ, ਆਪ ਨੇ ਫੁਰਮਾਇਆ ਹੈ ਕਿ ਜੋ ਉਸ ਦਾ ਜਨ ਹੈ ਉਸ ਨੂੰ ਉਹ ਹੱਥ ਦੇ ਕੇ ਰੱਖਦਾ ਹੈ ਤੇ ਹਰ ਸ੍ਵਾਸ ਉਸ ਦੀ ਪ੍ਰਤਿਪਾਲਣਾ ਕਰਦਾ ਹੈ। ਵਾਹਿਗੁਰੂ ਜੀ ਨਿਰਾ ਪਿਆਰ ਨੇ। ਪਿਆਰ ਦੇ ਨਾਲ ਸੰਸਾਰ ਦੇ ਵਿਚ ਬਸੇ ਹੋਏ ਨੇ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।***
***ਜਾਪੁ ਸਾਹਿਬ***

ਪਿਆਰ ਦਾ ਰੂਪ ਧਾਰ ਕੇ ਸਾਰੇ ਸੰਸਾਰ ਦੇ ਵਿਚ ਆਪ ਦਾ ਵਜੂਦ ਕਾਇਮ ਹੈ ਯਾਨਿ ਵਾਹਿਗੁਰੂ ਜੀ ਹੈ ਹੀ ਪਿਆਰ। ਉਨ੍ਹਾਂ ਨਾਲ ਜਿਹੜਾ ਪਿਆਰ ਕਰਦਾ ਹੈ, ਜਿਹੜਾ ਉਨ੍ਹਾਂ ਨੂੰ ਹਰ ਵਕਤ ਆਪਣੇ ਧਿਆਨ ਵਿਚ ਰੱਖਦਾ ਹੈ ਉਸ ਦੇ ਹੁਕਮ ਵਿਚ ਚਲਦਾ ਹੈ। ਉਸ ਨੂੰ ਆਪਣੇ ਅਨੁਭਵ ਵਿਚ ਲਿਆ ਕੇ ਹਰ ਥਾਂ ਦੇ ਉਤੇ ਦੇਖਦਾ ਹੈ ਤੇ ਮੈਂ ਜਿਸ ਦੇ ਅੰਦਰੋਂ ਖਤਮ ਹੋ ਜਾਂਦੀ ਹੈ ਉਹ ਵਾਹਿਗੁਰੂ ਦੇ ਦਰ ਤੇ ਪਰਵਾਣ ਹੋ ਜਾਂਦਾ ਹੈ ਤੇ ਉਹ ਉਸ ਦਾ ਜਨ ਹੋਇਆ ਕਰਦਾ ਹੈ, ਉਹ ਉਸ ਦਾ ਹੀ ਹੋ ਜਾਂਦਾ ਹੈ ਤੇ ਉਸ ਦਾ ਉਸਨੂੰ 'ਅਉਖੀ ਘੜੀ ਨ ਦੇਖਣ' ਦੇਣਾ ਬਿਰਦ ਹੈ। ਉਂਜ ਤਾਂ ਵਾਹਿਗੁਰੂ ਜੀ ਦਾ ਵੈਸੇ ਹੀ ਸੁਭਾਅ ਹੈ ਕਿ ਕੋਈ ਵੀ ਬੰਦਾ ਉਨ੍ਹਾਂ ਤੋਂ ਮਦਦ ਮੰਗੇ, ਉਨ੍ਹਾਂ ਦਾ ਆਸਰਾ ਤੱਕੇ, ਉਨ੍ਹਾਂ ਦੀ ਸ਼ਰਨ ਵਿਚ ਆ ਜਾਵੇ ਤਾਂ ਉਨ੍ਹਾਂ ਨੇ ਉਸ ਦੀ ਰਾਖੀ ਕਰਨੀ ਹੀ ਕਰਨੀ ਹੈ, ਔਖੀ ਘੜੀ ਦੂਰ ਕਰਨੀ ਹੈ ਪਰ ਇਹ ਬੜੀਆਂ ਔਖੀਆਂ ਗੱਲਾਂ ਨੇ ਸ਼ਰਨ ਵਿਚ ਕਿਸ ਤਰ੍ਹਾਂ ਆਉਂਦਾ ਹੈ। ਕਦੋਂ ਆਦਮੀ ਸ਼ਰਨ ਵਿਚ ਆਉਂਦਾ ਹੈ ਕਿਉਂਕਿ ਆਦਮੀ ਦੇ ਅੰਦਰ ਬੁੱਧੀ ਹੈ, ਬਲ ਹੈ, ਗਿਆਨ ਹੈ, ਇਸ ਤੋਂ ਬਿਨਾਂ ਇਸ ਦੇ ਕੋਲ ਬੜੀਆਂ ਦਲੀਲਾਂ ਨੇ, ਬੜੀਆਂ ਮੰਤਕਾਂ ਨੇ, ਬੜੀਆਂ ਚਲਾਕੀਆਂ ਨੇ, ਬੜੇ ਆਸਰੇ ਨੇ ਉਹ ਆਸਰੇ ਤਕਦਾ ਰਹਿੰਦਾ ਹੈ। ਜੋ ਵਾਹਿਗੁਰੂ ਜੀ ਦਾ ਜਨ ਹੈ ਉਹ ਉਨ੍ਹਾਂ ਦੇ ਉਤੇ ਹੀ ਹਰ ਵਕਤ ਅਧਾਰਿਤ ਰਹਿੰਦਾ ਹੈ। ਜੀਅ ਤੋਂ ਉਨ੍ਹਾਂ ਦੇ ਨਾਲ ਰਹਿੰਦਾ ਹੈ, ਆਪਣੇ ਆਪ ਨੂੰ ਕੁਝ ਕਰਕੇ ਨਹੀਂ ਜਣਾਉਂਦਾ, ਹੁਕਮ ਦੇ ਵਿਚ ਚਲਦਾ ਹੈ, ਹੁਕਮ ਦੇ ਵਿਚ ਰਹਿੰਦਾ ਹੋਇਆ ਕਦੇ ਵੀ ਸ਼ਿਕਵਾ ਨਹੀਂ ਕਰਦਾ ਜੇ ਸੁਖ ਆਉਂਦਾ ਹੈ ਤਾਂ ਵੀ ਉਸ ਦੀ ਮੌਜ –

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ – ੫***

ਦੁੱਖ-ਭੁੱਖ ਨੂੰ ਵੀ ਉਸ ਦੀ ਦਾਤ ਹੀ ਸਮਝਦਾ ਹੈ ਉਸ ਦੇ ਉਤੇ ਕਿੰਤੂ ਨਹੀਂ ਕਦੇ ਵੀ ਕਰਦਾ ਕਿਉਂਕਿ ਪਿਆਰ ਵਾਲਾ ਕਰਿਆ ਨਹੀਂ ਕਰਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਚਮਕੌਰ ਸਾਹਿਬ ਦੇ ਅੰਦਰ ਦੋ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇਣ ਤੋਂ ਬਾਅਦ ਆਪ ਜੀ ਨੂੰ ਇਹ ਮਤਾ ਪਾਸ ਕਰਕੇ ਬੇਨਤੀ ਕੀਤੀ ਗਈ ਕਿ ਪਾਤਸ਼ਾਹ! ਆਪ ਸਾਡੇ ਵਰਗੇ ਹਜ਼ਾਰਾਂ ਸਿੰਘ ਪੈਦਾ ਕਰ ਸਕਦੇ ਹੋ ਲੇਕਿਨ ਕਰੋੜਾਂ ਸਿੰਘ ਇਕੱਠੇ ਹੋ ਕੇ ਇਕ ਗੁਰੂ ਗੋਬਿੰਦ ਸਿੰਘ ਜੀ ਪੈਦਾ ਨਹੀਂ ਕਰ ਸਕਦੇ। ਇਸ ਕਰਕੇ ਭਾਵੇਂ ਆਪ ਨਾਟਕ ਕਰ ਰਹੇ ਹੋ, 'ਬਚਿੱਤ੍ਰ ਨਾਟਕ' ਹੈ ਆਪ ਦਾ ਲੇਕਿਨ ਇਸ ਵੇਲੇ ਸਾਡੀ ਜੋ ਬੇਨਤੀ ਹੈ ਉਹ ਇਹ ਹੈ ਕਿ ਆਪ ਚਾਹੇ ਸ਼ਕਤੀ ਵਰਤ ਕੇ ਜਾਓ, ਚਾਹੇ ਆਪਣੀ ਇਨਸਾਨੀ ਸ਼ਕਤੀ ਨਾਲ ਜਾਓ, ਚਾਹੇ ਕਿਸੇ ਤਰ੍ਹਾਂ ਜਾਓ ਜੰਗ ਵਿਚੋਂ ਨਿਕਲ ਕੇ ਫੇਰ ਪੰਥ ਦੀ ਸਾਜਨਾ ਕਰੋ ਕਿਉਂਕਿ ਸ਼ਕਤੀ ਦੇ ਨਾਲ ਤਾਂ ਕੋਈ ਮੁਕਾਬਲਾ ਹੀ ਨਹੀਂ ਸੀ ਗੁਰੂ ਸਾਹਿਬ ਦਾ ਕਿਸੇ ਨਾਲ ਵੀ। ਇਤਿਹਾਸ ਵਿਚ ਐਸਾ ਜ਼ਿਕਰ ਆਉਂਦਾ ਹੈ ਕਿ ਪਹਿਲਾਂ ਹੀ ਬਾਣ ਜਦੋਂ ਮਹਾਰਾਜ ਜੀ ਨੇ ਚਲਾਇਆ ਤਾਂ ਉਸ ਵੇਲੇ ਇਕੋ

ਹੀ ਬਾਣ ਨਾਲ 10,000 ਸਿਪਾਹੀ ਮਾਰਿਆ ਗਿਆ। ਉਸ ਤੋਂ ਬਾਅਦ ਮਹਾਰਾਜ ਜੀ ਨੇ ਜਿਵੇਂ ਆਮ ਯੁੱਧ ਹੁੰਦਾ ਹੈ ਉਸੇ ਤਰ੍ਹਾਂ ਕਰਨਾ ਸ਼ੁਰੂ ਕਰ ਦਿਤਾ, ਇਨਸਾਨੀ ਸ਼ਕਤੀ ਦੇ ਨਾਲ। ਸੋ ਇਸ ਕਰਕੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਗਈ ਕਿ ਮਹਾਰਾਜ! ਤੁਸੀਂ ਚਾਹੇ ਆਪ ਸ਼ਕਤੀ ਵਰਤ ਕੇ ਨਿਕਲੋ ਕਿਉਂਕਿ ਜਦੋਂ ਅਸੀਂ ਇਨ੍ਹਾਂ ਗੱਲਾਂ ਵਿਚ ਪੈਂਦੇ ਹਾਂ ਤਾਂ ਸਾਨੂੰ ਬੜੇ ਇਤਿਹਾਸਾਂ ਦਾ ਨਿਰਣਾ ਲੈਣਾ ਪੈਂਦਾ ਹੈ ਕਿ ਇਹ ਗੱਲਾਂ ਹੋ ਕਿਵੇਂ ਸਕਦੀਆਂ ਨੇ। ਸ਼ਕਤੀ ਵਰਤ ਕੇ ਕਿਵੇਂ ਨਿਕਲ ਸਕਦੇ ਸੀ। ਜਦੋਂ ਅਸੀਂ ਮਹਾਂਪੁਰਸ਼ਾਂ ਦੇ ਵੀ ਜੀਵਨ ਪੜ੍ਹਦੇ ਹਾਂ।

ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਰਾਮਗੜ੍ਹ ਵਿਚ ਰਹਿਣ ਵਾਲੇ ਇਕ ਉਨ੍ਹਾਂ ਦੇ ਪ੍ਰੇਮੀ ਭਾਈ ਕਰਤਾਰ ਸਿੰਘ। ਆਪ ਦੇ ਪਾਸ ਇਕ ਵਾਰੀ ਬਾਬਾ ਜੀ ਆਏ ਹੋਏ ਨੇ, ਬੜੇ ਪ੍ਰਸੰਨ ਹੋਏ।

ਕਹਿਣ ਲੱਗੇ, "ਭਾਈ ਕਰਤਾਰ ਸਿੰਘ ਜੀ! ਕੀ ਇੱਛਾ ਹੈ ਤੁਹਾਡੀ?"

ਕਹਿੰਦੇ, "ਮਹਾਰਾਜ! ਮੈਂ ਦੁਨੀਆਂ ਤਾਂ ਮੰਗਣੀ ਨਹੀਂ ਇਹ ਤਾਂ ਝੂਠੀ ਹੈ ਬਿਨਸ ਜਾਣੀ ਹੈ ਤੇ ਕ੍ਰਿਪਾ ਕਰਕੇ ਮੈਨੂੰ ਇਕ ਬਚਨ ਦੇਵੋ ਕਿ ਜਦੋਂ ਮੇਰਾ ਅੰਤ ਸਮਾਂ ਹੋਵੇ ਤਾਂ ਤੁਹਾਡੇ ਪੱਟ ਦੇ ਉਤੇ ਮੇਰਾ ਸਿਰ ਹੋਵੇ ਤੇ ਤੁਹਾਡੇ ਨੇਤਰਾਂ ਵੱਲ ਮੈਂ ਝਾਕਦਾ ਹੋਵਾਂ ਤਾਂ ਉਸ ਵੇਲੇ ਮੇਰਾ ਅੰਤ ਸਮਾਂ ਆਵੇ।"

ਬਾਬਾ ਜੀ ਕਹਿੰਦੇ, "ਕੋਈ ਗੱਲ ਨਹੀਂ ਐਸੀ ਬਾਤ ਹੋ ਜਾਏਗੀ।"

ਉਧਰੋਂ ਉਸ ਦਾ ਅੰਤ ਸਮਾਂ ਆਉਂਦਾ ਹੈ ਤੇ ਇਧਰ 40 ਮੀਲ ਦੇ ਉਤੇ ਪਿੰਡ ਕੋਠਾ ਹੈ, ਉਸ ਥਾਂ ਤੇ ਅਖੰਡਪਾਠ ਹੋ ਰਿਹਾ ਹੈ ਤੇ ਅਚਾਨਕ ਬਾਬਾ ਜੀ ਨੇ ਇਕ ਸਿੰਘ ਨੂੰ ਨਾਲ ਲਿਆ ਟਹਿਲ ਸਿੰਘ ਜਿਸ ਦਾ ਨਾਮ ਸੀ ਤੇ ਕਾਹਲੀ-ਕਾਹਲੀ ਤੁਰਦੇ ਨੇ। ਅੱਗੇ ਇਕ ਚਲ੍ਹਾ ਆ ਗਿਆ ਉਸ ਦੇ ਉਤੋਂ ਦੀ ਛਾਲ ਮਾਰ ਕੇ ਟੱਪਣਾ ਸੀ।

ਉਹ ਨਿਹੰਗ ਸਿੰਘ ਨੂੰ ਕਹਿਣ ਲੱਗੇ, "ਆਹ ਬਾਂਹ ਫੜਾ ਮੈਨੂੰ।"

ਬਾਂਹ ਫੜਾਈ ਤੇ ਜਿਸ ਵਕਤ ਛਾਲ ਮਾਰੀ ਤਾਂ ਉਹ ਹੈਰਾਨ ਹੋ ਗਿਆ ਕਿ ਅਸੀਂ ਕਿੱਥੇ ਆ ਗਏ, ਪਿੱਛੇ ਮੁੜ ਕੇ ਦੇਖਿਆ ਤਾਂ ਨਾ ਕੋਈ ਚਲ੍ਹਾ ਨਾ ਕੋਈ ਖੂਹ। ਉਥੇ ਸਿੰਘ ਵਸਤ੍ਰ ਧੋਂਦੇ ਸੀ, ਇਸ਼ਨਾਨ ਕਰਦੇ ਸੀ ਸਾਰਾ ਦ੍ਰਿਸ ਹੀ ਗਾਇਬ ਹੋ ਗਿਆ। ਉਸ ਵੇਲੇ ਕਾਹਲੀ ਦੇ ਨਾਲ ਜਦੋਂ ਉਹ ਪਿੰਡ ਗਏ, ਪਹਿਲਾਂ ਵੀ ਉਹ ਜਾਣਦਾ ਸੀ ਕਹਿੰਦਾ ਇਹ ਤਾਂ ਰਾਮਗੜ੍ਹ ਆ ਗਿਆ। ਉਸ ਸਿੰਘ ਦੇ ਘਰ ਚਲੇ ਜਾਂਦੇ ਨੇ ਤੇ ਇਕ ਦਮ ਉਸ ਦੇ ਪਲੰਘ ਤੇ ਬੈਠ ਗਏ ਸੀਸ ਚੁੱਕਿਆ ਆਪਣੇ ਪੱਟ ਉਪਰ ਰੱਖ ਲਿਆ, 10 ਵਾਰੀ ਵਾਹਿਗੁਰੂ, ਆਪ ਅੱਗੇ ਬੋਲਦੇ ਨੇ ਤੇ ਉਹ ਪਿੱਛੇ ਬੋਲਦੇ ਨੇ।

ਕਿੱਡਾ ਸੁਭਾਗ ਪ੍ਰੇਮੀ ਸੀ ਜਿਸ ਨੇ ਆਪਣਾ ਸਰੀਰ ਮਹਾਂਪੁਰਸ਼ਾਂ ਦੇ ਸਾਮ੍ਹਣੇ ਨਾਮ ਦਾ ਉਚਾਰਨ ਕਰਦੇ ਹੋਏ ਛੱਡਿਆ। ਸੰਸਕਾਰ ਕੀਤਾ ਗਿਆ ਉਸ ਤੋਂ ਬਾਅਦ ਕੀਰਤਨ ਸੋਹਿਲਾ ਬਾਬਾ ਜੀ ਨੇ ਆਪ ਪੜ੍ਹਿਆ।

ਕਹਿਣ ਲੱਗੇ, ਚਲੋ ਭਾਈ! ਤੁਸੀਂ ਸਾਰੇ ਗੁਰਦਵਾਰੇ। ਉਥੇ ਜਾ ਕੇ ਪ੍ਰਸ਼ਾਦ ਬਣਾਓ। ਪੰਜ ਇਸ਼ਨਾਨੇ ਕਰਕੇ ਜਾਂ ਇਸ਼ਨਾਨ ਕਰਕੇ ਜਾਓ ਸਾਰੇ।

ਆਪ ਥੋੜ੍ਹੀ ਦੇਰ ਉਥੇ ਰੁਕੇ ਰਹੇ ਉਸ ਤੋਂ ਬਾਅਦ ਉਸ ਨੂੰ ਕਹਿਣ ਲੱਗੇ ਕਿ ਚੱਲ ਭਾਈ ਟਹਿਲ ਸਿੰਘਾ ਆਪਾਂ ਫੇਰ ਵਾਪਸ ਚੱਲੀਏ। ਉਸੇ ਤਰ੍ਹਾਂ ਓਲਾਂਘ ਭਰੀ ਮੁੜ ਕੇ ਫੇਰ ਉਸ ਕੋਠੇ ਪਿੰਡ ਵਿਚ ਆ ਜਾਂਦੇ ਨੇ, ਹੈਰਾਨ ਹੋਈ ਗਿਆ ਉਹ। ਨਾ ਉਹ ਬਾਬਾ ਜੀ ਨੂੰ ਪੁੱਛ ਸਕਿਆ ਕਿ ਇਹ ਗੱਲ ਕੀ ਹੋਈ ਤੇ ਦੂਸਰੇ ਦਿਨ ਕਥਾ ਕਰਦਾ ਸੀ, 'ਪਾਰਸਭਾਗ' ਦੀ ਉਸ ਦੇ ਵਿਚ ਆਇਆ ਕਿ ਕਈ ਵਾਰੀ ਮਹਾਂਪੁਰਸ਼ ਆਪਣੇ ਦਿੱਤੇ ਹੋਏ ਬਚਨ ਨੂੰ ਪੂਰਾ ਕਰਨ ਵਾਸਤੇ ਸ਼ਕਤੀ ਦਾ ਆਸਰਾ ਲੈ ਲਿਆ ਕਰਦੇ ਨੇ।

ਬਾਬਾ ਜੀ ਉਸ ਪੁਸਤਕ ਤੇ ਹੱਥ ਰੱਖ ਕੇ ਕਹਿਣ ਲੱਗੇ, ਕੱਲ੍ਹ ਦਾ ਤੇਰੇ ਮਨ ਵਿਚ ਇਹ ਫੁਰਨਾ ਚਲਿ ਰਿਹਾ ਹੈ ਕਿ ਕੀ ਹੋਇਆ।"

ਸੰਗਤ ਨੂੰ ਕੁਝ ਪਤਾ ਨਹੀਂ, ਹੁਕਮ ਸੀ ਉਸ ਨੂੰ ਕਿ ਗੁਪਤ ਰੱਖੀਂ।

ਕਹਿਣ ਲੱਗੇ, ਆਹੀ ਗੱਲ ਸੀ, ਅਸੀਂ ਬਚਨ ਦਿਤਾ ਹੋਇਆ ਸੀ। ਸੋ ਸਾਨੂੰ ਇਸ ਕਰਕੇ ਇਸ ਤਰ੍ਹਾਂ ਦੇ ਨਾਲ ਉਥੇ ਜਾਣਾ ਪਿਆ।

ਇਕ ਬਾਬਾ ਕਿਸ਼ਨ ਸਿੰਘ ਜੀ ਧੂਪੀਏ ਹੋਏ ਨੇ ਨਾਮਧਾਰੀ ਸਿੰਘ। ਉਨ੍ਹਾਂ ਦਾ ਸਾਧਨ ਬੜਾ ਜ਼ਬਰਦਸਤ ਸੀ। ਇਕੱਲੇ ਹੀ ਅਖੰਡਪਾਠ ਕਰਿਆ ਕਰਦੇ ਸੀ, 48 ਘੰਟੇ ਦੇ ਅੰਦਰ ਤੇ ਉਨ੍ਹਂ ਨੇ 1000 ਅਖੰਡ ਪਾਠ ਇਕੋ ਬੈਠਕ ਦੇ ਨਾਲ ਇਕ-ਇਕ ਪਾਠ ਕਰਕੇ ਕੀਤੇ। ਉਨ੍ਹਾਂ ਦਿਨਾਂ ਦੀ 25 ਰੁਪਏ ਭੇਟਾ ਲੈਂਦੇ ਸੀ। ਉਹੀ 25 ਰੁਪਏ ਜਾ ਕੇ ਭੈਣੀ ਸਾਹਿਬ ਜਮ੍ਹਾਂ ਕਰਾ ਦਿੰਦੇ ਸੀ ਤੇ ਉਨ੍ਹਾਂ ਦੀ ਵਹੀ ਵਿਚ ਹੁਣ ਤੱਕ ਲਿਖਿਆ ਹੋਇਆ ਹੈ ਕਿ ਉਨ੍ਹਾਂ ਦੇ ਕਾਤੇ ਵਿਚ ਕਿ ਉਨ੍ਹਾਂ ਨੇ 25000 ਰੁਪਿਆ ਅਖੰਡਪਾਠ ਕਰਕੇ ਜਮ੍ਹਾਂ ਕਰਾਇਆ। ਛੋਟੇ-ਛੋਟੇ ਹੁੰਦੇ ਸੀ ਉਦੋਂ ਅਸੀਂ। ਉਨ੍ਹਾਂ ਦਿਨਾਂ ਵਿਚ ਬੜੀ ਬੰਦਗੀ ਕਰਿਆ ਕਰਕੇ ਸੀ ਸਾਰੇ ਹੀ ਸਿੰਘ, ਹੁਣ ਨਹੀਂ ਕਰਦੇ। ਹੁਣ ਤਾਂ ਗੱਲਾਂ ਬਾਤਾਂ ਹੀ ਰਹਿ ਗਈਆਂ, ਨਾਮ ਜਪਣਾ ਤਾਂ ਇਕ ਪਾਸੇ ਰਹਿ ਗਿਆ,

ਨਿਤਨੇਮ ਹੈ ਫਟਾਫਟ ਕਰ ਲਿਆ ਉਸ ਤੋਂ ਅੱਗੇ ਨਾ ਕੋਈ ਤੁਰਨਾ ਚਾਹੁੰਦਾ ਹੈ ਨਾ ਕਿਸੇ ਨੂੰ ਸ਼ੌਂਕ ਹੈ ਕੋਈ ਵਿਰਲਾ ਪੁਰਸ਼ ਹੈ ਜਿਸ ਦੇ ਮਨ ਵਿਚ ਇਹ ਸ਼ੌਂਕ ਹੈ ਕਿ ਮੈਂ ਢਾਈ ਘੰਟੇ ਪ੍ਰਭੂ-ਪ੍ਰਮੇਸ਼ਰ ਦਾ ਨਾਮ ਜਪਾਂ। ਜਿਸ ਵਕਤ ਬਾਪੂ ਜੀ ਦਾ ਅੰਤ ਸਮਾਂ ਆਇਆ, ਬੀਬੀ ਜੀ ਦੇ ਪਿਤਾ ਜੀ ਦਾ। ਇਨ੍ਹਾਂ ਨੂੰ ਕਹਿਣ ਲੱਗੇ ਕਿ ਬਾਬਾ ਲੋਹਗੜ੍ਹੀਆ ਨਹੀਂ ਆਇਆ? ਲੋਹਗੜ੍ਹ ਪਿੰਡ ਦੇ ਸੀ ਉਹ ਨਾਰੰਗਵਾਲ ਦੇ ਕੋਲ ਦੇ। ਇਹ ਕਹਿਣ ਲੱਗੇ ਕਿ ਆਏ ਨਹੀਂ ਅਜੇ।

ਉਹ ਕਹਿੰਦੇ, ਚੰਗਾ! ਤੁਸੀਂ ਜਾਓ! ਸਾਡਾ ਹਿਸਾਬ-ਕਿਤਾਬ ਹੋ ਗਿਆ ਪੂਰਾ। ਸਵੇਰੇ ਆ ਜਾਇਓ। ਗੱਲ ਵਿਚੋਂ ਦੱਸੀ ਨਾ ਕਿ ਅਸੀਂ ਅੱਜ ਸਰੀਰ ਛੱਡ ਦੇਣਾ ਹੈ।

ਕਹਿੰਦੇ, ਜਾਓ ਸਾਰੇ। ਸਵੇਰੇ ਆ ਜਾਇਓ। ਅਸੀਂ ਬਾਬੇ ਲੋਹਗੜ੍ਹੀਏ ਨੂੰ ਉਡੀਕਦੇ ਹਾਂ।

ਜਦੋਂ ਹਸਪਤਾਲ ਤੋਂ ਬਾਹਰ ਨਿਕਲਣ ਲੱਗੇ ਕੀ ਦੇਖਦੇ ਹਾਂ ਬਾਬਾ ਜੀ ਦੇ ਹੱਥ ਵਿਚ ਗੜਵਾ ਹੈ ਤੇ ਗਲ ਵਿਚ ਚਿੱਟੀ ਮਾਲਾ ਪਾਈ ਹੋਈ ਹੈ, ਚਿੱਟੇ ਵਸਤ੍ਰ ਪਹਿਨੇ ਹੋਏ ਨੇ ਤੇ ਕਾਹਲੀ-ਕਾਹਲੀ ਓ ਕਮਰੇ ਵੱਲ ਨੂੰ ਜਾ ਰਹੇ ਨੇ, ਨਾਲ ਹੀ ਵਾਪਸ ਆ ਗਏ, ਆਪਸ ਵਿਚ ਮਿਲੇ।

ਕਹਿਣ ਲੱਗੇ, "ਬਾਬਾ ਜੀ! ਬੜੀ ਦੇਰ ਲਾ ਦਿਤੀ ਤੁਸੀਂ।"

ਉਹ ਕਹਿੰਦੇ, "ਮੈਂ ਤਾਂ ਦੇਰ ਨਹੀਂ ਲਾਈ ਤੁਸੀਂ ਹੀ ਲਾਈ ਹੈ।"

ਕਹਿੰਦੇ, "ਕਿੱਥੇ ਸੀ ਤੁਸੀਂ?"

ਕਹਿੰਦੇ, "ਅਸੀਂ ਤਾਂ ਲਾਲਾ ਮੂਸੇ ਰਾਵਲਪਿੰਡੀ (ਪਾਕਿਸਤਾਨ) ਦੇ ਕੋਲ ਸੀ ਹੁਣੇ ਤੁਹਾਡਾ ਸੁਨੇਹਾ ਪਹੁੰਚਿਆ ਸੀ ਸਾਡੇ ਕੋਲ।

ਕਿਉਂਕਿ ਓਧਰ ਸਰੀਰ ਛੱਡਣਾ ਸੀ ਉਨ੍ਹਾਂ ਨੇ ਤੇ ਉਨ੍ਹਾਂ ਦਾ ਇੰਤਜ਼ਾਰ ਕਰਦੇ ਸੀ ਤੇ ਸੁਨੇਹਾ ਦਿਤਾ ਤੇ ਬਗੈਰ ਤਾਰਦੇ, ਬਗੈਰ ਟੈਲੀਗ੍ਰਾਮ ਦੇ ਸੁਨੇਹਾ ਪਹੁੰਚਦਾ ਹੈ। ਸਮਾਂ ਬਹੁਤ ਥੋੜ੍ਹਾ ਹੈ ਤੇ ਉਸ ਦੇ ਨਾਲ ਆਪ ਉਧਰੋਂ ਗੱਲ ਕਰਦੇ ਨੇ ਤੇ ਉਧਰੋਂ ਹਸਪਤਾਲ ਦੇ ਦਰਵਾਜ਼ੇ ਮੂਹਰੇ ਪਹੁੰਚ ਜਾਂਦੇ ਨੇ।

ਇਸੇ ਤਰ੍ਹਾਂ ਦੇ ਨਾਲ ਇਕ ਹੋਰ ਮਹਾਤਮਾ ਸੀ ਬਾਬਾ ਮੋਹਨ ਜੀ, ਮਸਤਾਨਾ ਉਨ੍ਹਾਂ ਨੂੰ ਕਹਿੰਦੇ ਸੀ। ਉਹ ਵੀ ਨਾਮਧਾਰੀ ਸਿੰਘ ਸਨ। ਬਾਬਾ ਪ੍ਰਤਾਪ ਸਿੰਘ ਜੀ ਗੁਰਦਾਸਪੁਰ ਗਏ ਹੋਏ ਨੇ। ਜਦੋਂ ਵਾਪਸ ਭੈਣੀ ਸਾਹਿਬ ਨੂੰ ਆਉਣ ਲੱਗੇ ਤਾਂ ਇਹ ਵੀ ਕਹਿੰਦੇ ਕਿ ਮੈਨੂੰ ਵੀ ਨਾਲ ਲੈ ਚੱਲੋ।

ਉਹ ਕਹਿੰਦੇ, "ਮਸਤਾਨਿਆ! ਜਗ੍ਹਾ ਨਹੀਂ ਹੈ, ਕਾਰ ਭਰੀ ਹੋਈ ਹੈ। ਤੂੰ ਕਿਸੇ ਸਵਾਰੀ ਤੇ ਆ ਜਾਈਂ।"

ਕਹਿੰਦਾ, ਚੰਗਾ ਜੀ! ਜੇ ਸਵਾਰੀ ਦਾ ਹੁਕਮ ਹੈ ਤਾਂ ਸਵਾਰੀ ਤੇ ਹੀ ਆ ਜਾਵਾਂਗੇ।

ਜਿਸ ਵਕਤ ਇਹ ਭੈਣੀ ਸਾਹਿਬ ਪਹੁੰਚਦੇ ਹਨ ਤਾਂ ਕੀ ਦੇਖਦੇ ਨੇ ਕਿ ਦੀਵਾਨ ਲੱਗਿਆ ਹੋਇਆ ਹੈ ਤੇ ਮਸਤਾਨਾ ਕੀਰਤਨ ਕਰ ਰਿਹਾ ਹੈ। ਉਸ ਵੇਲੇ ਬਾਬਾ ਜੀ ਨੇ ਪੁਛਿਆ ਕਿ ਕਿੰਨੀ ਦੇਰ ਹੋ ਗਈ ਇਸਨੂੰ ਆਏ ਨੂੰ?

ਕਹਿੰਦੇ, ਜੀ! ਇਹ ਤਾਂ ਘੰਟੇ ਤੋਂ ਇੱਥੇ ਹੈ, ਤਿੰਨ ਘੰਟੇ ਤੋਂ ਦੀਵਾਨ ਲੱਗਿਆ ਹੋਇਆ ਹੈ ਤੇ ਤਿੰਨ ਘੰਟੇ ਤੋਂ ਕੀਰਤਨ ਹੀ ਕਰੀ ਜਾ ਰਹੇ ਨੇ।

ਕਹਿੰਦੇ, "ਕੀਰਤਨ ਤੋਂ ਬਾਅਦ ਸਾਡੇ ਕੋਲ ਲੈ ਕੇ ਆਇਓ।"

ਜਦੋਂ ਲੈ ਕੇ ਜਾਂਦੇ ਨੇ ਤਾਂ ਬਾਬਾ ਜੀ ਬੜੇ ਨਰਾਜ਼ ਸੀ। ਡੰਡਾ ਚੁਕਿਆ ਉਨ੍ਹਾਂ ਨੇ ਉਸ ਨੂੰ ਮਾਰਨਾ ਸ਼ੁਰੂ ਕਰ ਦਿਤਾ।

ਕਹਿਣ ਲੱਗੇ, "ਓ ਪ੍ਰੇਮੀਆ! ਤੂੰ ਸਾਨੂੰ ਹੀ ਸ਼ਕਤੀਆਂ ਦਿਖਾਉਣ ਲੱਗ ਗਿਆ ਤਾਂ ਫੇਰ ਅਸੀਂ ਵੀ ਕਾਰ ਨਾ ਲਿਜਾਇਆ ਕਰੀਏ, ਤੇਰੇ ਵਾਂਗ ਹੀ ਅਸੀਂ ਆ ਜਾਇਆ ਕਰੀਏ।"

ਸੋ ਇਹ ਬਹੁਤ ਸਾਰੀਆਂ ਮਿਸਾਲਾਂ ਨੇ। ਇਕ ਕਪੂਰਥਲੇ ਦੇ ਮਹਾਤਮਾ ਸੀ ਜਿਨ੍ਹਾਂ ਦਾ ਨਾਂ ਹਰਨਾਮ ਸਿੰਘ ਜੀ। ਉਨ੍ਹਾਂ ਦਾ ਸੇਵਕ ਸਕੱਤਰੇਤ ਵਿਚ ਸੀ ਭਾਈ ਸਾਧੂ ਸਿੰਘ ਜੀ ਹੁਣ ਤਾਂ ਚੜ੍ਹਾਈ ਕਰ ਗਏ ਉਹ। ਬੜੇ ਚੰਗੇ ਗੁਰਮੁਖ ਪਿਆਰੇ ਸੀ। ਉਹ ਦਸਦੇ ਸੀ ਕਿ ਮੈਂ ਸੰਤਾਂ ਦੀ ਸੇਵਾ ਕਰਿਆ ਕਰਦਾ ਸੀ। ਇਕ ਵਾਰੀ ਪਿੰਡ ਦੇ ਲੋਕਾਂ ਨੇ ਕਿਹਾ ਕਿ ਬਾਬਾ ਜੀ! ਗੰਗਾ ਦਾ ਇਸ਼ਨਾਨ ਆ ਗਿਆ ਤੇ ਤੁਸੀਂ ਵੀ ਚੱਲੋ।

ਕਹਿਣ ਲੱਗੇ, "ਚੰਗਾ! ਤੁਸੀਂ ਚੱਲੋ, ਉਥੇ ਅਸੀਂ ਆਵਾਂਗੇ।"

ਜਿਸ ਵਕਤ ਇਸ਼ਨਾਨ ਕਰਨ ਦਾ ਸਮਾਂ ਆਇਆ ਤਾਂ ਉਸ ਵੇਲੇ ਕੀ ਦੇਖਦੇ ਨੇ ਕਿ ਬਾਬਾ ਹਰਨਾਮ ਸਿੰਘ ਜੀ ਸੰਗਤਾਂ ਦੇ ਨਾਲ ਇਸ਼ਨਾਨ ਕਰਦੇ ਨੇ। ਉਹ ਪੁਛਦੇ ਨੇ ਕਿ ਬਾਬਾ ਜੀ! ਤੁਸੀਂ ਕਿਵੇਂ ਆ ਗਏ, ਕਿਸ ਸਵਾਰੀ ਤੇ ਆਏ? ਸਾਡੇ ਮਗਰੋਂ ਹੀ ਤੁਰ ਪਏ ਸੀ? ਉਹ ਜਵਾਬ ਨਹੀਂ ਕੋਈ ਦਿੰਦੇ ਤੇ ਇਧਰ ਇਸ਼ਨਾਨ ਕਰਨ ਤੋਂ ਬਾਅਦ ਆਪਣਾ ਗੜਵਾ ਭਰਿਆ ਤੇ ਵਾਪਸ ਕਪੂਰਥਲੇ ਆ ਜਾਂਦੇ ਨੇ।

ਇਥੇ ਆ ਕੇ ਸਾਧੂ ਸਿੰਘ ਨੂੰ ਕਹਿਣ ਲੱਗੇ, ਲੈ ਪ੍ਰੇਮੀਆ! ਮੈਂ ਥੋੜ੍ਹਾ ਜਿਹਾ ਪਾਣੀ ਲਿਆਇਆ ਹਾਂ ਤੇ ਤੂੰ

ਵੀ ਹੋਰ ਪਾਣੀ ਵਿਚ ਪਾ ਕੇ ਇਸ਼ਨਾਨ ਕਰ ਲੈ।

ਕਹਿੰਦਾ, "ਬਾਬਾ ਜੀ! ਕਿੱਥੇ ਗਏ ਸੀ?"

ਕਹਿੰਦੇ, "ਅਸੀਂ ਗੰਗਾ ਇਸ਼ਨਾਨ ਕਰਕੇ ਆਏ ਹਾਂ।"

ਸੋ ਇਸੇ ਤਰ੍ਹਾਂ ਦੇ ਨਾਲ ਸਾਰਿਆਂ ਨੇ ਕਿਹਾ, ਸੰਗਤ ਬੈਠੀ ਸੀ। ਸੰਗਤ ਦੇ ਮਨ ਵਿਚ ਇਹ ਹੋ ਗਿਆ ਕਿ ਜਦੋਂ ਗੰਗਾ ਤੋਂ ਸੰਗਤ ਆਏਗੀ ਤਾਂ ਪੁੱਛਾਂਗੇ। ਜਦੋਂ ਇਸ ਪਿੰਡ ਦੀ ਸੰਗਤ ਗੰਗਾ-ਇਸ਼ਨਾਨ ਕਰਕੇ ਵਾਪਸ ਆਈ ਤਾਂ ਉਹ ਕਹਿੰਦੇ ਕਿ ਬਾਬਾ ਜੀ! ਸਾਨੂੰ ਵਿਚਾਲੇ ਹੀ ਛੱਡ ਕੇ ਆ ਗਏ, ਪਤਾ ਹੀ ਨਾ ਲੱਗਿਆ ਕੱਪੜੇ ਵਗੈਰਾ ਪਾਉਂਦੇ ਸੀ, ਪਤਾ ਨਹੀਂ ਕਿੱਧਰ ਨੂੰ ਚਲੇ ਗਏ।

ਉਹ ਪੁੱਛਣ ਲੱਗ ਗਏ ਕਹਿੰਦੇ, ਬਾਬਾ ਜੀ! ਤੁਸੀਂ ਕਿੱਥੇ ਚਲੇ ਗਏ ਸੀ? ਬੜੀ ਛੇਤੀ ਤੁਸੀਂ ਸਾਥੋਂ ਵੀ ਪਹਿਲਾਂ ਹੀ ਪਹੁੰਚ ਗਏ।

ਸੋ ਇਸ ਤਰ੍ਹਾਂ ਦੀਆਂ ਮਿਸਾਲਾਂ ਨੇ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਜੇ ਕੌਤਕ ਕਰਿਆ ਹੈ ਤਾਂ ਉਹ ਕੋਈ ਸਬਕ ਸੀ ਸਾਡੇ ਵਾਸਤੇ ਕਿਉਂਕਿ ਹਰ ਬੰਦਾ ਸ਼ਕਤੀ ਵਾਲਾ ਨਹੀਂ ਹੁੰਦਾ। ਮਨੁੱਖੀ ਤੌਰ ਤੇ ਮਨੁੱਖਾਂ ਨੂੰ ਮਜ਼ਬੂਤ ਕਰਨ ਵਾਸਤੇ ਹੀ ਗੁਰੂ ਮਹਾਰਾਜ ਜੀ ਦਾ ਸਾਰਾ ਜੀਵਨ ਹੈ ਇਸੇ ਕਰਕੇ ਬਚਿਤ੍ਰ ਨਾਨਟਕ ਲਿਖਿਆ ਹੈ ਕਿਉਂਕਿ ਸਾਰੀਆਂ ਹੀ ਸ਼ਕਤੀਆਂ ਹੁੰਦੇ ਹੋਏ ਜਿਵੇਂ ਫਿਲਮ ਹੋਇਆ ਕਰਦੀ ਹੈ ਉਸ ਦਾ ਨਿਰਦੇਸ਼ਕ ਜਿਹੜਾ ਹੈ, ਚਾਲਕ ਜਿਹੜਾ ਹੈ ਉਹ ਕਈ ਵਾਰੀ ਖੁਦ ਰੋਲ ਲੈ ਲੈਂਦਾ ਹੈ ਕਿਸੇ ਚੋਰ ਦਾ ਲੈ ਲਿਆ, ਕਿਸੇ ਹੋਰ ਚੀਜ਼ ਦਾ ਲੈ ਲਿਆ, ਪੁਲਿਸ ਫੜੀ ਫਿਰਦੀ ਹੈ, ਕੁਟਦੀ ਹੈ ਉਸ ਨੂੰ, ਮਾਰਦੀ ਹੈ ਪਰ ਉਹ ਅਭਿਨੈ ਪੂਰਾ ਕਰਨ ਵਾਸਤੇ ਆਪਣਾ ਅਧਿਕਾਰ ਨਹੀਂ ਵਰਤਦਾ ਨਹੀਂ ਤਾਂ ਫਿਲਮ ਗਲਤ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਜੋ ਸਤਿਪੁਰਸ਼, ਸਰਬ ਸ਼ਕਤੀ ਸੰਪੰਨ ਹੋਇਆ ਕਰਦੇ ਨੇ ਉਨ੍ਹਾਂ ਦੇ ਜਦੋਂ ਅਸੀਂ ਜੀਵਨ ਦੇਖਦੇ ਹਾਂ ਉਸ ਵੇਲੇ ਸਾਡੇ ਮਨ ਵਿਚ ਸ਼ੰਕਾ ਪੈਦਾ ਹੋ ਜਾਂਦਾ ਹੈ ਕਿ ਗੁਰੂ ਮਹਾਰਾਜ ਜੀ ਕਹਿੰਦੇ ਨੇ ਕਿ -

***ਅਉਖੀ ਘੜੀ ਨ ਦੇਖਣ ਦੇਈ***

***ਅਪਨਾ ਬਿਰਦੁ ਸਮਾਲੇ॥ ਅੰਗ - ੬੮੨***

ਠੀਕ ਹੈ ਪ੍ਰਹਿਲਾਦ ਨੂੰ ਔਖੀ ਘੜੀ ਨਹੀਂ ਦੇਖਣ ਦਿਤੀ, ਥੰਮਾਂ ਦੇ ਨਾਲ ਲਾਉਂਦੇ ਨੇ, ਵਾਹਿਗੁਰੂ ਪ੍ਰਗਟ ਹੋ ਜਾਂਦਾ ਹੈ। ਨਾਮਦੇਵ ਜੀ ਨੂੰ ਔਖੀ ਘੜੀ ਨਹੀਂ ਦੇਖਣ ਦਿਤੀ ਜਿਸ ਵਕਤ ਗਊ ਜੀਉਂਦੀ ਕਰਨ ਵਾਸਤੇ ਕਿਹਾ ਤੇ ਤਿੰਨ ਪਹਿਰ ਦਾ ਜਿਸ ਵਕਤ ਸਮਾਂ ਦਿਤਾ ਕਿ ਤਿੰਨਾਂ ਪਹਿਰਾਂ ਵਿਚ ਜੀਉਂਦੀ ਕਰ ਦੇਹ ਨਹੀਂ ਤਾਂ ਤੈਨੂੰ ਇੱਥੇ ਹੀ ਮਾਰ ਦਿਆਂਗੇ, ਉਸ ਵੇਲੇ ਉਸ ਨੂੰ ਔਖੀ ਘੜੀ ਦੇਖਣ ਨਹੀਂ ਦਿਤੀ, ਪ੍ਰਮੇਸ਼ਰ ਨੇ ਆਪ ਪ੍ਰਗਟ ਹੋ ਕੇ ਗਊ ਜੀਉਂਦੀ ਕੀਤੀ ਤੇ ਉਸ ਦੇ ਨਾਲ ਜੋ ਬਾਦਸ਼ਾਹ ਸੀ ਉਸ ਦੇ ਐਡਾ ਦਰਦ ਹੋਇਆ ਕਿ ਆ ਕੇ ਨਾਮਦੇਵ ਜੀ ਦੀ ਸ਼ਰਨੀ ਇਹ ਕਹਿ ਕੇ ਪੈਣਾ ਪਿਆ, 'ਬਖਸ਼ੀ ਹਿੰਦੂ ਮੈ ਤੇਰੀ ਗਾਇ' ਸੇਵਕ ਬਣਿਆ ਉਨ੍ਹਾਂ ਦੀ ਭੇਟਾਂ ਦਿਤੀਆਂ - ਇਕ ਪਲੰਘ ਦਿੱਤਾ ਹੀਰਿਆਂ, ਜਵਾਹਰਾਤਾਂ ਨਾਲ ਜੜਿਆ ਹੋਇਆ।

ਸੋ ਇਸੇ ਤਰ੍ਹਾਂ ਕਬੀਰ ਸਾਹਿਬ ਦੇ ਨਾਲ ਵੀ, ਜਿਸ ਵਕਤ ਉਨ੍ਹਾਂ ਨੂੰ ਪਾਣੀ ਵਿਚ ਸੁਟਦੇ ਨੇ ਤਾਂ ਪਾਣੀ ਡੋਬਦਾ ਨਹੀਂ ਹੈ, ਅੱਗ ਵਿਚ ਬਿਠਾ ਦਿਤਾ ਅੱਗ ਨੇ ਜਾਲਿਆ ਨਾ, ਧਰਤੀ ਵਿਚ ਦੱਬ ਦਿਤਾ, ਧਰਤੀ ਨੇ ਥੱਲੇ ਨਾ ਰੱਖਿਆ ਫੇਰ ਕੀ ਵਜ੍ਹਾ (ਕਾਰਨ) ਹੈ ਕਿ ਸਾਹਿਬਜ਼ਾਦਿਆਂ ਨੂੰ ਜਦੋਂ ਨੀਹਾਂ ਵਿਚ ਚੀਣਿਆ ਜਾਂਦਾ ਸੀ ਉਸ ਵੇਲੇ ਇਹ ਸ਼ਬਦ ਕਿੱਥੇ ਚਲਿਆ ਗਿਆ ਤੇ ਉਨ੍ਹਾਂ ਨੂੰ ਔਖੀ ਘੜੀ ਕਿਉਂ ਦੇਖਣੀ ਪਈ? ਕਿਉਂ ਉਨ੍ਹਾਂ ਨੂੰ ਐਨੀ ਬੇਰਹਿਮੀ ਨਾਲ ਸ਼ਹੀਦ ਕੀਤਾ, ਐਨੇ ਤਸੀਹੇ ਦਿਤੇ। ਸੋ ਇਹ ਕੁਝ ਚੀਜ਼ਾਂ ਨੇ ਜਿਹੜੀਆਂ ਸਾਨੂੰ ਵਿਚਾਰਨੀਆਂ ਪੈਂਦੀਆਂ ਨੇ ਤੇ ਤਰਕਸ਼ੀਲ ਮਨ ਨੂੰ ਇਹ ਤਰਕ ਦੇ ਵਿਚ ਲੈ ਜਾਂਦੀਆਂ ਨੇ ਕਿ ਗੁਰੂ ਮਹਾਰਾਜ ਜੇ ਐਨੀਆਂ ਸ਼ਕਤੀਆਂ ਦੇ ਹੁੰਦੇ ਹੋਏ ਉਨ੍ਹਾਂ ਦੀ ਰਾਖੀ ਨਾ ਕਰ ਸਕੇ ਫੇਰ ਸਾਡੀ ਰਾਖੀ ਕਿਵੇਂ ਕਰਨਗੇ। ਤਰਕਸ਼ੀਲ ਜੋ ਮਨ ਹੈ ਜਿਸ ਨੂੰ ਇਸ ਗੱਲ ਦੀ ਨਾ ਸੋਝੀ ਆਵੇ ਸਾਧਸੰਗਤ ਜੀ! ਉਸ ਦੇ ਅੱਗੇ ਬੜੀ ਦੀਵਾਰ ਬਣ ਜਾਂਦੀ ਹੈ ਕਿ ਉਨ੍ਹਾਂ ਨੇ ਤਾਂ ਆਪ ਦੀ ਹੀ ਰਾਖੀ ਨਾ ਕਰੀ। ਗੁਰੂ ਪੰਜਵੇਂ ਪਾਤਸ਼ਾਹ ਨੇ ਆਪਣੀ ਰਾਖੀ ਨਾ ਕਰੀ - ਤਵੀਆਂ ਤੇ ਬੈਠ ਗਏ, ਦੇਗਿਆਂ ਵਿਚ ਉਬਾਲੇ ਗਏ। ਭਾਈ ਦਇਆਲਾ ਦੇਗਾਂ ਵਿਚ ਉਬਾਲਿਆ ਗਿਆ, ਸਾਮ੍ਹਣੇ ਗੁਰੂ ਨੌਵੇਂ ਪਾਤਸ਼ਾਹ ਦੇ, ਉਨ੍ਹਾਂ ਦੀ ਰਾਖੀ ਨਾ ਕਰੀ। ਭਾਈ ਮਤੀ ਦਾਸ ਆਰੇ ਨਾਲ ਚੀਰਿਆ ਗਿਆ ਤੇ ਉਨ੍ਹਾਂ ਦੀ ਰਾਖੀ ਨਾ ਕਰੀ, ਇਹ ਸਾਡੇ ਅੰਦਰ ਨਾਸਤਕ ਖਿਆਲਤ ਪੈਦਾ ਕਰ ਦਿੰਦੇ ਨੇ ਕਿਉਂਕਿ ਸਾਨੂੰ ਪਤਾ ਨਹੀਂ ਹੈ ਕਿ ਇਹ ਗੱਲ ਕੀ ਹੋਈ, ਇਹ ਗੱਲ ਸਾਨੂੰ ਵਿਚਾਰਨੀ ਪੈਂਦੀ ਹੈ, ਬਹੁਤ ਗਹਿਰਾਈ ਵਿਚ ਜਾ ਕੇ ਕਿ ਇਹ ਕਿਉਂ ਨਹੀਂ ਹੋਇਆ? ਕੀ ਉਨ੍ਹਾਂ ਨੇ ਫੁਰਨਾ ਹੀ ਨਾ ਕਰਿਆ ਜਾਂ ਇਸ ਤਰ੍ਹਾਂ ਦਾ ਨਾਟਕ ਉਨ੍ਹਾਂ ਨੂੰ ਮਿਲਿਆ ਹੋਇਆ ਸੀ ਤੇ ਉਹ ਜਾਣਦੇ ਸਨ। ਚਾਰ ਕਿਸਮ ਦੇ ਭਗਤ ਹੋਇਆ ਕਰਦੇ ਨੇ - ਇਕ ਆਰਤ ਭਗਤ ਹੋਇਆ ਕਰਦੇ ਨੇ, ਇਕ ਭਗਤ ਹੁੰਦੇ ਨੇ ਜਿਨ੍ਹਾਂ ਨੂੰ ਅਰਥਾ-ਅਰਥੀ ਕਹਿੰਦੇ ਨੇ, ਲੋੜ ਵੇਲੇ ਜਿਸ ਨੇ ਭਗਤ ਬਣਨਾ ਹੈ।

ਆਰਤ ਭਗਤ ਜਿਵੇਂ ਧਰੂੰ ਸੀ, ਬੇਅਦਬੀ ਹੋਈ, ਥੱਪੜ ਪਏ, ਮਾਂ ਮਤਰੇਈ ਨੇ ਖਿੱਚ ਕੇ ਕੱਢ ਦਿਤਾ। ਰਾਜ ਦਾ ਜੋ ਹੱਕ ਸੀ ਉਹ ਲੈ ਲਿਆ ਤੇ ਉਸ ਨੇ ਭਗਤੀ ਸ਼ੁਰੂ

ਕੀਤੀ।

ਇਸੇ ਤਰ੍ਹਾਂ ਅਰਥਾ-ਅਰਥੀ ਹੋਇਆ ਕਰਦੇ ਨੇ, ਪੈਸੇ ਟਕੇ ਦੀ ਲੋੜ ਤੇ ਕਿਸੇ ਕੰਮ ਦੇ ਵਾਸਤੇ ਭਗਤੀ ਕਰਦੇ-ਕਰਦੇ ਭਗਤੀ ਵਿਚ ਪਹੁੰਚ ਜਾਂਦੇ ਨੇ।

ਤੀਸਰੇ ਪ੍ਰੇਮੀ ਭਗਤ ਹੋਇਆ ਕਰਦੇ ਨੇ, ਅੰਨਿਨ ਭਗਤ ਉਨ੍ਹਾਂ ਨੂੰ ਕਹਿੰਦੇ ਨੇ। ਚੌਥੇ ਗਿਆਨੀ ਭਗਤ ਹੋਇਆ ਕਰਦੇ ਨੇ। ਗਿਆਨੀ ਭਗਤ ਜਿਹੜਾ ਹੈ ਉਸ ਦੇ ਵਾਸਤੇ ਦੇਹ ਕੁਝ ਵੀ ਮਾਇਨੇ ਨਹੀਂ ਰੱਖਦੀ ਕਿਉਂਕਿ ਉਸ ਨੂੰ ਸਦਾ ਦਾ ਜੀਵਨ ਪ੍ਰਾਪਤ ਹੋਇਆ ਹੁੰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਇਹ ਦੇਹ ਤਾਂ ਇਕ ਕੱਪੜਾ ਹੈ, ਕਪੜੇ ਨੇ ਪਾਟਣਾ ਹੀ ਪਾਟਣਾ ਹੈ। ਕੱਪੜੇ ਨੂੰ ਲਾਹੁੰਣਾ ਹੀ ਲਾਹੁੰਣਾ ਹੈ ਰੱਖਣਾ ਨਹੀਂ ਹੈ। ਗੁਰੂ ਘਰ ਦੇ ਅੰਦਰ ਜਿੰਨੇ ਵੀ ਗੁਰਸਿੱਖ ਹੋਏ ਨੇ ਚਾਹੇ ਭਾਈ ਮਨੀ ਸਿੰਘ ਜੀ ਨੇ, ਚਾਹੇ ਬਾਬਾ ਦੀਪ ਸਿੰਘ ਜੀ ਨੇ, ਚਾਹੇ ਭਾਈ ਮਤੀ ਦਾਸ ਜੀ ਨੇ, ਭਾਈ ਦਇਆਲਾ ਜੀ ਨੇ ਇਹ ਸਾਰੇ ਗਿਆਨੀ ਭਗਤ ਸੀ। ਇਹ ਪ੍ਰਮੇਸ਼ਰ ਦੇ ਨਾਲ ਇਕ-ਮਿੱਕ ਹੋਏ ਸੀ। ਵਾਹਿਗੁਰੂ ਇਨ੍ਹਾਂ ਵਾਸਤੇ ਕੋਈ ਹੋਰ ਵੱਖਰੇ ਥਾਂ ਰਹਿਣ ਵਾਲਾ ਨਹੀਂ ਸੀ, ਸ੍ਵਾਸ-ਸ੍ਵਾਸ ਦੇ ਵਿਚ ਰਹਿ ਕੇ ਇਹ ਆਪਣਾ ਆਪਾ ਭਾਵ ਮਿਟਾ ਕੇ ਇਹ ਪ੍ਰਮੇਸ਼ਰ ਹੀ ਸਨ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*

*ਅੰਗ - ੩੯੭*

ਜਿਹੜੇ ਤਿੰਨ ਕਿਸਮ ਦੇ ਭਗਤ ਹੁੰਦੇ ਨੇ ਉਹ ਵਾਹਿਗੁਰੂ ਨੂੰ ਵੱਖਰਾ ਜਾਣ ਕੇ ਸਾਕਾਰ ਦੀ ਭਗਤੀ ਕਰਦੇ ਨੇ, ਗੁਰੂ ਨਾਨਕ ਪਾਤਸ਼ਾਹ ਨੂੰ ਵੱਖਰਾ ਜਾਣ ਕੇ ਉਸ ਦੀ ਭਗਤੀ ਕਰਦੇ ਨੇ। ਜਿਹੜੇ ਗਿਆਨੀ ਭਗਤ ਹੁੰਦੇ ਨੇ ਉਹ ਪ੍ਰਮੇਸ਼ਰ ਨੂੰ ਵੱਖਰਾ ਨਹੀਂ ਜਾਣਦੇ, ਉਹ ਆਪ ਖਤਮ ਹੋ ਜਾਂਦੇ ਨੇ ਕੇਵਲ ਉਨ੍ਹਾਂ ਦੇ ਸਰੀਰ ਵਿਚ ਪ੍ਰਭੂ ਹੀ ਰਹਿ ਜਾਇਆ ਕਰਦਾ ਹੈ, ਆਪਣਾ ਆਪਾ ਨਹੀਂ ਹੋਇਆ ਕਰਦਾ ਦੇਖਣ ਵਾਸਤੇ, ਗੱਲਾਂ ਕਰਨ ਵਾਸਤੇ ਲੱਗਦਾ ਹੈ ਕਿ ਇਹ ਭਾਈ ਮਨੀ ਸਿੰਘ ਜੀ ਨੇ, ਫਲਾਣੇ ਸੰਤ ਨੇ ਦਰਅਸਲ ਉਹ ਮਿਟ ਗਏ ਹੁੰਦੇ ਨੇ ਉਨ੍ਹਾਂ ਨੂੰ ਕੋਈ ਫੁਰਨਾ ਨਹੀਂ ਹੋਇਆ ਕਰਦਾ।

ਸੋ ਜਿਥੇ ਦ੍ਵੈਤ ਹੈ, ਦੂਜਾਇਗੀ ਹੈ ਉਸ ਤਾਂ ਦੇ ਉਤੇ ਉਸ ਦਾ ਫੁਰਨਾ ਹੁੰਦਾ ਹੈ ਕਿ ਮੇਰੀ ਰਾਖੀ ਹੋਵੇ, ਪ੍ਰਭੂ ਮੇਰੀ ਸਹਾਇਤਾ ਕਰੇ। ਜਦੋਂ ਇਹ ਦੂਜਾ ਕਹਿੰਦਾ ਹੈ ਉਸ ਵੇਲੇ ਪ੍ਰਭੂ ਆ ਕੇ ਰਾਖੀ ਕਰਦਾ ਹੈ ਕਿਉਂਕਿ ਉਹ ਉਸ ਦਾ ਜਨ ਹੁੰਦਾ ਹੈ। ਜਿਹੜਾ ਉਸ ਦਾ ਰੂਪ ਬਣ ਗਿਆ ਉਹ ਆਪੇ ਹੀ ਹੁੰਦਾ ਹੈ। ਉਥੇ ਨਾ ਕੁਝ ਮਰਦਾ ਹੈ, ਨਾ ਕੁਝ ਜੰਮਦਾ ਹੈ। ਉਹ ਤਾਂ ਇਕ ਚਰਿਤ੍ਰ ਹੁੰਦਾ ਹੈ, ਆਪਣਾ ਚਰਿਤ੍ਰ ਆਪ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਜੋ ਸਾਹਿਬਜ਼ਾਦਿਆਂ ਬਾਰੇ ਸੀ, ਸਾਹਿਬਜ਼ਾਦੇ ਪੂਰਨ ਬ੍ਰਹਮਗਿਆਨੀ ਸਨ - ਕੋਈ ਬੱਚੇ ਨਹੀਂ ਸੀ ਅਣਜਾਣ ਉਹ, ਸਾਰੀਆਂ ਸ਼ਕਤੀਆਂ ਸੰਪੰਨ ਸੀ। ਆਹ ਜਿਹੜੀਆਂ ਕਵੀਆਂ ਨੇ ਗੱਲਾਂ ਲਿਖੀਆਂ ਕਿ ਇਸ ਤਰ੍ਹਾਂ ਹੋਇਆ, ਏਸ ਤਰ੍ਹਾਂ ਹੋਇਆ ਆਹ ਗੱਲਾਂ ਨਹੀਂ ਇਹ ਤਾਂ ਗੱਲਾਂ ਬਾਅਦ ਵਿਚ ਬਣੀਆਂ ਨੇ। ਬਾਅਦ ਵਿਚ ਕਿਸੇ ਨੂੰ ਪਤਾ ਹੀ ਨਹੀਂ ਕਿ ਉਥੇ ਹੋਇਆ ਕੀ। ਮਾਹੀ ਨੇ ਆ ਕੇ ਇਹ ਗੱਲ ਬਾਤ ਦੱਸੀ ਹੈ ਕਿ ਇਸ ਤਰ੍ਹਾਂ ਸਰਹਿੰਦ ਸਾਕਾ ਹੋਇਆ ਸੀ, ਉਸ ਗੱਲ-ਬਾਤ ਵਿਚ ਨਹੀਂ ਆਉਂਦੀ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਤੇ ਫੇਰ ਇਹ ਆਪਣੇ ਮਨ ਦੀ ਕਮਜ਼ੋਰੀ ਦੇ ਨਾਲ ਇਹ ਲਿਖਾਰੀ ਲਿਖ ਦਿੰਦੇ ਨੇ ਕਿ ਮਾਤਾ ਜੀ ਨੇ ਬੁਰਜ ਤੋਂ ਛਾਲ ਮਾਰੀ, ਬਹੁਤ ਜਿਹੜੇ ਅੱਜ ਕਲ੍ਹ ਦੇ ਪ੍ਰੋਫੈਸਰ ਨੇ ਉਹ ਕਹਿੰਦੇ ਨੇ ਕਿ ਜੀ heart fail ਹੋ ਗਿਆ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਦੋਂ ਗੁਰੂ ਤੇਗ ਬਹਾਦਰ ਮਹਾਰਾਜ ਜੀ 28 ਸਾਲ ਤਪਸਿਆ ਕਰਦੇ ਸੀ ਇਨ੍ਹਾਂ ਨੇ ਉਨ੍ਹਾਂ ਦੇ ਦਰਵਾਜ਼ੇ ਤੇ ਪਹਿਰਾ ਵੀ ਦਿੱਤਾ, ਪ੍ਰਸ਼ਾਦਾ-ਪਾਣੀ ਵੀ ਦਿਤਾ, ਬਸਤਰ ਵੀ ਧੋਤੇ, ਸੇਵਾ ਵੀ ਕੀਤੀ ਤੇ ਨਾਲ 28 ਸਾਲ ਓਡੀ ਹੀ ਤਪਸਿਆ ਕੀਤੀ ਆਪ ਨੇ, ਘੱਟ ਨਹੀਂ ਸੀ ਆਪ ਦੀ ਤਪਸਿਆ। ਸੋ ਉਹ ਮਾਤਾ ਜਿਸ ਦੇ ਪੇਟ ਵਿਚੋਂ ਗੁਰੂ ਦਸਮੇਸ਼ ਪਿਤਾ ਦਾ ਪ੍ਰਕਾਸ਼ ਹੋਵੇ, ਉਸ ਮਾਤਾ ਨੂੰ ਐਨਾ ਛੋਟਾ ਲੈ ਜਾਣਾ ਇਹ ਇਤਿਹਾਸ ਦੀ ਕਿੱਡੀ-ਵੱਡੀ ਭੁੱਲ ਹੈ। ਬੇਅੰਤ ਮਾਤਾਵਾਂ ਹੋਈਆਂ ਨੇ।

ਇਕ ਮਾਤਾ ਜਿਸ ਦਾ ਨਾਮ ਇੰਦ ਕੌਰ ਸੀ। ਉਸ ਦਾ ਬਿਸ਼ਨ ਸਿੰਘ ਨਾਂ ਦਾ ਪੁੱਤਰ 14 ਸਾਲ ਦਾ ਸੀ ਜੋ ਨਾਮਧਾਰੀਆਂ ਦੇ ਵਿਦਰੋਹ ਵਿਚ ਫੜਿਆ ਗਿਆ ਤੇ ਮਲੇਰਕੋਟਲੇ ਦੇ ਸਾਕੇ ਦੇ ਵਿਚ ਉਸਨੂੰ ਵੀ ਤੋਪ ਦੇ ਨਾਲ ਉਡਾਉਣ ਦਾ ਹੁਕਮ ਹੋ ਗਿਆ। ਮਿਸਟਰ ਕਾਬਨ ਦੀ ਜੋ ਮੇਮ ਸੀ ਉਸ ਨੇ ਜਦੋਂ ਛੋਟੇ ਜਿਹੇ ਬੱਚੇ ਵੱਲ ਦੇਖਿਆ, ਬੜਾ ਹੀ ਸੁੰਦਰ ਬੱਚਾ ਦੇਖ ਕੇ ਪਿਆਰ ਆ ਗਿਆ, ਉਸ ਦੇ ਹਿਰਦੇ ਵਿਚ। ਉਸ ਨੇ ਆਪਣੇ ਪਤੀ ਨੂੰ ਕਿਹਾ ਡੀ. ਸੀ. ਨੂੰ ਕਿ ਤੂੰ ਇਸ ਬੱਚੇ ਨੂੰ ਕਿਉਂ ਤੋਪ ਨਾਲ ਉਡਾਉਂਦਾ ਹੈਂ ਇਸ ਨੇ ਕੀ ਕਰਿਆ ਹੋਣਾ ਹੈ, ਨਿੱਕਾ ਜਿਹਾ ਬੱਚਾ ਹੈ। 14 ਸਾਲ ਦਾ ਦੇਖ ਤਾਂ ਸਹੀ ਕਿੰਨਾ ਸੋਹਣਾ ਹੈ। ਉਸ ਨੇ ਹੁਕਮ ਕਰ ਦਿਤਾ ਕਿ ਇਸ ਬੱਚੇ ਨੂੰ ਛੱਡ ਦਿਓ। ਮਾਂ ਦੇ ਕੋਲ ਚਲਿਆ ਗਿਆ, ਬੱਚਾ ਬਹੁਤ ਉਦਾਸ ਹੋਇਆ ਹੋਇਆ, ਖੁਸ਼ੀ ਨਹੀਂ ਹੋਈ ਬੱਚੇ ਨੂੰ ਉਦਾਸ ਹੋ ਗਿਆ।

ਮਾਂ ਕਹਿਣ ਲੱਗੀ, ''ਬੇਟਾ! ਤੈਨੂੰ ਕਿਉਂ ਛੱਡ ਦਿਤਾ?''

ਕਹਿੰਦਾ, ''ਮੈਨੂੰ ਪਤਾ ਨਹੀਂ ਕਿਉਂ ਛੱਡ ਦਿੱਤਾ।''

ਕਹਿੰਦੀ, "ਤੂੰ ਜਾਹ! ਜਾ ਕੇ ਸ਼ਹੀਦ ਹੋ। ਏਸ ਵੇਲੇ ਸ਼ਹੀਦਾਂ ਦਾ ਜੋ ਬੇੜਾ ਹੈ ਉਹ ਗੁਰੂ ਤੇਗ ਬਹਾਦਰ ਜੀ ਦੇ ਪਾਸ ਜਾਣ ਨੂੰ ਤਿਆਰ ਹੈ ਤੇ ਗੁਰੂ ਮਹਾਰਾਜ ਜੀ ਇੰਤਜ਼ਾਰ ਕਰ ਰਹੇ ਨੇ ਉਨ੍ਹਾਂ ਦੀਆਂ ਰੂਹਾਂ ਦਾ। ਕੰਨ ਦੇ ਵਿਚ ਗੱਲ ਕਹਿ ਦਿਤੀ।

ਬੱਚਾ ਅੰਗਰੇਜ਼ ਦੇ ਕੋਲ ਆ ਗਿਆ, ਮਿਸਟਰ ਕਾਬਨ ਸਾਢੇ ਛੇ ਫੁੱਟ ਲੰਮਾ ਜਵਾਨ ਸੀ।

ਬੱਚਾ ਕਹਿਣ ਲੱਗਿਆ, "ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ ਤੁਹਾਡੇ ਨਾਲ।"

ਉਸ ਨੇ ਹੇਠਾਂ ਨੂੰ ਹੋ ਕੇ ਜਦੋਂ ਕੰਨ ਕੀਤਾ ਬੱਚੇ ਵਲ ਤਾਂ ਬੱਚੇ ਨੇ ਦੋਵੇਂ ਹੱਥਾਂ ਦੇ ਨਾਲ ਉਸ ਦੀ ਦਾੜ੍ਹੀ ਫੜ ਲਈ, ਜ਼ੋਲ ਬੜਾ ਸੀ, ਬਥੇਰਾ ਛੁਡਾ ਰਹੇ ਤੇ ਉਸ ਨੇ ਛੱਡੀ ਨਾ। ਨਾਭੇ ਦਾ ਰਾਮ ਸਿੰਘ ਨਾਮ ਦਾ ਜਿਸਨੂੰ ਅੱਜਕਲ੍ਹ ਨਾਇਬ ਸੂਬੇਦਾਰ ਕਹਿੰਦੇ ਨੇ ਉਸ ਨੇ ਆਪਣੀ ਕਿਰਚ ਕੱਢੀ ਤੇ ਉਸਦੀਆਂ ਦੋਵੇਂ ਬਾਹਾਂ ਕੱਟ ਦਿਤੀਆਂ, ਉਸ ਤੋਂ ਬਾਅਦ ਉਸ ਦੀ ਗਰਦਨ ਕੱਟ ਦਿਤੀ ਤੇ ਜਿਸ ਵਕਤ ਮਾਂ ਨੇ ਦੇਖਿਆ ਕਿ ਮੇਰਾ ਬੱਚਾ ਸ਼ਹੀਦ ਹੋ ਗਿਆ ਉਹ ਉਥੇ ਹੀ ਜੈਕਾਰੇ ਬੁਲਾਉਣ ਲੱਗ ਗਈ, ਉੱਚੀ-ਉਚੀ ਛਾਲਾਂ ਮਾਰੇ ਕਿ ਮੇਰੀ ਕੁੱਖ ਅੱਜ ਸਫਲੀ ਹੋ ਗਈ ਕਿ ਮੇਰਾ ਬੱਚਾ ਗੁਰੂ ਘਰ ਵਿਚ ਚਲਿਆ ਗਿਆ, ਪਤਾ ਨਹੀਂ ਕਿਤੇ ਵੱਡਾ ਹੋ ਕੇ ਨਾਸਤਕ ਬਣ ਕੇ ਮੈਨੂੰ ਲਾਹਨਤਾਂ ਪੁਆਉਂਦਾ। ਇਕ ਗੁਰਸਿੱਖ ਬੀਬੀ ਦਾ ਜੇ ਐਡਾ ਵੱਡਾ ਜਿਗਰਾ ਹੈ ਤਾਂ ਫੇਰ ਮਾਤਾ ਜੀ ਨੂੰ ਕਹਿੰਦੇ ਨੇ ਕਿ ਉਨ੍ਹਾਂ ਦਾ ਜੀ ਦਿਲ ਫੇਲ ਹੋ ਗਿਆ, ਗੱਲ ਸੁਣ ਕੇ ਸਹਿ ਨਾ ਸਕੇ। 'ਸੂਰਜ ਪ੍ਰਕਾਸ਼' ਵਿਚ ਲਿਖਿਆ ਹੋਇਆ ਹੈ ਕਿ ਜਦੋਂ ਟੋਡਰ ਮੱਲ ਆਉਂਦਾ ਹੈ ਤਾਂ ਮਾਤਾ ਜੀ ਉਸਨੂੰ ਕਹਿੰਦੇ ਨੇ ਕਿ ਸਾਡੀ ਅੰਗੂਠੀ ਜਿਹੜੀ ਹੀਰੇ ਵਾਲੀ ਸੀ ਉਹ ਰਹਿ ਗਈ, ਤੂੰ ਮੈਨੂੰ ਹੀਰਾ ਦੇ ਦੇ ਛੇਤੀ ਤਾਂ ਕਿ ਮੈਂ ਚੱਟ ਲਵਾਂ ਤੇ ਮੈਂ ਚੜ੍ਹਾਈ ਕਰ ਜਾਵਾਂ। ਲਿਖਾਰੀਆਂ ਨੇ ਜਦੋਂ ਇਹੋ ਜਿਹੀਆਂ ਗੱਲਾਂ ਲਿਖੀਆਂ ਹਨ, ਕਈਆਂ ਨੇ ਕਿਹਾ ਜੀ ਉਪਰੋਂ ਸੁੱਟ ਦਿਤੀ ਮਾਤਾ ਹੇਠਾਂ, ਬੁਰਜ ਤੋਂ ਧੱਕਾ ਦੇ ਦਿਤਾ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਇਸ ਐਸੀ ਅਵਸਥਾ ਹੁੰਦੀ ਹੈ ਭਜਨ ਕਰਨ ਵਾਲਿਆਂ ਵਿਚ ਕਿ ਜਿਸ ਵਕਤ ਵੀ ਜੀਅ ਕਰੇ ਉਸੇ ਵਕਤ ਆਪਣੀ ਮਰਜ਼ੀ ਦੇ ਨਾਲ ਉਹ ਸੰਸਾਰ ਤੋਂ ਜਾ ਸਕਦੇ ਨੇ ਕਿਉਂਕਿ ਪੂਰਨ ਹੁੰਦੇ ਨੇ, ਪ੍ਰਾਲਬਧ ਦਾ ਉਨ੍ਹਾਂ ਦੇ ਉਤੇ ਵੱਸ ਨਹੀਂ ਹੋਇਆ ਕਰਦਾ, ਆਪਣੀ ਮਰਜ਼ੀ ਦੇ ਨਾਲ ਜਾ ਸਕਦੇ ਨੇ ਜਿਸ ਬਾਰੇ ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ -

***ਗੁਰਮੁਖ ਆਵੈ ਜਾਵੈ ਨਿਸੰਗ॥***

ਹਜ਼ਾਰਾਂ ਮਿਸਾਲਾਂ ਸਾਧੂ-ਸੰਤਾਂ, ਮਹਾਂਪੁਰਸ਼ਾਂ ਦੀਆਂ ਨੇ ਕਿ ਜਦੋਂ ਜੀਅ ਕਰਿਆ ਉਨ੍ਹਾਂ ਦਾ ਉਹ ਚੁੱਪ ਕਰਕੇ ਤੁਰ ਗਏ। ਤੁਰਿਆ ਹੋਇਆਂ ਨੂੰ ਬੁਲਾ ਲਿਆ ਮੁੜ ਕੇ ਫੇਰ ਉਸੇ ਸਰੀਰ ਵਿਚ ਹਾਜ਼ਰ ਹੋ ਗਏ। ਭਾਈ ਦਇਆ ਸਿੰਘ ਜੀ ਮਹਾਰਾਜ ਜੀ ਦੇ ਕੋਲ ਬੈਠ ਨੇ। ਪ੍ਰਸ਼ਾਦਾ ਛਕ ਕੇ ਹਟੇ ਨੇ ਗੁਰੂ ਦਸਵੇਂ ਪਾਤਸ਼ਾਹ ਤੇ ਆਪ ਨੂੰ (ਭਾਈ ਦਇਆ ਸਿੰਘ ਜੀ ਨੂੰ) ਇਕ ਕੰਬਣੀ ਜਿਹੀ ਆਈ ਆਪ ਨਮਸਕਾਰ ਕਰਕੇ ਤੁਰ ਗਏ, ਗੁਪਤ ਰੱਖ ਲਈ ਗੱਲ ਤੇ ਜਾ ਕੇ ਸਰੀਰ ਛੱਡ ਦਿਤਾ। ਸ਼ਬਦ ਪੜ੍ਹਨੇ ਸ਼ੁਰੂ ਹੋ ਗਏ ਤੇ ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਭਾਈ! ਐਸੇ ਸ਼ਬਦ ਪੜ੍ਹੇ ਜਾ ਰਹੇ ਨੇ। ਸਿੰਘ ਕਹਿੰਦੇ ਕਿ ਮਹਾਰਾਜ! ਭਾਈ ਦਇਆ ਸਿੰਘ ਜੀ ਪਿਆਨਾ ਕਰ ਗਏ।

ਕਹਿੰਦੇ, "ਅੱਛਾ! ਸਾਨੂੰ ਦੱਸਿਆ ਹੀ ਨਹੀਂ ਜਾਣ ਵੇਲੇ। ਜਾਓ ਬੁਲਾਓ ਉਨ੍ਹਾਂ ਨੂੰ।"

ਉਸ ਵੇਲੇ ਜਾ ਕੇ ਅਵਾਜ਼ ਦਿਤੀ ਤੇ ਜਿਸ ਵਕਤ ਆਵਾਜ਼ ਦਿੰਦੇ ਨੇ ਤਾਂ ਉਹ ਉਸੇ ਵੇਲੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਠ ਖੜ੍ਹੇ ਤੇ ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਨਮਸਕਾਰ ਕਰੀ।

ਮਹਾਰਾਜ ਜੀ ਕਹਿੰਦੇ, "ਭਾਈ ਦਇਆ ਸਿੰਘ ਜੀ! ਸਾਰੀ ਜ਼ਿੰਦਗੀ ਆਪਾਂ ਇਕੱਠੇ ਰਹੇ, ਹਰ ਗੁਪਤ ਗੱਲ ਦੀ ਮੈਂ ਤੁਹਾਡੇ ਨਾਲ ਸਲਾਹ ਕਰਦਾ ਰਿਹਾ ਹਾਂ। ਜਿਥੇ ਔਖਾ ਸਮਾਂ ਆਇਆ ਉਥੇ ਮੈਂ ਤੁਹਾਨੂੰ ਭੇਜਦਾ ਰਿਹਾ ਹਾਂ ਤੇ ਆਹ ਕੀ ਕਰਿਆ ਤੁਸੀਂ? ਜਾਣ ਵੇਲੇ ਦਸਿਆ ਹੀ ਨਹੀਂ।"

ਕਹਿੰਦੇ, "ਸੱਚੇ ਪਾਤਸ਼ਾਹ! ਇਧਰ ਵੀ ਆਪ ਦਾ ਹੀ ਹੁਕਮ ਚਲਦਾ ਹੈ ਤੇ ਓਧਰ ਵੀ ਆਪ ਦਾ ਹੁਕਮ ਚਲਦਾ ਹੈ। ਤੁਸੀਂ ਤਾਂ ਮੈਨੂੰ ਬੁਲਾਇਆ ਸੀ।"

ਹੁਣ ਸੰਗਤ ਵਿਚ ਇਕ ਗੱਲ ਪ੍ਰਗਟ ਕਰਕੇ ਦਿਖਾਉਣੀ ਸੀ।

ਫੇਰ ਮਹਾਰਾਜ ਜੀ ਕਹਿਣ ਲੱਗੇ, "ਚੰਗਾ! ਅਸੀਂ ਜੋ ਮਾਛੀਵਾੜੇ ਸ਼ਬਦ ਪੜ੍ਹਿਆ ਸੀ, ਸੁਨੇਹਾ ਦਿਤਾ ਸੀ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਤੇ ਅੱਜ ਸਾਡਾ ਸੁਨੇਹਾ ਫੇਰ ਤੁਸੀਂ ਜਾ ਕੇ ਕਹਿ ਦਿਓ।" ਮਹਾਰਾਜ ਜੀ ਨੇ ਫੇਰ ਸ਼ਬਦ ਦਾ ਉਚਾਰਨ ਕਰਿਆ ਭਾਈ ਦਇਆ ਸਿੰਘ ਜੀ ਜਾਂਦੇ ਨੇ ਤੇ ਜਾ ਕੇ ਬੈਠ ਗਏ, ਉਸੇ ਵੇਲੇ ਆਪ ਨੇ ਸਰੀਰ ਛੱਡ ਦਿਤਾ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਕੋਲ ਸੰਗਤਾਂ ਆ ਗਈਆਂ। ਆਪ ਨੇ ਤਿਆਰੀ ਕਰ ਲਈ ਕਿ ਸਰੀਰ ਛੱਡਣਾ ਹੈ। ਸੰਗਤ ਨੇ ਵੈਰਾਗ ਕਰਿਆ। ਬਾਬਾ ਲਾਲ ਸਿੰਘ ਜੀ ਜੋ ਸ੍ਰੀ ਮਾਨ (ਲਾਂਗਰੀ) ਸੀ ਲੰਗਰ ਦੇ ਆ ਗਏ ਤੇ ਬੇਨਤੀ ਕਰਦੇ ਨੇ। ਜਦੋਂ ਬਹੁਤ ਬੇਨਤੀਆਂ ਕਰੀਆਂ ਤਾਂ ਬਾਬਾ ਜੀ ਕਹਿੰਦੇ, "ਭਾਈ ਲਾਲ ਸਿੰਘਾ! ਆਪਾਂ ਅਕਾਲ ਪੁਰਖ ਦੀ ਨੇਤ ਨੂੰ ਤਾਂ ਤੋੜ ਨਹੀਂ ਸਕਦੇ।

ਤੁਸੀਂ ਸਾਡੇ ਥਾਂ ਚਲੇ ਜਾਓ, 2 ਸਾਲ, 2 ਮਹੀਨੇ ਸਾਡਾ ਇੰਤਜ਼ਾਰ ਕਰਿਓ, ਅਸੀਂ ਵੀ ਤੁਹਾਡੇ ਥਾਂ ਆ ਜਾਵਾਂਗੇ।"

ਉਸ ਵੇਲੇ ਜਿਹੜਾ ਬਕਸਾ ਉਨ੍ਹਾਂ ਨੇ ਆਪਣੇ ਵਾਸਤੇ ਬਣਾਇਆ ਸੀ। ਕਹਿਣ ਲੱਗੇ, ਸਾਢੇ ਚਾਰ ਵਜੇ ਆਪ ਨੇ ਸਰੀਰ ਛੱਡਣ ਦੀ ਤਿਆਰੀ ਕਰ ਲੈਣੀ।

ਲੰਗਰ ਦੀ ਸੇਵਾ ਕਰਦਿਆਂ ਦੋ ਵੱਜ ਗਏ। ਉਸ ਵੇਲੇ ਬਾਬਾ ਜੀ ਨੇ ਸੁਨੇਹਾ ਭੇਜਿਆ, ਉਨ੍ਹਾਂ ਨੂੰ ਕਹੋ ਕਿ ਸਮਾਂ ਥੋੜ੍ਹਾ ਰਹਿ ਗਿਆ ਹੈ ਤੇ ਇਸ਼ਨਾਨ ਕਰ ਲੈਣ। ਉਧਰ ਉਹ ਸੇਵਾ ਕਰਦੇ ਨੇ ਕਿ ਮੈਂ ਹੋਰ ਸੇਵਾ ਕਰ ਲਵਾਂ, ਹੋਰ ਸੇਵਾ ਕਰ ਲਵਾਂ, ਸਰੀਰ ਛੱਡ ਦੇਣਾ ਹੈ। ਉਸ ਵੇਲੇ ਇਸ਼ਨਾਨ ਕਰਕੇ ਆਪ ਬਾਬਾ ਜੀ ਦੇ ਕੋਲ ਜਾਂਦੇ ਨੇ। ਬੜੇ ਹੀ ਵੈਰਾਗ ਦੇ ਸ਼ਬਦ ਪੜ੍ਹੇ। ਜਦੋਂ ਚਾਰ ਵੱਜ ਗਏ ਉਸ ਵੇਲੇ ਆਪ ਨੇ ਬੇਨਤੀ ਕਰੀ ਕਿ ਸਾਧ ਸੰਗਤ ਜੀ! ਆਪਣੀਆਂ ਬਿਰਤੀਆਂ ਇਕਾਗਰ ਕਰੋ ਤੇ ਜਪੁਜੀ ਸਾਹਿਬ ਦਾ ਪਾਠ ਤੁਸੀਂ ਵੀ ਕਰੋ ਤੇ ਮੈਂ ਵੀ ਕਰਦਾ ਹਾਂ। ਉਸ ਵੇਲੇ ਉਨ੍ਹਾਂ ਨੇ ਪੂਰੇ 20 ਮਿੰਟ ਦੇ ਵਿਚ ਪਾਠ ਕਰਿਆ ਤੇ ਉਸ ਤੋਂ ਬਾਅਦ ਅਰਦਾਸਾਂ ਕਰੀਆਂ ਤੇ 4 ਵਜੇ ਕੇ 25 ਮਿੰਟ ਜਦੋਂ ਹੋਏ ਤਾਂ ਬਕਸੇ ਵਿਚ ਜਾ ਕੇ ਪੈ ਗਏ। ਪੰਜ ਮਿੰਟ ਤੋਂ ਬਾਅਦ ਬਾਬਾ ਜੀ ਕਹਿਣ ਲੱਗੇ, ਦੇਖੋ ਭਾਈ! ਭਾਈ ਲਾਲ ਸਿੰਘ ਜੀ ਦਾ ਕੀ ਹਾਲ ਹੈ।

ਉਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਦਾ ਰਾਜ ਸੀ ਤੇ ਅੰਗਰੇਜ਼ ਕਮਾਂਡਰ ਵਗੈਰਾ ਬੈਠੇ ਸਨ ਹੋਤੀ ਮਰਦਾਨ ਦੇ। ਸਾਰੇ ਇਹ ਦੇਖਣ ਨੂੰ ਆਏ ਕਿ ਬੰਦਾ ਕਿਵੇਂ ਚਲਿਆ ਜਾਂਦਾ ਹੈ? ਉਸ ਵੇਲੇ ਜਦੋਂ ਸੰਗਤ ਵਿਚੋਂ ਇਕ ਸਿੰਘ ਨੇ ਪੰਜ ਮਿੰਟ ਬਾਅਦ ਦੇਖਿਆ, ਸਹੀ ਸਮਾਂ ਹੋਇਆ। ਤਾਂ ਕਹਿੰਦੇ, "ਭਾਈ ਲਾਲ ਸਿੰਘ ਤਾਂ ਚਲੇ ਗਏ।"

ਸੋ ਜਦੋਂ ਇਹ ਉਨ੍ਹਾਂ ਦੇ ਗੁਰਸਿੱਖਾਂ ਵਿਚ ਸਾਰੀਆਂ ਸ਼ਕਤੀਆਂ ਹਨ ਤਾਂ ਫੇਰ ਮਾਤਾ ਜੀ ਨੂੰ ਕਹਿਣਾ ਕਿ ਜੀ! ਬੁਰਜ ਤੋਂ ਛਾਲ ਮਾਰੀ, ਕੋਈ ਕਹਿੰਦਾ ਹੈ ਕਿ ਮਾਤਾ ਜੀ ਹੀਰਾ ਮੰਗਦੇ ਸੀ ਕਿ ਸਾਥੋਂ ਇਹ ਸਦਮਾ ਸਹਿ ਨਹੀਂ ਹੁੰਦਾ, ਛੇਤੀ ਹੀਰਾ ਦਿਓ। ਓਹੀ ਮਾਤਾ ਜੀ ਭੇਜਦੇ ਸੀ ਕਿ ਬੇਟਾ! ਧਰਮ ਨਹੀਂ ਛੱਡਣਾ ਸਿਰ ਬੇਸ਼ੱਕ ਚਲਿਆ ਜਾਵੇ, ਇਹ ਨਾਲ ਜਾਣਾ ਹੈ ਸਿਰ ਨੇ ਨਾਲ ਨਹੀਂ ਜਾਣਾ। ਇਹ ਤਾਂ ਛੱਡਣਾ ਹੀ ਛੱਡਣਾ ਹੈ ਭਾਣਾ ਵਾਹਿਗੁਰੂ ਦਾ ਏਵੇਂ ਹੀ ਵਰਤਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਇਹ ਬਚਨ ਦੇਖਦੇ ਹਾਂ ਕਿ ਇਹ ਤਾਂ ਇਕ ਖੇਡ ਬਣਾਈ ਹੋਈ ਸੀ ਉਨ੍ਹਾਂ ਨੇ ਜਿਵੇਂ ਡਰਾਮਾ ਬਣਾਇਆ ਹੁੰਦਾ ਹੈ। ਬਾਕੀ ਜਿਹੜੇ ਗਿਆਨੀ ਭਗਤ ਹੁੰਦੇ ਨੇ ਪ੍ਰਮੇਸ਼ਰ ਵਿਚ ਮਿਲੇ ਹੁੰਦੇ ਨੇ, ਉਹ ਆਪਣੀ ਰਜ਼ਾ ਵਿਚ ਆਪੇ ਹੀ ਖੇਡਦੇ ਹੁੰਦੇ ਨੇ ਉਥੇ ਇਹ ਸਵਾਲ ਪੈਦਾ ਨਹੀਂ ਹੁੰਦਾ ਕਿ -

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ॥ ਅੰਗ - ੬੮੨***

ਜਿੱਥੇ 3 ਕਿਸਮ ਦੇ ਦੂਜੇ ਭਗਤ ਨੇ ਉਥੇ ਮਹਾਰਾਜ ਜੀ ਦਾ ਜੋ ਹੁਕਮ ਹੈ ਕਿਉਂਕਿ ਅਰਦਾਸ ਨਿਕਲਦੀ ਹੈ ਸਾਡੇ ਮਨ 'ਚੋਂ ਜਦੋਂ ਅਰਦਾਸ ਨਿਕਲਦੀ ਹੈ। ਉਸ ਵੇਲੇ ਉਹ ਸਾਡੀ ਰਾਖੀ ਕਰਦੇ ਨੇ ਸੋ ਅਸੀਂ ਜੁੜੇ ਰਹਿੰਦੇ ਹਾਂ। ਜਦੋਂ ਤੱਕ ਪੂਰਨ ਗਿਆਨ ਹੋ ਕੇ 'ਮੈਂ' ਭਾਵ ਨਸ਼ਟ ਨਹੀਂ ਹੁੰਦਾ ਅਰਦਾਸ ਕਾਇਮ ਰਹਿੰਦੀ ਹੈ। ਜਿਸ ਵਕਤ ਵਾਹਿਗੁਰੂ ਆਪੇ ਹੀ ਆਪ ਹੋ ਗਿਆ ਫੇਰ ਅਰਦਾਸ ਕਿਸ ਦੇ ਕੋਲ, ਉਹ ਤਾਂ ਉਸਦਾ ਹੀ ਰੂਪ ਹੈ, ਵਾਹਿਗੁਰੂ ਦਾ ਹੀ ਬਣ ਜਾਂਦਾ ਹੈ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖਾਲਸੇ ਮਹਿ ਹੌਂ ਕਰਹੁ ਨਿਵਾਸ॥***
***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਦੇ ਜੋ ਬਚਨ ਨੇ ਇਸ ਨੂੰ ਵੀ ਸਮਝਣ ਦਾ ਯਤਨ ਕਰੋ। ਜੋ ਸ਼ੰਕਾ ਸਾਡੇ ਮਨਾਂ ਵਿਚ ਪੈਦਾ ਹੁੰਦਾ ਹੈ ਉਸ ਨੂੰ ਵੀ ਨਵਿਰਤ ਕਰੋ। ਸੋ ਫੇਰ ਥੋੜ੍ਹਾ ਜਿਹਾ ਫਰਕ ਹੋਣ ਕਰਕੇ ਵੱਖੋ-ਵੱਖਰੇ ਹਾਲਾਤ ਦੇ ਮੁਤਾਬਿਕ ਇਸੇ ਤਰ੍ਹਾਂ ਦਾ ਹੋਇਆ ਕਰਦਾ ਹੈ।

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹਿ।**

---

(ਪੰਨਾ 2 ਦਾ ਬਾਕੀ)

ਜਿਵੇਂ ਬਾਹਰ ਦੀ ਤਪਸ਼ ਮਨੁੱਖ ਨੂੰ ਵਿਆਕੁਲ ਕਰਦੀ ਹੈ, ਇਸੇ ਤਰ੍ਹਾਂ ਉਸ ਜੀਵ ਰੂਪੀ ਇਸਤ੍ਰੀ ਨੂੰ ਮਾਨਸਕ ਤਪਸ਼ ਦਾ ਦੁੱਖ ਸਦਾ ਵਿਆਪਕ ਰਹਿੰਦਾ ਹੈ ਜੋ ਜੀਵਨ ਸਫਰ ਵਿਚ ਮੰਦੇ ਕਰਮਾਂ ਦੀ ਪੰਡ ਸਿਰ ਉਤੇ ਬੰਨ੍ਹ ਕੇ ਤੁਰਦੀ ਹੈ। ਇਸ ਤਪਸ਼ ਤੋਂ ਉਹ ਹੀ ਜੀਵ ਇਸਤ੍ਰੀ ਬਚ ਸਕਦੀ ਹੈ ਜੋ ਸਦਾ ਥਿਰ ਰਹਿਣ ਵਾਲੇ ਸੱਚੇ ਪ੍ਰਭੂ ਨੂੰ ਮਨ ਵਸਾਂਦੀ ਹੈ, ਉਸ ਦੇ ਗੁਣਾਂ ਦੀ ਸੰਭਾਲ ਕਰਦੀ ਹੈ। ਹੇ ਨਾਨਕ! ਜਿਹੜੀ ਜੀਵ ਇਸਤ੍ਰੀ ਆਪਣੇ ਪ੍ਰਭੂ ਨੂੰ ਆਪਣਾ ਮਨ, ਆਪਣਾ ਆਪਾ ਸਮਰਪਣ ਕਰ ਦਿੰਦੀ ਹੈ, ਉਸ ਦਾ ਪ੍ਰਭੂ ਨਾਲ ਸਦੀਵੀ ਸਾਥ ਬਣ ਜਾਂਦਾ ਹੈ। ਉਸ ਨੂੰ ਹਾੜ ਦੀ ਕਹਿਰਾਂ ਵਰਗੀ ਤਪਸ਼ ਅਤੇ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ। ਜਿਹੜਾ ਮਨੁੱਖ ਪ੍ਰਮਾਤਮਾ ਦਾ ਸੀਤਲ ਨਾਮ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਨੂੰ ਇਸ ਜੀਵਨ ਸਫਰ ਵਿਚ ਹਾੜ ਦੀ ਤਪਸ਼ ਦੁੱਖੀ ਨਹੀਂ ਕਰਦੀ।

***ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥***
***ਪੰਨਾ - 1291***

੫

# ਸੰਤ ਬਿਮਲਾ ਸਿੰਘ

*ਡਾ. ਭਾਈ ਵੀਰ ਸਿੰਘ ਜੀ*

## ਪਤਿਤ ਪਵਿੱਤਰ

### ਅਛੂਤ ਉਧਾਰ

*ਪਤਿਤ ਪਵਿਤ੍ਰ ਲੀਏ ਕਰਿ ਅਪਨੇ*
*ਸਗਲ ਕਰਤ ਨਮਸਕਾਰੋ॥*
*ਬਰਨੁ ਜਾਤਿ ਕੋਊ ਪੂਛੈ ਨਾਹੀ*
*ਬਾਛਹਿ ਚਰਨ ਰਵਾਰੋ॥*
*ਠਾਕੁਰ ਐਸੋ ਨਾਮੁ ਤੁਮਾਰੋ॥*
*ਸਗਲ ਸ੍ਰਿਸਟਿ ਕੋ ਧਣੀ ਕਹੀਜੈ*
*ਜਨ ਕੋ ਅੰਗੁ ਨਿਰਾਰੋ॥ ਰਹਾਉ॥*
*ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ॥*
*ਨਾਮ ਦੇਉ ਤ੍ਰਿਲੋਚਨੁ ਕਬੀਰ ਦਾਸਰੋ*
*ਮੁਕਤਿ ਭਇਓ ਚਮਿਆਰੋ॥*
*ਜੋ ਸਰਨਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥*

ਜਿਵੇਂ ਪਰਾਂ ਤੇ ਪਈ ਬਰਫ ਨੂੰ ਪੰਛੀ ਝਾੜਦਾ ਹੈ, ਪਰ ਹੁੰਦਾ ਅਜੇ ਠੰਢ ਵਿਚ ਹੈ, ਤਿਵੇਂ ਸਿਆਲੇ ਨੇ ਖੰਭ ਤਾਂ ਝਾੜੇ ਹੈਨ ਪਰ ਹੈ ਅਜੇ ਸਰਦੀ। ਸੰਤ ਬਿਮਲਾ ਸਿੰਘ ਜੀ ਵਿਚਰਦੇ ਵਿਚਾਰਦੇ ਚੱਕਾਂ ਵਿਚ ਆਏ ਹੋਏ ਹਨ। ਇਕ ਚੱਕ ਦੇ ਬਾਹਰ ਇਕ ਕੁਟੀ ਵਿਚ ਡੇਰਾ ਹੈ, ਖੋਰੀ ਹੇਠ ਵਿਛਾਈ ਹੋਈ ਹੈ, ਇਸ ਦੇ ਉਤੇ ਇਕ ਚਾਦਰਾ ਵਿਛਿਆ ਹੋਇਆ ਹੈ, ਜਿਸ ਪਰ ਬਿਰਾਜਦੇ ਹਨ। ਇਕ ਕੰਬਲੀ ਹੈ ਕਾਲੀ ਉੱਨ ਦੀ ਜੋ ਰਾਤ ਨੂੰ ਪਾਲੇ ਤੋਂ ਰੱਖਿਆ ਲਈ ਕੰਮ ਦਿੰਦੀ ਹੈ। ਲੇਫ ਜਿੰਨੀ ਨਿੱਘੀ ਤਾਂ ਨਹੀਂ, ਪਰ ਤਤਿਖਯਾ ਦਾ ਸੁਭਾਉ ਹੋਣ ਕਰਕੇ ਇੰਨੇ ਵਿਚ ਹੀ ਸੰਤ ਰਾਤ ਦਾ ਨਿਰਬਾਹ ਕਰ ਲੈਂਦੇ ਹਨ। ਦਿਨ ਵੇਲੇ ਏਸੇ ਕੰਬਲੀ ਦਾ ਬੁੱਕਲ ਮਾਰ ਲੈਂਦੇ ਹਨ। ਇਸੀ ਤਰ੍ਹਾਂ ਆਪਣੇ ਸਰੀਰ ਦੀਆਂ ਲੋੜਾਂ ਬਹੁਤ ਘਟਾ ਛੱਡੀਆਂ ਹਨ, ਜੋ ਕਿਸੇ ਉਤੇ ਸੰਤਾਂ ਦਾ ਸਰੀਰ ਭਾਰੂ ਨਾ ਹੋਵੇ। ਅੰਤਰ ਆਤਮੇ ਵਾਹਿਗੁਰੂ ਜੀ ਨਾਲ ਲਗਾਉ ਵਿਚ ਸਦਾ ਰਹਿਣ ਕਰਕੇ ਤ੍ਰਿਸ਼ਨਾ, ਹਾਂ ਸੰਸਾਰਕ ਭੋਗਾਂ ਦੀਆਂ ਤ੍ਰਿਸ਼ਨਾ ਤੇ ਬਿਜੈ ਪਾ ਚੁੱਕੇ ਹਨ। ਹੈ ਤਾਂ ਆਖਣਾ ਸੌਖਾ ਪਰ ਕਮਾਈ ਕਠਨ ਹੈ ਤ੍ਰਿਸ਼ਨਾ ਨੂੰ ਜਿਤ ਲੈਣ ਦੀ। ਪਰ ਸੰਤਾਂ ਤੇ ਮਿਹਰ ਹੋਈ ਹੈ, ਉਚੇ ਰਸ ਵਿਚ ਚਲੇ ਗਏ ਹਨ, ਇਸ ਕਰਕੇ ਨੀਵੇਂ ਰਸਾਂ ਦੀ ਖਿੱਚ ਨਹੀਂ ਰਹੀ। ਹਾਂ ਇਹ ਰਸ ਛਾਡੇ ਉਹ ਰਸ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥ ਰਾਮ ਰਸੁ ਪੀਆ ਰੇ॥ ਜਿਹ ਰਸੁ ਬਿਸਰਿ ਗਏ ਰਸ ਅਉਰ॥ ਆਪ ਗੁਰੂ ਮਤ ਦੁਆਰਾ ਪਰਮ ਪਦ ਨੂੰ ਅੱਪੜੇ ਹਨ, ਇਸ ਕਰਕੇ ਇਹ ਗੱਲ ਨਹੀਂ ਹੋਈ ਕਿ ਕੋਈ ਮੁਰਦਿਹਾਨ ਜੇਹੀ ਵੈਤ੍ਰਿਸ਼ਨ ਅਵਸਥਾ ਆਈ ਹੋਵੇ। ਆਪ ਰਸੀਏ ਹਨ ਸਾਈਂ ਦੇ ਰਸ ਦੇ, ਨਾਮ ਰਸ ਦੇ, ਰਸੀਏ ਹਨ ਕੁਦਰਤ ਦੇ ਰੰਗਾਂ ਦੇ, ਰਸੀਏ ਹਨ ਉਹ ਸੁਹਜ ਦੇ ਜੋ ਕੀਰਤਨ ਵਿਚ ਵਸਦਾ ਹੈ, ਰਸੀਏ ਹਨ ਕੋਮਲ ਉਨਰਾਂ ਦੇ ਵਿਸਮਾਦੀ ਪਹਿਲੂ ਦੇ। ਪਰ ਸਭ ਤੋਂ ਉੱਚੇ ਆਤਮ ਰਸ ਦੇ ਰਸੀਏ ਹੋਣ ਕਰਕੇ ਅਸਥੂਲ ਤੇ ਤ੍ਰਿਸ਼ਨਾ ਮਈ ਨੀਵੇਂ ਰਸਾਂ ਵਿਚ ਆਪ ਦੀ ਬ੍ਰਿਤੀ ਸਥੂਲਤਾ ਪ੍ਰਤੀਤ ਕਰਦੀ ਹੈ ਤੇ ਅੰਦਰਲੇ ਸੂਖਮ ਰਸ ਦੀ ਲੱਖਤਾ ਉਨ੍ਹਾਂ ਰਸਾਂ ਵਿਚ ਜਾ ਕੇ ਗੁੰਮਦੀ ਸਮਝਦੇ ਹਨ, ਇਸ ਤਰ੍ਹਾਂ ਹੋਰ ਰਸ ਹੁਣ ਰਸਮਈ ਨਹੀਂ ਭਾਸਦੇ ਸਗੋਂ ਅੰਦਰਲੇ ਸੂਖਮ ਰਸਾਂ ਤੋਂ ਰਸਹੀਨ ਕਰਨ ਵਾਲੇ ਜਾਪਦੇ ਹਨ। ਐਉਂ ਕਿਸੇ ਵੈਤ੍ਰਿਸਨ ਪਰ ਆਤਮਾ ਰਸ ਵਾਲੀ - ਰਸ ਵੈਰਾਗੀ ਅਵਸਥਾ ਵਿਚ ਰਹਿੰਦੇ ਹਨ ਸੰਤ ਆਪ। ਇਧਰ ਗੁਰੂ ਘਰ ਤੋਂ ਵਰੋਸਾਏ ਜਾ ਕੇ ਜਗਤ ਜਲੰਦੇ ਵਿਚ ਖੁਨਕ ਨਾਮ ਖੁਦਾਇਆ ਦੀ ਠੰਢ ਵਰਤਾਉਣ ਦੀ ਸੁਤੇ ਸੇਵਾ ਵਿਚ ਲਗ ਜਾਂਦੇ ਹਨ। ਇਸ ਤਰ੍ਹਾਂ ਆਪ ਹੁਣ ਜਿਸ ਚੱਕ ਵਿਚ ਸਨ ਸੇਵਾ ਕਰ ਰਹੇ ਸਨ। ਰਹਿੰਦੇ ਤਾਂ ਸਨ ਇਕਾਂਤ ਸੱਤ ਪਹਿਰ, ਪਰ ਅਠਵੇਂ ਪਹਿਰ ਪ੍ਰਭਾਤੇ ਗੁਰਦੁਆਰੇ ਕੀਰਤਨ ਸੁਣਦੇ ਤੇ ਗੁਰੂ ਬਾਬੇ ਦੀ ਕਥਾ ਕਰਕੇ ਡੇਰੇ ਆ ਜਾਂਦੇ ਸਨ।

੨

ਅੰਮ੍ਰਿਤ ਵੇਲਾ ਹੋ ਬੀਤਿਆ, ਕਥਾ ਦਾ ਭੋਗ ਪੈ ਗਿਆ। ਸੰਤ ਧਰਮਸਾਲਾ ਤੋਂ ਟੁਰੇ ਕੁਟੀ ਵਲ ਨੂੰ ਪਰ ਕੁਝ ਸੈਲੇ ਦੇ ਖਿਆਲ ਨਾਲ ਬਨ ਵਲ ਨਿਕਲ ਗਏ। ਕੀ ਦੇਖਦੇ ਹਨ ਕਿ ਇਕ ਆਲ੍ਹਣੇ ਤੋਂ ਦੋ ਬੋਟ ਢੱਠੇ ਹਨ, ਇਕ ਇਨਸਾਨੀ ਖੋਪਰੀ ਪਈ ਹੈ, ਬੋਟ ਇਸ ਵਿਚ ਵੜ ਗਏ ਹਨ, ਚੀਂਚੀਂ ਕਰਦੇ ਹਨ ਤੇ ਅੱਖਾਂ ਵਾਲੇ ਛੇਕਾਂ ਤੋਂ ਚੁੰਝਾਂ ਬਾਹਰ ਕੱਢਦੇ ਤੇ ਅੰਦਰ ਖਿੱਚਰੇ ਹਨ। ਇਕ ਪਲ ਲਈ ਸੰਤ ਖੜੋ ਗਏ। ਸੋਚੀਂ ਪੈ ਗਏ, ਹੈਂ! ਹੇ ਖੋਪਰੀ! ਕੀ ਜਾਨੀਏਂ ਤੂੰ ਕਿਸਦੀ ਹੈਂ? ਤੇਰੇ ਤੇ ਕਿਸ ਤਰ੍ਹਾਂ ਦਾ ਰੂਪ ਤੇ ਜੋਬਨ ਸੀ ਜਦੋਂ ਤੂੰ ਕਿਸੇ ਜੀਉਂਦੇ ਸਰੀਰ ਦਾ ਸਿਰਤਾਜ਼ ਸੈਂ। ਹਾਂ, ਕੀ ਤੂੰ ਉਹੋ ਸੁੰਦਰੀ ਤਾਂ ਨਹੀਂ ਸੈਂ, ਜਿਸ ਨੇ ਆਪਣੀ ਗੋਲੀ ਦਾ ਪੀਠਿਆ ਕੱਜਲ ਅੱਖਾਂ ਵਿਚ ਪਾਇਆ ਸੀ। ਹਾਂ, ਕੱਜਲ ਪੀਹਣ ਵਿਚ ਰਤਾ ਮੁਟੇਰਾ ਰਹਿ ਗਿਆ ਸੀ, ਸੁੰਦਰੀ ਨੇ ਕੱਜਲ ਪੀਹਣ ਵਾਲੀ ਗੋਲੀ ਨੂੰ ਕਮਚੀਆਂ ਨਾਲ ਮਾਰਿਆ ਸੀ ਕਿ ਮੇਰੇ ਨਾਜ਼ਕ ਨੈਣਾਂ ਨੂੰ ਤੂੰ ਖੇਚਲ ਕਿਉਂ ਦਿਤੀ ਹੈ। ਆਹ ਸੁੰਦਰੀ! ਕੀ ਤੈਨੂੰ ਹੇ ਖੋਪਰ ਤਦੋਂ ਪਤਾ ਸੀ ਕਿ ਇਕ ਦਿਨ ਇਸ ਸਰੀਰ ਵਿਚੋਂ ਜਿੰਦਰ

ਵਹੁਟੀ ਨੂੰ ਮੌਤ ਦਾ ਵਰ ਪਰਨਾ ਲੈ ਜਾਸੀ ਤਾਂ ਇਹ ਛੁੱਟੜ ਹੋ ਡਿੱਗੇਗੀ। ਹਾਂ ਉਹ ਸੁਹਣਾ ਦਮਕਦਾ ਮਾਸ ਉਡ ਜਾਏਗਾ ਤੇ ਉਸ ਸੋਚਾਂ ਵਾਲੇ ਹੰਕਾਰੀ ਸਿਰ ਵਿਚੋਂ ਮਦ-ਮੱਤਾ ਮਗਜ਼ ਮਿਟ ਜਾਏਗਾ ਉਥੇ ਬੋਟ ਆ ਕੇ ਵੜਨਗੇ ਤੇ ਚੀਂ ਚੀਂ ਕਰਕੇ ਸਿਰ ਵਿਚ ਹੀ ਸ਼ੋਰ ਮਚਾਉਣਗੇ। ਉਨ੍ਹਾਂ ਨੈਣ ਕੋਇਆਂ ਵਿਚ ਜਿੱਥੇ ਕਜਲ ਦੀ ਰੇਖ ਰੜਕਾਂ ਮਾਰਦੀ ਸੀ ਬੋਟਾਂ ਦੀਆਂ ਚੁੰਝਾਂ ਉਛਾਲੇ ਲੈਣਗੀਆਂ ਤੇ ਤੈਨੂੰ ਰੜਕਾਂ ਨਹੀਂ ਪੈਣਗੀਆਂ। ਹਾਂ ਤੇਰੀਆਂ ਨਾਜ਼ੁਕ ਅੱਖੀਆਂ ਨਹੀਂ ਹੋਣਗੀਆਂ। ਹੇ ਮਨ! ਇਹ ਨਜ਼ਾਰਾ ਦੇਖ ਅਤੇ ਆਪਣੇ ਤੇ ਘਟਾ ਜਿਵੇਂ ਕਦੇ ਫਰੀਦ ਸਾਂਈਂ ਨੇ ਇਹੋ ਰੰਗ ਡਿੱਠਾ, ਮਨ ਵਿਚ ਕੰਘੀ ਮਾਰੀ ਤੇ ਸਾਡੇ ਉਪਦੇਸ਼ ਲਈ ਸੱਦ ਦਿਤੀ ਸੀ-

***ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥***
***ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠੁ॥***

ਇਉਂ ਵਿਰਾਗਦੇ ਸੰਤ ਅੱਗੇ ਟੁਰੀ ਗਏ। ਅੱਗੇ ਗਏ ਤਾਂ ਪੂਛ ਹੇਠੋਂ ਪੀਲੇ ਰੰਗ ਦੇ ਚਿੰਨ੍ਹ ਵਾਲੇ ਕੁਰਸੂ ਨਜ਼ਰ ਪਏ ਜੋ ਟਹਿਣੀਆਂ ਤੇ ਕੁਦ ਟਪ ਰਹੇ ਸਨ। ਸੁਤੀ ਹੋਈ ਜੀਵਨ ਸੱਤਜਾ ਵਾਲੀਆਂ ਟਾਹਣੀਆਂ ਤੇ, ਏਹ ਕੀਕੂੰ ਰੰਗ ਰਲੀਆਂ ਮਨਾਂ ਰਹੇ ਹਨ, ਨਾ ਟਾਹਣੀਆਂ ਨੂੰ ਇਨ੍ਹਾਂ ਦੇ ਜੀਵਨ ਹੁਲਾਰੇ ਦਾ ਪਤਾ ਹੈ ਨਾ ਇਨ੍ਹਾਂ ਦੇ ਜੀਵਨ ਹੁਲਾਰੇ ਨੂੰ ਟਾਹਣੀਆਂ ਦੀ ਸੁਖੋਪਤੀ ਦਾ ਥਹੁ ਹੈ। ਕੁਛ ਦੂਰ ਹੋ ਅੱਗੇ ਗਏ ਤਾਂ ਸੁਰਖ ਨਿਸ਼ਾਨ ਵਾਲੀਆਂ ਬੁਲਬੁਲਾਂ ਨਜ਼ਰ ਪਈਆਂ, ਉਹ ਧਰਤੀ ਤੇ ਕੀੜੇ ਲੱਭ ਰਹੀਆਂ ਸਨ, ਜੀਵਨ ਜੀਵਨ ਤੇ ਪਲ ਰਿਹਾ ਸੀ, ਇਕ ਜੀਵਨ ਮਰ ਰਿਹਾ ਤੇ ਦੂਸਰਾ ਉਸ ਨਾਲ ਜੀਉ ਰਿਹਾ ਸੀ। ਸੰਤਾਂ ਦੀ ਵੈਰਾਗਮਈ ਵੀਚਾਰ ਨੇ ਫੇਰ ਇਕ ਸਾਹ ਲੰਮੇਰਾ ਜਿਹਾ ਲਿਆ, ਵਾਹ ਵਾਹ ਜੀਵਨ, ਆਪੇ ਭੋਗਤਾ ਤੇ ਆਪੇ ਭੋਗਨਹਾਰ ਹੋ ਰਿਹਾ ਹੈਂ ਤੂੰ। ਇਕ ਦੀ ਮੌਤ ਦੂਏ ਦਾ ਜੀਵਨ ਬਣ ਰਹੀ ਹੈ। ਸੰਤ ਹੋਰ ਅੱਗੇ ਗਏ ਤਾਂ ਇਕ ਢੇਰੀ ਉਤੇ ਇਕ ਖੋਪਰੀ ਪਈ ਸੀ, ਇਸ ਤੇ ਬੈਠੀ ਇਕ ਬੁਲਬੁਲ ਚਿਹਚਿਹ ਕਰਕੇ ਖੁਸ਼ੀ ਦਾ ਮਾਨੋਂ ਗੀਤ ਗਾ ਰਹੀ ਸੀ। ਵੈਰਾਗਮਈ ਮਨ ਨੇ ਫੇਰ ਤੱਕਿਆ ਤੇ ਆਕਿਆ, ਵਾਹ ਜੀਵਨ ਦੀ ਰੌ, ਮੌਤ ਨੂੰ ਸਿੰਘਾਸਣ ਬਣਾ ਕੇ ਜਿੰਦੜੀ ਕੀਕੂੰ ਰਾਗ ਅਲਾਪ ਰਹੀ ਹੈ। ਹੇ ਜਿੰਦੇ ਤੈਨੂੰ ਨਹੀਂ ਪਤਾ ਕਿ ਤੇਰਾ ਅੰਤ ਉਹੋ ਹੈ ਕਿ ਜਿਸ ਉਤੇ ਪੈਰ ਟਿਕਾ ਕੇ ਤੂੰ ਸੁਰਤ ਦੇ ਉਚਾਲ ਵਿਚ ਬੇਗੁਮਰਾਹੀ ਦੇ ਗੀਤ ਗਾ ਰਹੀ ਹੈਂ ਤੇ ਇਹ ਸਮਝ ਰਹੀ ਹੈਂ ਕਿ ਮਾਨੋਂ ਤੂੰ ਹੈਂ, ਤੇਰਾ ਦੁਆਲਾ ਹੈ, ਚਾਨਣਾ ਹੈ, ਠੰਢੀ ਹਵਾ ਹੈ, ਬਨ ਦੀ ਸੁਗੰਧੀ ਹੈ ਤੇ ਤੇਰਾ ਅਲਾਪ ਹੈ। ਨਾ ਤੈਨੂੰ ਮੌਤ ਦਾ ਪਤਾ ਹੈ, ਨਾ ਡਰ ਹੈ, ਨਾ ਸੂਗ ਹੈ, ਨਾ ਵੈਰਾਗ ਹੈ। ਕੁਛ ਹੋਰ ਅੱਗੇ ਗਏ ਤਾਂ ਇਕ ਬ੍ਰਿਛ ਡਿੱਗ ਕੇ ਜ਼ਿਮੀਂ ਤੇ ਢੱਠਾ ਮੀਂਹ ਹਨ੍ਹੇਰੀ ਧੁੱਪ ਗੜੇ ਦੀ ਮਾਰ ਨਾਲ ਗਲ ਸੜ ਰਿਹਾ ਸੀ ਤੇ ਇਸ ਦੀ ਮਿੱਟੀ ਹੋ ਕੇ ਪਈ ਰੇਹ ਵਿਚੋਂ ਹੋਰ ਪੌਦ ਬਣ-ਬ੍ਰਿਛਾਂ ਦੀ ਉੱਗ ਰਹੀ ਸੀ। ਫੇਰ ਠਟਕੇ ਤੱਕੇ ਤੇ ਹੱਸੇ, ਵਾਹ ਵਾਹ ਜੀਵਨ। ਇਹੋ ਬ੍ਰਿਛ ਜੀਉਂਦਾ ਸੀ ਜਦੋਂ ਤਦੋਂ ਇਹੋ ਪਾਣੀ, ਧੁਪ, ਹਵਾ ਮੀਂਹ ਇਸਨੂੰ ਪਾਲਦੇ ਸਨ, ਹੁਣ ਜੀਵਨ ਕਣੀ ਦੇ ਉਹਲੇ ਹੁੰਦਿਆਂ ਹੀ ਉਸਨੂੰ ਇਨ੍ਹਾਂ ਨੇ ਹੀ ਗਾਲ ਸੱਟਿਆ ਹੈ ਤੇ ਦੇਖੋ ਇਸ ਦੀ ਮੌਤ ਤੋਂ ਜੀਵਨ ਪੁੰਗਰ ਰਿਹਾ ਹੈ। ਇਹ ਜੀਵਨ ਪੁੰਗਾਰਾ ਉਸ ਦੀ ਮੌਤ ਤੇ ਪਲ ਰਿਹਾ ਹੈ। ਇਕ ਪਾਸੇ ਮੌਤ ਖੁਰਾਕ ਬਣ ਰਹੀ ਹੈ, ਦੂਸਰੇ ਪਾਸੇ ਜੀਵਨ ਉਸਨੂੰ ਖਾ ਕੇ ਪਲ ਰਿਹਾ ਹੈ। ਵਾਹ ਵਾਹ ਰੰਗ! ਕਿਤੇ ਜੀਵਨ ਜੀਵਨ ਦੀ ਖੁਰਾਕ ਹੈ, ਕਿਤੇ ਮੌਤ ਜੀਵਨ ਦੀ ਖੁਰਾਕ ਹੈ, ਕਿਤੇ ਜੀਵਨ ਮੌਤ ਦੀ ਖੁਰਾਕ ਹੈ। ਹਾਂ ਜੀਵਨ ਨੂੰ ਮੌਤ ਖਾ ਰਹੀ ਹੈ ਹਰ ਛਿਨ। ਅਸੀਂ ਜੋ ਕੁਛ ਖਾਂਦੇ ਪੀਂਦੇ ਹਾਂ ਉਹ ਸਾਨੂੰ ਪਾਲਦਾ ਹੈ, ਪਰ ਉਸੇ ਤੋਂ ਅੰਦਰ ਉਤਪਤ ਹੁੰਦੇ ਹਨ ਓਹ ਬੇ ਮਲੂਮੇ ਜ਼ਹਰ ਜੋ ਸਹਜੇ ਸਹਜੇ ਖਾਰਦੇ ਰਹਿੰਦੇ ਹਨ ਇਸੇ ਸਰੀਰ ਨੂੰ ਕਿ ਜਿਸਨੂੰ ਉਹ ਪਾਲਦੇ ਹਨ। ਫਿਰ ਦੇਖੋ ਭੋਜਨ ਨਾਲ ਸਰੀਰ ਦੇ ਅਵੈਵ ਬਣ ਰਹੇ ਹਨ ਤੇ ਕੰਮ ਨਾਲ ਸਰੀਰ ਦੇ ਅਵੈਵ ਖਰ ਰਹੇ ਹਨ। ਇਕ ਪਾਸੇ ਜੀਵਨ ਦੀ ਕ੍ਰਿਆ ਜਾਰੀ ਹੈ ਇਕ ਪਾਸੇ ਮੌਤ ਦੀ। ਜੋ ਸਾਡੇ ਸਰੀਰ ਦੇ ਅਵੈਵ ਅੱਜ ਹਨ, ਸਤ ਬਰਸਾਂ ਨੂੰ ਇਨ੍ਹਾਂ ਵਿਚੋਂ ਕੋਈ ਨਹੀਂ ਹੋਵੇਗਾ, ਉਹ ਖਰ ਮਰ ਗਏ, ਪਰ ਜੋ ਰੋਜ਼ ਬਣ ਰਹਨੇ ਹਨ ਉਨ੍ਹਾਂ ਦਾ ਨਵਾਂ ਸਰੀਰ ਹੋਵੇਗਾ ਸੱਤ ਬਰਸ ਨੂੰ। ਐਉ ਦਸਦੇ ਹਨ ਸਰੀਰ ਦੀ ਵਿਦਿਆ ਦੇ ਜਾਣਕਾਰ। ਤਾਂ ਦੇਖੋ ਜੀਵਨ ਅਰ ਮੌਤ ਹੱਥ ਵਿਚ ਹੱਥ ਪਾਈ ਟੁਰ ਰਹੇ ਹਨ। ਨਹੀਂ, ਜੀਵਨ ਮੌਤ ਨੂੰ ਪਾਲ ਰਿਹਾ ਹੈ, ਮੌਤ ਜੀਵਨ ਨੂੰ ਪਾਲ ਰਹੀ ਹੈ। ਕੀ ਹੈ ਜੀਵਨ, ਕੀ ਹੈ ਮੌਤ? ਇਕ ਚਮਤਕਾਰ ਹੈ ਕਿਸੈ ਲਹਰਦੇ ਪਦਾਰਥ ਦਾ। ਹੈਂ? ਦੋਵੇਂ ਇਕੋ ਹਨ? ਦੋਵੇਂ ਦੁਇ ਹਨ? ਦੁਇ ਇਕ ਦੂਏ ਦੇ ਪ੍ਰਕਾਸ਼ਕ ਹਨ, ਇਕ ਦੂਏ ਦੇ ਕਾਰਣ ਕਾਰਜ ਹਨ।

ਹਾਂ, ਸੱਚੇ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਫੁਰਮਾਇਆ ਹੈ -

'ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੰਸਾਰੁ ਉਪਾਇਆ' ਹਾਂ ਸਿਰਜਨਹਾਰ ਨੇ ਪਹਿਲਾਂ ਮੌਤ ਰਚੀ ਫੇਰ ਸੰਸਾਰ ਰਚਿਆ। ਰਚਨਾ ਹੀ ਮੌਤ ਤੇ ਜੀਵਨ ਦੀ ਢੋਲ ਚੁਹੱਕਲੀ ਨਾਲ ਰਚਾਈ ਹੈ ਵਾਹਵਾ ਤੇਰੇ ਰੰਗ! ਹਾਂ ਸੰਸਾਰ ਦੂੰਦਾਂ ਦੀ ਖੇਲ ਹੈ। ਅਖੇਲ ਹੈ ਪਰਮਾਤਮਾ ਅਕਾਲ ਪੁਰਖ ਅਤੀਤ ਤੈ ਸਰਵ ਵਜਾਪੀ। ਉਸ ਵਿਚ ਪਹੁੰਚ, ਹਾਂ ਉਸ ਵਿਚ ਪਹੁੰਚ।

੩

ਉਸ ਦਿਨ ਸੰਤ ਇਸ ਤਰ੍ਹਾਂ ਦੇ ਵੈਰਾਗ ਵਿਚਾਰ ਤੇ ਤੱਤ੍ਵ ਵੀਚਾਰ ਵਿਚ ਰਹੇ। ਅਗਲੇ ਦਿਨ ਜਦ ਕਥਾ ਕੀਤੀ ਤਾਂ ਇਸੇ ਵਿਸ਼ੇ ਤੇ ਕੀਤੀ। ਅੰਤ ਵਿਚ ਕਹਿਣ ਲੱਗੇ, ਭਾਈ ਹੁਣ ਤੁਸੀਂ ਤੱਕ ਲਿਆ ਹੈ ਕਿ ਮੌਤ ਤੇ ਜੀਵਨ ਕੀਕੂੰ ਆਪੋ ਵਿਚ ਰਲੇ ਪਏ ਹਨ, ਜੇ ਹਰ ਛਿਨ ਸਾਡੇ ਸਰੀਰ ਦੇ ਅਵੈਵ ਭਜਦੇ ਤੇ ਨਵੇਂ ਨਾ ਬਣਦੇ ਰਹਿਣ ਤਾਂ ਜਿਸਨੂੰ ਤੁਸੀਂ ਅਪਨਾ ਜੀਉਂਣਾ ਸਮਝ ਰਹੇ ਹੋ ਇਹ ਕਿਵੇਂ ਵੀ ਨਾ ਰਹੇ। ਸੋ ਹਰ ਛਿਨ ਦੀ ਭੰਨ ਘੜ ਯਾ ਹਰ ਛਿਨ ਦੇ ਅਜੀਵਨ ਤੇ ਜੀਵਨ ਦੀ ਕ੍ਰਿਯਾ ਤੁਹਾਨੂੰ ਜੀਵਨ ਦੇ ਰਹੀ ਹੈ। ਤੁਸੀਂ ਜਾਣਦੇ ਹੋ ਕਿ ਦਾਣੇ ਦਾਣੇ ਵਿਚ ਜਿੰਦ ਹੈ ਜੇ ਨਾ ਹੋਵੇ ਤਾਂ ਕੋਈ ਦਾਣਾ ਬੀਜਿਆ ਉੱਗ ਨਾ ਸਕੇ। ਸੋ ਕਿਤਨੇ ਦਾਣੇ ਯਾ ਕਿਤਨੇ ਜੀਵਨ ਕਣੀ ਵਾਲੇ ਦਾਣੇ ਰੋਜ ਪਿਸ ਕੇ ਰਿੱਝ ਕੇ ਪੱਕ ਕੇ ਯਾ ਇਉਂ ਕਹੋ ਕਿ ਅਜੀਵਨ ਵਿਚ ਜਾ ਕੇ ਤੁਹਾਡੇ ਅੰਦਰ ਪਹੁੰਚਦੇ ਹਨ ਤਾਂ ਤੁਹਾਡੀ ਜੀਵਨ ਕਲਾ ਤੁਰਦੀ ਹੈ। ਹੋਰ ਵਿਚਾਰ ਕਰੋ ਅੱਜਕਲ੍ਹ ਜੋ ਬਿਜਲੀ ਦੀਆਂ ਤਾਰਾਂ ਲੱਗੀਆਂ ਹਨ ਕਦੇ ਡਿੱਠੇ ਜੇਕਿ ਇੱਲਾਂ ਤੇ ਗਿੱਧ ਉਨ੍ਹਾਂ ਨਾਲ ਮੋਟੇ ਹੋਏ ਲਟਕਦੇ ਹਨ। ਇਹ ਇਕ ਤਾਰ ਤੇ ਬੈਠਦੇ ਹਨ ਸੁਖ ਲੈਣ ਲਈ, ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਅਸੀਂ ਆਪ ਮੌਤ ਦੇ ਘਰ ਵਿਚ ਆ ਬੈਠੇ ਹਾਂ, ਜਦ ਜ਼ਰਾ ਖੰਭ ਇਨ੍ਹਾਂ ਨੇ ਮਾਰੇ ਤੇ ਉਹ ਛੁਹ ਗਏ ਦੂਸਰੀ ਤਾਰ ਨਾਲ ਤਾਂ ਝੱਟ ਬਿਜਲੀ ਦਾ ਧੱਕਾ ਵਜਾ ਤੇ ਮਰ ਗਏ। ਜੇ ਤਾਂ ਇਕੋ ਤਾਰ ਤੇ ਬੈਠ ਕੇ ਉਡ ਗਏ ਤਾਂ ਬਚ ਗਏ ਨਹੀਂ ਤਾਂ ਪਾਰ। ਸੋ ਸਮਝ ਲਓ ਕਿ ਏਹ ਕਾਲ ਮੂੰਹ ਵਿਚ ਬੈਠੇ ਹਨ। ਇਸੀ ਤਰ੍ਹਾਂ ਅਸੀਂ ਕਾਲ ਦੇ ਮੂੰਹ ਵਿਚ ਬੈਠੇ ਹਾਂ। ਹਜ਼ਾਰਾਂ ਤਰ੍ਹਾਂ ਦੇ ਰੋਗਾਂ ਦੇ ਪ੍ਰਮਾਣੂ, ਅਨੇਕਾਂ ਹਾਦਸਿਆਂ ਦੇ ਮੌਕੇ ਸਾਡੇ ਉਦਾਲੇ ਹਨ, ਪਤਾ ਨਹੀਂ ਕਿਸੇ ਵੇਲੇ ਕਿਸ ਭੁਲੇਵੇ ਨਾਲ ਅਸੀਂ ਉਨ੍ਹਾਂ ਦੀ ਮਾਰ ਹੇਠ ਆ ਜਾਂਦੇ ਹਾਂ। ਸੋ ਜੇ ਇਹ ਜੀਵਨ ਪਿਆਰਾ ਲਗਦਾ ਹੈ ਤਾਂ ਸਮਝ ਵੀ ਲਓ ਕਿ ਇਹ ਹਰ ਛਿਨ ਅਜੀਵਨ ਦੇ ਕੁਛੜ ਵਿਚ ਹੈ ਅਤੇ ਇਸ ਸੰਸਾਰ ਵਿਚ ਜੀਵਨ ਸਦਾ ਜੀਵਨ ਹੋ ਜਾਵੇ ਤਾਂ ਜੀਵਨ-ਅਜੀਵਨ ਦੇ ਦ੍ਵੰਦ ਤੋਂ ਉਚੇ ਉਠੋ ਤੇ ਉਸ ਜੀਵਨ ਵਿਚ ਜਾਓ ਕਿ ਜਿਸਦਾ ਪ੍ਰਕਾਸ਼ ਇਹ ਦ੍ਵੰਦਾਂ ਵਾਲਾ ਜੀਵਨ ਹੈ। ਓਹ ਜੀਵਨ ਇਕ ਅਟੱਲ ਹਸਤੀ ਹੈ, ਵਜੂਦ ਹੈ, ਉਸਦਾ ਕੋਈ ਲਹਿਰਾਉ, ਉਸਦੀ ਕੋਈ ਪ੍ਰਗਟਤਾਈ ਯਾ ਪ੍ਰਕਾਸ਼ ਇਹ ਦ੍ਵੰਦਾਂ ਵਾਲਾ ਜਗਤ ਤੇ ਜੀਵਨ ਹੈ।

ਉਸ ਅਮਰ ਜੀਵਨ ਵਿਚ ਜਾਣਾ ਚਾਹੋ ਤਾਂ ਸਤਿਗੁਰ ਦਾ ਦੱਸਿਆ ਮਾਰਗ ਨਾਮ ਹੈ। ਨਾਮ ਨਾਲ ਸੰਸਾਰ ਵਿਚ ਜੀਵਨ ਬਸਰ ਕਰਦਿਆਂ ਬੀ ਮਨ ਉਸ ਅਟਲ ਸਰਬ ਵਿਆਪੀ ਹਸਤੀ ਨਾਲ ਲੱਗਾ ਰਹਿੰਦਾ ਹੈ ਤੇ ਦ੍ਵੰਦ-ਜੀਵਨ ਸਮਾਪਤ ਕਰਕੇ ਫੇਰ ਓਸ ਅਮਰ ਜੀਵਨ ਤੋਂ ਪਰ੍ਹੇ ਨਹੀਂ ਹੁੰਦਾ, ਵੱਖ ਨਹੀਂ ਹੁੰਦਾ। ਐਉਂ ਜੇ ਜੀਵਨ ਪਿਆਰਾ ਜੇ ਤਾਂ ਉਸਨੂੰ ਸ਼ੁੱਧ ਪਵਿੱਤਰ ਉੱਚਾ ਤੇ ਸਦਾ ਦਾ ਜੀਵਨ ਬਣਾ ਲਓ ਜੋ ਕਿ ਬਣਦਾ ਹੈ ਨਾਮ ਜੀਵਨ ਧਾਰਨ ਕਰਨੇ ਨਾਲ। ਸੋ ਨਾਮ ਦੀ ਪ੍ਰਾਪਤੀ ਦਾ ਰਸਤਾ ਦਸਵੇਂ ਸਤਿਗੁਰੂ ਜੀ ਨੇ ਅੰਮ੍ਰਿਤ ਦੁਆਰਾ ਰੱਖਿਆ ਹੈ। ਅੰਮ੍ਰਿਤ ਸਾਡਾ ਦੀਖ੍ਯਾ ਸੰਸਕਾਰ ਹੈ। ਜਿਸ ਨਾਲ ਅਸੀਂ ਸਿੱਖ ਧਰਮ ਵਿਚ ਪ੍ਰਵੇਸ਼ ਕਰਦੇ ਹਾਂ ਇਸ ਨਾਲ ਅਸੀਂ ਗੁਰਮੰਤ੍ਰ, ਮੂਲ ਮੰਤ੍ਰ, ਗੁਰਬਾਣੀ, ਰਹਿਤ ਤੇ ਪੰਥ ਪਿਆਰ ਪ੍ਰਾਪਤ ਕਰਦੇ ਹਾਂ, ਨਾਮ ਬਾਣੀ ਆਦਿ ਦੇ ਅਭਿਆਸ ਪ੍ਰੇਮ ਨਾਲ ਅਸੀਂ ਅਮਰ ਜੀਵਨ ਵਿਚ ਅੱਪੜ ਜਾਂਦੇ ਹਾਂ। ਇਉਂ ਕਹਿ ਕੇ ਸੰਤਾਂ ਨੇ ਫੇਰ ਅੰਮ੍ਰਿਤ ਸੰਸਕਾਰ ਦੀ ਲੋੜ ਤੇ ਇਸ ਦੇ ਲਾਭ ਵਿਸਥਾਰ ਨਾਲ ਕਥਨ ਕੀਤੇ।

੪

ਸੰਤਾਂ ਦੀ ਕਥਾ ਦਾ ਅਸਰ ਬੜਾ ਪਿਆ। ਕਹਿਣੀ ਕਥਨੀ ਦੇ ਸੂਰਿਆਂ ਦੇ ਵਾਹੇ ਬਾਣ ਖਾਲੀ ਨਹੀਂ ਜਾਇਆ ਕਰਦੇ। ਬਹੁਤ ਸਾਰੇ ਗੱਭਰੂ, ਕਈ ਬੁੱਢੇ ਤੇ ਕਈ ਮਾਈਆਂ ਅੰਮ੍ਰਿਤ ਛਕਣ ਲਈ ਤਿਆਰ ਹੋ ਪਏ ਸਨ। ਪਰ ਇਨ੍ਹਾਂ ਅੰਮ੍ਰਿਤ ਅਭਿਲਾਖੀਆਂ ਵਿਚ ਚੱਕ ਦੇ ਕੁਛ ਉਹ ਲੋਕ ਵੀ ਸਨ ਜਿਨ੍ਹਾਂ ਨੂੰ ਜ਼ਿਮੀਂਦਾਰ 'ਕੰਮੀ' ਕਹਿ ਲਿਆ ਕਰਦੇ ਹਨ। ਕੰਮ ਕਰਾਉਣ ਵਾਲੇ ਨੂੰ ਕਾਮਾ ਤੇ ਕੰਮੀ ਕਹਿ ਲਿਆ ਜਾਵੇ ਤਾਂ ਡਰ ਨਹੀਂ, ਕਿਉਂਕਿ ਜੋ ਕੰਮ ਵਿਚ ਰੁੱਝੇ ਸੋ ਕੰਮੀ, ਪਰ ਹੁਣ ਕੰਮੀ ਦੇ ਅਰਥ ਨੀਵਾਂਪਨ ਤੇ ਅਛੂਤਪਨ ਦਾ ਭਾਵ ਲੋਕਾਂ ਨੇ ਰਲਾ ਲਿਆ ਹੈ, ਮਾਨੋ ਕੰਮੀ ਦਾ ਅਰਥ ਕਮੀਨਾ-ਹੀਣਤਾ ਵਾਲਾ ਹੈ। ਇਸ ਕਰਕੇ ਕਈ ਜ਼ਿੰਮੀਦਾਰ ਕਹਿ ਰਹੇ ਸਨ ਕਿ ਇਨ੍ਹਾਂ ਕੰਮੀਆਂ ਨੂੰ ਸੰਤ ਅੰਮ੍ਰਿਤ ਨਾ ਛਕਾਉਣ। ਸੰਤਾਂ ਤਕ ਇਹ ਗੱਲ ਅਪੜਾਉਣ ਤੋਂ ਸਾਰੇ ਸੰਕੋਚ ਕਰਦੇ ਸਨ ਪਰ ਆਪੋ ਵਿਚ ਵੀਚਾਰ ਬਹਿਸ ਤੇ ਖਿਚੋਤਾਣ ਲੱਗੀ ਰਹਿੰਦੀ ਸੀ। ਹੁੰਦੇ-ਹੁੰਦੇ ਇਹ ਖਿਚਾ ਖਿਚੀ ਚੋਖੀ ਵਧ ਗਈ ਤੇ ਪਿੰਡ ਵਿਚ ਦੋ ਧੜੇ ਹੋ ਗਏ। ਵਿਚ ਵਿਚ ਕੁਛ ਉਚੇ ਜਾਤੀਆਂ ਤੇ ਜਾਤੀ ਅਭਿਮਾਨ ਵਾਲੇ ਤਾਂ ਅਭਿਮਾਨ ਕਰਕੇ ਝਗੜਦੇ ਤੇ ਜ਼ਿਦ ਬੰਨ੍ਹਦੇ ਸੀ ਤੇ ਸਾਧੂ ਸ਼ਾਸਤਰਾਂ ਦੇ ਵਿਚ ਵਰਣਆਸ਼੍ਰਮ ਦੇ ਅਸੂਲ ਦੇ ਜਾਣੂ ਹੋਣ ਕਰਕੇ ਆਪਣੀ ਵਿਦਵਤਾ ਤੇ ਵਾਕਫੀ ਦੇ ਬਲ ਕਰਕੇ ਦ੍ਰਿਸ਼ਟਾਂਤ ਪ੍ਰਮਾਣ ਦਿੰਦੇ ਸੀ ਤੇ ਆਪਣੇ ਪੱਖ ਨੂੰ ਦਰੁਸਤ ਸਮਝਦੇ ਸੇ। ਉਂਞ ਸੇ ਇਹ ਸਾਧੂ ਜੀ ਵੀ ਗੁਰੂ ਘਰ ਦੇ ਉਪਾਸਕਕ। ਹੁਣ ਜਦ ਖਿੱਚੋਤਾਣ ਵਧਟੁਰੀ ਤੇ ਲੜਾਈ ਦਾ ਭੈ ਹੋ ਗਿਆ ਤਾਂ ਇਕ ਸਾਧੂ ਨੇ ਕਿਹਾ, ਭਾਈ ਤੁਸਾਂ ਨੇ ਛਕਣਾ ਹੈ ਅੰਮ੍ਰਿਤ, ਅੰਮ੍ਰਿਤ ਹੈ ਗੁਰੂ ਸੱਚੇ ਪਾਤਸ਼ਾਹ ਦਸ਼ਮੇਸ਼

ਪਿਤਾ ਦਾ ਚਲਾਇਆ ਦੀਖਯਾ ਸੰਸਕਾਰ, ਇਸਦੀ ਪ੍ਰਾਪਤੀ ਠੰਢ, ਪਿਆਰ, ਸ਼ਰਧਾ ਤੇ ਸਤੋਗੁਣ ਵਿਚ ਹੋਣੀ ਚਾਹੀਏ, ਕਿਉਂਕਿ ਜਿਸ ਕਾਰਜ ਵਿਚ ਤਮੋਗੁਣੀ ਵਰਤੋਂ ਆ ਜਾਵੇ, ਉਸ ਵਿਚ ਪਰਮਾਰਥ ਲਾਭ ਨਹੀਂ ਹੁੰਦਾ। ਸਾਧੂ ਦਾ ਇਹ ਉਪਦੇਸ਼, ਜੋ ਵਿਸਥਾਰ ਨਾਲ ਕੀਤਾ ਗਿਆ ਸੀ ਕਾਟ ਕਰ ਗਿਆ। ਸਿਆਣਿਆਂ ਨੇ ਕਿਹਾ ਕਿ ਆਪ ਨੇ ਸੱਚ ਕਿਹਾ ਹੈ ਪਰ ਦੁਇ ਖਿਆਲ ਹਠ ਨੂੰ ਪੁੱਜ ਗਏ ਹਨ, ਦਾਰੂ ਕੀ ਕੀਤਾ ਜਾਵੇ? ਸਾਧੂ ਜੀ ਨੇ ਆਖਿਆ, ਤੁਸਾਂ ਸਾਰਿਆਂ ਦੀ ਸੰਤ ਬਿਮਲਾ ਸਿੰਘ ਜੀ ਪਰ ਸ਼ਰਧਾ ਹੈ, ਉਹ ਕਰਣੀ ਕਹਿਣੀ ਦੇ ਸੂਰੇ ਹਨ, ਤਿਆਗ ਵਿਚ ਪੂਰੇ ਤੇ ਵਿਦਿਆ ਵਿਚ ਨਿਪੁੰਨ ਹਨ, ਉਨ੍ਹਾਂ ਪਾਸ ਸਾਰੀ ਗੱਲ ਦਾ ਚੱਲ ਵਰਣਨ ਕਰੋ ਜੋ ਓਹ ਹੁਕਮ ਕਰ ਦੇਣ ਸਾਰੇ ਮੰਨ ਲਓ।

ਸੀਤਾ ਰਾਮ ਬੋਲਿਆ - ਜੀਓ ਜੀ, ਜੇ ਉਨ੍ਹਾਂ ਨੇ ਸਾਡੇ ਸਿੱਧਾਂਤ ਦੇ ਉਲਟ ਆਖਿਆ ਤਾਂ ਵੀ ਅਸੀਂ ਮੰਨ ਜਾਈਏ?

ਸਾਧੂ - ਜੇ ਉਹ ਜੋ ਕੁਛ ਕਹਿ ਦੇਣ ਸੋ ਤੁਸੀਂ ਮੰਨ ਲਓ ਤਾਂ ਤਾਂ ਤੁਸੀਂ ਦੀ ਉਨ੍ਹਾਂ ਪਰ ਸ਼ਰਧਾ ਹੈ, ਨਹੀਂ ਤਾਂ ਤੁਸੀਂ ਮਨਮਤੀਏ ਹੋ।

ਸੀਤਾ ਰਾਮ - ਅਕਲ ਦੀ ਗੱਲ ਕਰਨੀ ਮਨਮਤਿ ਹੁੰਦੀ ਹੈ?

ਸਾਧੂ - ਜਿਥੋਂ ਤਾਈਂ ਬੁੱਧੀ ਦਾ ਪੁਜਾਲਾ ਹੈ, ਉਥੋਂ ਤਾਂਈ ਬੁੱਧੀ ਵਰਤੀ ਦੀ ਹੈ, ਇਸ ਨੇ ਨਿਸਚੇ ਦੇ ਘਰ ਵਲ ਲੈ ਜਾਣਾ ਹੈ, ਪਰ ਭਾਈ ਸਾਡੀ ਸਮਝ ਹੀ ਯਾ ਦਾਨਾ ਕੁਲ ਨਹੀਂ ਹੈ, ਇਹ ਸਾਰੇ ਕੁਛ ਨੂੰ ਨਹੀਂ ਜਾਣ ਸਕਦੀ। ਦੂਸਰੇ ਹਰੇਕ ਦੀ ਅਕਲ ਇਕ ਦਰਜੇ ਤੇ ਨਹੀਂ ਹੈ, ਅਪਨੇ ਤੋਂ ਦਾਨੇ ਦੀ ਗੱਲ ਸਤਿਕਾਰ ਨਾਲ ਮੰਨ ਲਈਦੀ ਹੈ। ਆਤਮ ਦੇਸ ਦੇ ਗਿਆਤਾ ਪੁਰਖਾਂ ਦੀਆਂ ਅਨੁਭਵੀ ਗੱਲਾਂ ਪਰ ਵੀ ਸਾਡੀ ਹਦਬੰਦੀ ਵਾਲੀ ਸੰਝ ਹਾਵੀ ਨਹੀਂ ਹੋ ਸਕਦੀ। ਜਦ ਤੁਸੀਂ ਨਿਸਚੇ ਕਰ ਚੁੱਕੇ ਹੋ ਕਿ ਸੰਤ ਸੱਚ ਦੇ ਦਰਜੇ ਤੇ ਟਿਕੇ ਹੋਏ ਹਨ, ਸੰਤ ਨਿਰਲੋਭ ਹਨ, ਪੱਖਪਾਤ ਤੋਂ ਰਹਿਤ ਹਨ, ਗੁਰਮਤਿ ਦੇ ਗਿਆਤਾਵਾਨ ਹਨ, ਫੇਰ ਜੋ ਫੈਸਲਾ ਉਹ ਕਰਨ, ਮੰਨਣਾ ਸਾਡਾ ਧਰਮ ਹੈ। ਆਖਰ ਅਦਾਲਤਾਂ ਦੇ ਫੈਸਲੇ ਵੀ ਮੰਨੀਂਦੇ ਹੀ ਹਨ ਨਾ। ਇਸ ਕਰਕੇ ਕਿ ਓਥੇ ਪੇਸ਼ ਨਹੀਂ ਜਾਂਦੀ? ਇਹੋ ਗੱਲ ਹੋਈ ਨਾ। ਫੇਰ ਵੀਚਾਰ ਤੇ ਪਿਆਰ ਦੇ ਫੈਸਲੇ ਕਿਉਂ ਨਾ ਮੰਨੇ ਜਾਣ। ਫੇਰ ਉਹ ਸੰਤ ਅਨਪੜ ਨਹੀਂ ਹਨ, ਹਠੀ ਨਹੀਂ ਹਨ, ਤੁਸਾਡੀ ਸੁਣਨਗੇ ਆਪਣੀ ਦੱਸਣਗੇ। ਜੇ ਤਾਂ ਕਰੋਗੇ ਵਿਤੰਡਾਵਾਦ ਤਾਂ ਉਹ ਚੁੱਪ ਕਰ ਜਾਣਗੇ, ਪਰ ਜੇ ਵੀਚਾਰ ਕਰੋਗੇ ਤਾਂ ਉਹ ਬੜੀ ਸੋਹਣੀ ਵੀਚਾਰ ਕਰਨਗੇ ਤੇ ਸਭਨਾਂ ਦੇ ਕਪਾਟ ਖੁਹਲ ਦੇਣਗੇ।

ਸੀਤਾ ਰਾਮ - ਤੁਸਾਂ ਠੀਕ ਕਿਹਾ ਹੈ।

ਘੁੱਲੂ ਸਿੰਘ - ਸਾਧ ਰਾਮ ਯਾਰਾ! ਤੂੰ ਗੱਲ ਚਾਲੀ ਸੇਰੀ ਕੀਤੀਏ, ਸੰਤ ਤਾਂ ਜੇ ਮੈਨੂੰ ਕਹਿ ਦੇਣਗੇ ਨਾ ਤੂੰ ਮਹਰਿਆਂ ਦੇ ਘਰ ਪਾਣੀ ਭਰ ਤਾਂ ਮੈਂ ਗਾਗਰ ਮੋਢੇ ਚਾਕੇ ਟੁਰ ਪਵਾਂਗਾ। ਜੇ ਓਹ ਆਖਣ ਕਿ ਤੂੰ ਕੰਮੀਆਂ ਦੇ ਘਰ ਰੋਟੀ ਖਾ ਆ, ਸਹੁੰ ਜੇ ਜੇ ਮੈਂ ਅਟਕ ਜਾਵਾਂ ਤਾਂ।

ਸਾਧੂ - ਸਾਬਾਸ਼!

ਘੁੱਲੂ ਸਿੰਘ - ਹੋਰ ਬਾਬਿਆਂ, ਜਦ ਨਿਸ਼ਾ ਜੁ ਹੋ ਗਈ ਦਿਲਦੀ, ਕਥਾ ਸੁਣ ਸੁਣ ਕੇ, ਫੇਰ ਕੀਹ ਬੋਲਣਾ।

ਇਸ ਤਰ੍ਹਾਂ ਨਾਲ ਸਾਰੇ ਸਿੱਖ ਤੇ ਸਹਿਜਧਾਰੀ ਜਿਨ੍ਹਾਂ ਨੇ ਅੰਮ੍ਰਿਤ ਛਕਮਾ ਸੀ ਤਿਆਰ ਹੋ ਪਏ ਤੇ ਲੌਢੇ ਪਹਿਰ ਸੰਤਾਂ ਕੋਲ ਜਾ ਭੀੜ ਲੱਗੀ। ਸੰਤਾਂ ਨੇ ਆਦਰ ਦੇ ਕੇ ਥੜੇ ਤੇ ਵਿਛੀ ਖੋਰੀ ਤੇ ਸਭ ਨੂੰ ਬਿਠਾਲ ਲਿਆ ਤੇ ਵਾਰਤਾਲਾਪ ਸ਼ੁਰੂ ਹੋਈ -

੫

ਸਾਧੂ - ਸੰਤ ਜੀ, ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ -

***ਥੰਮੈ ਕੋਇ ਨ ਸਾਧ ਬਿਨ***
***ਸਾਧ ਨ ਦਿੱਸੇ ਜਗ ਵਿਚ ਕੋਆ॥***

ਜਦੋਂ ਦੇਸ਼ ਵਿਚ ਇਹ ਹਾਲ ਵਰਤ ਰਿਹਾ ਸੀ ਤਦੋਂ ਫੇਰ ਸਾਧੂਆਂ ਦੇ ਸਰਦਾਰ ਨੇ ਬੈਕੁੰਠਾਂ ਤੋਂ ਆ ਕੇ ਥੰਮ੍ਹ ਲਿਆ, ਹੁਣ ਭੀ ਜੇ ਸਿੱਖੀ ਕਾਇਮ ਰੱਖਣੀ ਹੈ ਤਾਂ ਸੱਚੇ ਸੰਤਾਂ ਦੇ ਪ੍ਰਚਾਰ ਨੇ ਰੱਖਣੀ ਹੈ। ਅਸੀਂ ਸੁਭਾਗ ਹਾਂ ਕਿ ਆਪ ਜੀ ਦੇ ਦਰਸ਼ਨ ਹੋਏ ਤੇ ਦਿਲ ਨੇ ਮੰਨਿਆ ਕਿ ਆਪ ਸਾਧ ਹੋ, ਸੰਤ ਹੋ, ਗੁਰਮੁਖ ਹੋ ਜਿਨ੍ਹਾਂ ਦੇ ਲੱਛਣ ਤੇ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੈ। ਸ਼ੁਕਰ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦਾ।

ਸੰਤ ਬਿਮਲਾ ਸਿੰਘ ਜੀ - ਆਪ ਵੀ ਸਾਧੂ ਹੋ, ਤਿਆਗ ਵਿਰਾਗ ਦੇ ਗਿਆਤਾ ਹੋ, ਮਾਇਆ ਛਲ ਨਾਗਨ ਹੈ ਇਸ ਦੇ ਛਲਾਂ ਦੇ ਜਾਣੂ ਹੋ, ਕਾਸ ਨੂੰ ਮੈਨੂੰ ਛਲ ਨਾਗਨ ਦੀ ਕਮੰਦ ਦੇ ਨੇੜੇ ਲੈ ਜਾਂਦੇ ਹੋ ਇਸ ਸਰੀਰ ਦੀ ਸ਼ੋਭਾ ਕਰਕੇ। ਇਹ ਤਾਂ ਮਾਇਆ ਦੀ ਪੋਟ ਹੈ 'ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥" ਚੰਗਾ ਹੈ ਵਾਹਿਗੁਰੂ ਜੀ ਦਾ ਨਾਮ, ਚੰਗਾ ਹੈ ਦਸਾਂ ਸਤਿਗੁਰਾਂ ਦਾ ਜਗਤ ਆਗਮਨ, ਚੰਗੀ ਹੈ ਗੁਰਮਤਿ, ਗੁਰਬਾਣੀ ਤੇ ਸਾਧ ਸੰਗਤ, ਹਾਂ ਚੰਗੇ ਹਨ ਗੁਰਧਾਮ। ਇਹ ਸਰੀਰ ਭੁੱਲਣਹਾਰ ਹੈ ਤੇ ਇਸ ਨੇ ਪੜ੍ਹ ਗੁੜ ਕੇ ਅੰਤ ਸਤਿਗੁਰ ਦੀ ਸ਼ਰਨ ਤਕਾਈ

ਹੈ ਜੋ ਭੁੱਲ ਦੇ ਦੇਸੋਂ ਨਿਕਲ ਕੇ ਯਾਦ ਦੇ ਮੰਡਲ ਵਿਚ ਵਾਸਾ ਮਿਲੇ।

ਸਾਧੂ - ਨਿੰਮ੍ਰਤਾ ਸਾਧੂ ਦਾ ਭੂਸ਼ਣ ਹੈ, ਗਉਰੇ ਸੰਤ ਨਿੰਮ੍ਰਤਾ ਕਰਦੇ ਹਨ, ਨਿੰਮ੍ਰਤਾ ਕਰਨ ਨਾਲ ਸੰਤ ਗਉਰੇ ਹੁੰਦੇ ਹਨ, ਮੈਂ ਆਪ ਦੇ ਗੁਣਾਂ ਦਾ ਯਸ਼ ਕੀਤਾ ਹੈ ਤੇ ਯਥਾਰਥ ਯਸ਼ ਕੀਤਾ ਹੈ ਬਾਕੀ ਮਿਹਰ ਹੈ ਸਤਿਗੁਰ ਦੀ, ਆਪ ਤੇ ਹੋ ਗਈ ਹੈ ਜਗਤ ਨੂੰ ਤਾਰਨ ਵਾਸਤੇ, ਸਾਡੇ ਧੰਨ ਭਾਗ ਧੰਨ ਗੁਰੂ ਨਾਨਕ ਦੇਵ, ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ।

ਸੰਤਾਂ ਦੇ ਨੈਣ ਭਰ ਆਏ ਧੰਨ ਗੁਰੂ, ਧੰਨ ਗੁਰੂ ਕਰਦੇ ਨੈਣ ਮੁੰਦ ਲਏ।

ਸਾਧੂ (ਕੁਛ ਚਿਰ ਠਹਿਰ ਕੇ) - ਅੱਜ ਇਹ ਸੰਗਤ ਆਪ ਨੂੰ ਇਕ ਮਾੜਾ ਜੇਹਾ ਖੇਚਲਾ ਦੇਣ ਆਈ ਹੈ। ਜਲ ਵਿਚ ਅਗਨ ਉਪਜ ਪਈ ਹੈ। ਸੀ ਤਾਂ ਸ਼ਾਂਤੀ ਦਾ ਕੰਮ, ਆਪ ਦੇ ਉਪਦੇਸ਼ ਨਾਲ ਬਹੁਤ ਸਰੀਰ ਅੰਮ੍ਰਿਤ ਲਈ ਤਿਆਰ ਹੋਏ ਸਨ, ਪਰ ਵਿਚ ਕੁਛ ਵਿਖਾਂਧ ਉਪਜ ਪਈ ਹੈ।

ਸੰਤ - ਇਹ ਸਰੀਰ ਭੁੱਲਣਹਾਰ ਹੈ, ਕੋਈ ਭੁੱਲ ਹੋ ਗਈ ਹੈ ਇਸ ਤੋਂ, ਤਾਂ ਹੀ ਵਿਖਾਂਧ ਉਪਜੀ ਹੈ, ਨਹੀਂ ਤਾਂ ਨਿਰੋਲ ਸਤਿਸੰਗ ਵਿਚ ਵਿਖਾਂਧ ਕਾਸ ਨੂੰ ਉਪਜਦੀ। ਉਹ ਦੱਸ ਦਿਓ ਤਾਂ ਸੋਧ ਕਰ ਲਵੀਏ।

ਸਾਰੇ - ਵਾਹਿਗੁਰੂ, ਵਾਹਿਗੁਰੂ ਭੁੱਲ ਤਾਂ ਸਾਡੀ ਹੈ। ਹੇ ਸੰਤ ਜੀਓ! ਆਪ ਦੀ ਰਸਨਾ ਤੋਂ ਤਾਂ ਗੁਰਬਾਣੀ ਦੇ ਬਿਮਲ ਰੰਗਾਂ ਦੇ ਤਰੰਗ ਹੀ ਉਮਾਹੇ ਹਨ। ਇਹ ਤਾਂ ਸਾਡੇ ਲੋਕਾਂ ਦੇ ਅੰਦਰ ਦੇ ਭਾਵ ਇਸ ਰੂਪ ਵਿਚ ਆਏ ਹਨ। ਗੱਲ ਇਹ ਹੈ ਕਿ ਸੰਗਤ ਅੰਮ੍ਰਿਤ ਛਕਣ ਲਈ ਤਿਆਰ ਹੋਈ ਹੈ, ਵਿਚ ਹੈਨ ਅੱਡ-ਅੱਡ ਜਾਤਾਂ ਦੇ ਪ੍ਰੇਮੀ ਤੇ ਕੁਛ ਹੁਣ ਤਿਆਰ ਹੋਏ ਹਨ ਜਾਤਾਂ ਤੋਂ ਬਾਹਰ ਦੇ ਲੋਕੀਂ ਜਿਨ੍ਹਾਂ ਨੂੰ ਛੂਤ ਵਾਲਾ ਕਹਿੰਦੇ ਹਨ ਪਈ ਇਨ੍ਹਾਂ ਨਾਲ ਛੂਹਣਾ ਨਹੀਂ। ਮਤਾ ਇਹ ਹੈ ਕਿ ਅੰਮ੍ਰਿਤ ਇਨ੍ਹਾਂ ਨੂੰ ਆਪ ਨਾ ਛਕਾਓ।

ਸੰਤ ਸੁਣ ਕੇ ਮੁਸਕਰਾ ਪਏ ਤੇ ਆਖਣ ਲੱਗੇ - ਗੁਰੂ ਬਾਬੇ ਦਾ ਵਾਕ ਹੈ -

***ਜੋ ਸਰਨਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ॥***

ਭਾਈ ਜੋ ਸਤਿਗੁਰ ਦੇ ਦਰ ਸ਼ਰਨ ਲੈਣ ਆਵੇ ਉਸਨੂੰ ਸਤਿਗੁਰ ਜੀ ਨੇ ਨਿਵਾਜਣਾ ਹੈ। ਹਾਂ ਪਖੰਡੀਆਂ ਨੂੰ ਥਾਂ ਨਹੀਂ ਏਥੇ।

ਸਾਧੂ ਲਓ ਸੰਤਾਂ ਦਾ ਹੁਕਮ ਹੋ ਗਿਆ ਹੈ, ਹੁਣ ਸਿਰ ਝੁਕਾ ਦਿਓ।

ਸੰਤ - ਨਹੀਂ ਭਾਈ, ਜੋ ਕੋਈ ਵੀਚਾਰ ਕਰਨੀ ਹੈ ਤਾਂ ਕਰ ਲਈਏ। ਮਨ ਮੰਨੇ ਤਾਂ ਹੀ ਮੰਨਣਾ ਠੀਕ ਹੁੰਦਾ ਹੈ।

ਸੀਤਾ ਰਾਮ - ਕੇਹੀ ਸੁਹਣੀ ਗੱਲ ਆਖਈ ਨੇ! ਧੰਨ ਹੋ ਆਪ। ਸੰਤ ਜੀ! ਮੇਰਾ ਮਤਾ ਇਹ ਹੈ ਕਿ ਆਦਿ ਪਾਤਸ਼ਾਹੀ ਤੋਂ ਹਿੰਦੂ ਹੀ ਸਿੱਖ ਹੋਏ ਹਨ, ਮੁਸਲਮਾਨ ਕਿ ਹੋਰ ਕੋਈ ਜਾਂ ਅਛੂਤ ਲੋਕ ਸਿੱਖੀ ਸਿਦਕ ਵਿਚ ਸਤਿਗੁਰਾਂ ਨੇ ਸ਼ਾਮਲ ਨਹੀਂ ਕੀਤੇ, ਇਹ ਗੱਲ ਠੀਕ ਹੈ ਕਿ ਨਾ?

ਸੰਤ - ਭਾਈ ਸੀਤਾ ਰਾਮ ਜੀ! ਤੁਸੀਂ ਸਹਿਜਧਾਰੀ ਸਿੱਖ ਹੋ, ਸ਼ਰਧਾਵਾਨ ਹੋ, ਵੀਚਾਰ ਕਰਨੀ ਜੇ ਕਿ ਬਹਿਸ?

ਸੀਤਾ ਰਾਮ - ਜੀ ਮਨ ਦਾ ਸੰਸਾ ਦੂਰ ਕਰਨਾ ਹੈ, ਬਹਿਸ ਨਹੀਂ ਕਰਨੀ ਤੇ ਆਪ ਦੀ ਆਗਿਆ ਮੰਨਣੀ ਹੈ।

ਸੰਤ ਜੀ - ਆਗਿਆ ਸਤਿਗੁਰ ਜੀ ਦੀ ਇਹ ਹੁੰਦੀ ਆਈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਦਾ ਸਾਥੀ ਸੇਵਕ ਤੇ ਸਿੱਖ ਭਾਈ ਮਰਦਾਨਾ ਮਰਾਸੀ ਜਾਤ ਦਾ ਤੇ ਧਰਮ ਦਾ ਮੁਸਲਮਾਨ ਸੀ। ਇਸ ਗੱਲ ਦੀ ਉਗਾਹੀ ਸ੍ਰੀ ਮਾਨ ਭਾਈ ਗੁਰਦਾਸ ਜੀ ਭਰਦੇ ਹਨ, ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।

ਇਹ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਬਗਦਾਦ ਵੀ ਗਿਆ ਸੀ। ਭਾਈ ਗੁਰਦਾਸ ਜੀ ਦਸਦੇ ਹਨ -

***ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ॥***
***ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।***

ਤੇ ਫੇਰ ਭਾਈ ਜੀ ਦਸਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਨਿਵਾਯਾ।

ਸੁਲਤਾਨਪੁਰ ਦੇ ਹਾਕਮ ਦੌਲਤ ਖਾਂ ਲੋਧੀ ਨੂੰ ਜੋ ਪਠਾਣ ਜਾਤ ਦਾ ਮੁਸਲਮਾਨ ਸੀ ਗੁਰੂ ਜੀ ਨੇ ਗੁਰਮਤ ਵਿਚ ਲਾਇਆ ਸੀ, ਭਾਈ ਜੀ ਦਸਦੇ ਹਨ - ਦਉਲਤ ਖਾਂ ਲੋਧੀ ਹੋਯਾ ਜਿੰਦ ਪੀਰ ਅਬਿਨਾਸੀ।

ਇਤਿਹਾਸ ਦੱਸਦਾ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਲ ਅਵਸਥਾ ਵਿਚ ਸਨ ਤਾਂ ਰਾਇ ਬੁਲਾਰ ਆਪ ਦਾ ਸ਼ਰਧਾਵਾਨ ਹੋਇਆ ਤੇ ਗੁਰੂ ਕਾ ਸਿੱਖ ਬਣਿਆ। ਜਦੋਂ ਪੰਡਿਤ ਦੇ ਮਗਰੋਂ ਮੁੱਲਾਂ ਦੇ ਪੜ੍ਹਨੇ ਪਾਏ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁੱਲਾਂ ਨੂੰ ਉਪਦੇਸ਼ ਦੇ ਕੇ ਆਪਣੀ ਗੁਰਮਤਿ ਵਿਚ ਲਾ ਲਿਆ। ਇਹ ਪ੍ਰਸੰਗ ਆਪ ਸਾਹਿਬਾਂ ਨੂੰ ਵਿੱਦਤ ਹੈਨ, ਸਭ ਨੇ ਪੜ੍ਹੇ ਸੁਣੇ ਹੈਨ। ਹੁਣ ਉਹ ਪ੍ਰਸੰਗ ਸੁਣੋ ਜੇ ਤੁਸਾਂ ਨੇ ਘੱਟ ਸੁਣੇ ਹਨ, ਜੋ ਨਮੂਨੇ ਮਾਤ੍ਰ ਇਹ ਹਨ - ਸ੍ਰੀ ਗੁਰੂ ਨਾਨਕ ਦੇਵ ਜੀ ਕੰਧਾਰ ਗਏ, ਓਥੇ ਯਾਰ

ਵਲੀ ਨਾਮੇ ਇਕ ਮੁਗਲ ਰਹਿੰਦਾ ਸੀ। ਇਹ ਕਹਿ ਕੇ ਸੰਤ ਕੁਟੀਆ ਦੇ ਅੰਦਰ ਚਲੇ ਗਏ ਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀ ਪੋਥੀ ਚਾ ਲਿਆਏ। ਪੱਤਰੇ ਫਰੋਲ ਕੇ ਪ੍ਰਸੰਗ ਲੱਭਿਓ ਨੇ ਤੇ ਬੋਲੇ – ਦੇਖ ਲਿਖਿਆ ਹੈ ਕਿ ਯਾਰ ਵਲੀ।

***ਬਚਨ ਸੁਨਤ ਭਾ ਦੇਖ ਨਿਹਾਲਾ॥***
***ਧਯੋ ਚਰਨ ਪਰ ਸਿਰ ਤਤਕਾਲਾ॥***
***ਤੁਮ ਖੁਦਾਇ ਹੋ ਧਰਯੋ ਸਰੀਰਾ॥***
***ਭੰਜਹੁ ਜਨਮ ਮਰਨ ਕੀ ਪੂਰਾ॥***
***ਮੈਂ ਜਾਨੋਂ ਨਿਜ ਪੀਰ ਬਿਸਾਰਾ॥***
***ਤੁਮਰੋ ਭਾ ਮੁਰੀਦ ਇਹ ਕਾਲਾ॥***
***ਬੂਝਯੋ ਗੁਰੂ ਨਾਮ ਕੋ ਤੇਰਾ?***
***ਕਿਉ ਮੁਰੀਦ ਹੋਵ ਹੈ ਮੇਰਾ?***
***ਯਾਰਵਲੀ ਜਾਨਹੁ ਮਮ ਨਾਮੂ॥***
***ਬਨਉਂ ਮੁਰੀਦ ਮੁਕਤਿ ਕੇ ਕਾਮੂ॥***
***ਤਿਹ ਕੀ ਸ਼ਰਧਾ ਦੇਖ ਬਿਸਾਲਾ॥***
***ਉਪਦੇਸਯੋ ਕਰ ਦੀਨ ਨਿਹਾਲਾ॥***

ਇਸ ਤੋਂ ਪਤਾ ਲਗ ਗਿਆ ਕਿ ਮੁਗਲ ਮੁਸਲਮਾਨ ਨੂੰ ਗੁਰੂ ਜੀ ਨੇ ਸਿੱਖ ਬਨਾਯਾ। ਇਥੇ ਹੀ ਇਕ ਸ਼ੇਖ ਸ਼ਰਫ ਨਾਮੇ ਮੁਸਲਮਾਨ ਨੂੰ ਗੁਰੂ ਜੀ ਨੇ ਸਿੱਖ ਬਨਾਯਾ ਸੀ। ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਸ਼ੇਖ ਸ਼ਰਫ ਕਹੈ ਕਿ ਭਇਓ ਮੁਰੀਦ ਤੁਮਾਰਾ। ਹੁਇ ਪੀਰਨ ਸਿਰ ਪੀਰ ਉਦਾਰਾ।

ਸੋ ਇਹ ਵੀ ਸਿੱਖ ਹੋਇਆ।

ਇਹ ਕਹਿ ਕੇ ਕੁਛ ਸਫੇ ਆਪ ਨੇ ਹੋਰ ਉਲਟਾਏ ਤੇ ਬੋਲੇ ਇਥੇ ਹੀ ਇਕ ਮਾਲੋ ਸ਼ੇਖ ਦਾ ਪ੍ਰਸੰਗ ਹੈ। ਇਹ ਜਦ ਗੁਰੂ ਕਾ ਸਿੱਖ ਬਣ ਗਿਆ ਤਾਂ ਆਖਦਾ ਹੈ –

***ਭਇਓ ਮੁਰੀਦੰ ਰਾਵਰ ਕੇਰਾ।***
***ਬਚਨ ਸੁਨਿਤ ਭ੍ਰਮ ਮਿਟਿ ਗਯੋ ਮੇਰਾ॥***

ਇਹ ਸ਼ੇਖ ਕਿਤਨੇ ਦਿਨ ਗੁਰੂ ਜੀ ਪਾਸ ਰਿਹਾ ਤੇ ਫਿਰ ਆਪਣੇ ਘਰ ਗਿਆ ਸਿੱਖ ਹੋ ਕੇ। ਫਿਰ ਦੋ ਇਕ ਸਫੇ ਉਲਟਾ ਕੇ ਸੰਤਾਂ ਨੇ ਉਬਾਰੇ ਖਾਂ ਦੇ ਗੁਰੂ ਕਾ ਸਿੱਖ ਬਣਨ ਦਾ ਪ੍ਰਸੰਗ ਸਾਰਾ ਹੀ ਸੁਣਾ ਦਿਤਾ ਕਿ ਉਹ ਕੀਕੂੰ ਗੁਰੂ ਜੀ ਦਾ ਸਿੱਖ ਬਣਿਆ ਸੀ। ਫੇਰ ਸੰਤ ਕੁਛ ਸਸਤਾ ਕੇ ਬੋਲੇ – ਇਸੀ ਤਰ੍ਹਾਂ ਦੂਸਰੀ ਪਾਤਸ਼ਾਹੀ ਦੇ ਸਿੱਖਾਂ ਵਿਚ ਨਾਈ ਤੇ ਲੁਹਾਰ ਆਦਿ ਜਾਤਾਂ ਦੇ ਆਦਮੀ ਗੁਰੂ ਕੇ ਸਿੱਖ ਹੋਏ ਆਪਨੂੰ ਮਿਲਨਗੇ, ਜੇ ਤੀਸਰਾ ਪਾਤਸ਼ਾਹੀ ਦੇ ਸਿੱਖ ਵੇਖੋ ਤਾਂ ਇਕ ਪ੍ਰਸੰਗ ਇਕ ਮੁਸਲਮਾਨ ਦਾ ਮਿਲਦਾ ਹੈ, ਜਿਸਨੂੰ ਨਵਾਬ ਦਾ ਖਿਤਾਬ ਸੀ ਤੇ ਜੋ ਭਾਈ ਪਾਰੋ ਦੇ ਨਾਲ ਆ ਕੇ ਗੁਰੂ ਕਾ ਸਿੱਖ ਹੋਇਆ, ਇਸ ਦੀ ਸੇਵਾ ਤੇ ਘਾਲ ਤੇ ਪ੍ਰਸੰਨ ਹੋ ਕੇ ਗੁਰੂ ਜੀ ਨੇ ਉਸਨੂੰ ਨਾ ਕੇਵਲ ਸਿੱਖ ਕੀਤਾ ਸਗੋਂ ਉਸਨੂੰ ਪ੍ਰਚਾਰ ਦਾ ਕੰਮ ਸੌਂਪਿਆ, ਜਿਸਨੂੰ ਮਿਲ ਕੇ ਘਨੇਰੇ ਲੋਕ ਸਿੱਖ ਹੋਏ। ਇਸ ਦਾ ਨਾਮ ਅਲ੍ਹਾਯਾਰ ਸੀ। ਸਿੱਖ ਤਾਂ ਇਸ ਤਰ੍ਹਾਂ ਹਰ ਜਾਤੀ ਵਿਚੋਂ, ਕਿਆ ਨੀਚ ਤੇ ਕਿਆ ਊਚ ਸੱਦੇ ਜਾਣ ਵਾਲੀਆਂ ਜਾਤੀਆਂ ਵਿਚੋਂ ਤੇ ਕਿਆ ਅਜਾਤੀਆਂ ਵਿਚੋਂ ਅਰਥਾਤ ਜੋ ਚਾਰ ਵਰਨਾਂ ਤੋਂ ਬਾਹਰ ਦੇ ਗਿਣੇ ਜਾਂਦੇ ਸਨ, ਬਣਦੇ ਰਹੇ ਹਨ। ਪੰਜਵੀਂ ਪਾਤਸ਼ਾਹੀ ਵੇਲੇ ਅਨੇਕਾਂ ਸਿੱਖ ਬਣੇ ਤਾਂ ਜਹਾਂਗੀਰ ਪਾਸ ਖਾਸ ਸ਼ਿਕਾਇਤ ਹੋਈ ਸੀ ਕਿ ਗੁਰੂ ਜੀ ਮੁਸਲਮਾਨਾਂ ਨੂੰ ਸਿੱਖ ਬਣਾਈ ਜਾਂਦੇ ਹਨ।

ਇਹ ਕਹਿ ਕੇ ਸੰਤ ਕੁਟੀਆ ਵਿਚ ਚਲੇ ਗਏ ਤੇ ਇਕ ਫਆਰਸੀ ਦੀ ਕਿਤਾਬ ਚਾ ਲਿਆਏ ਤੇ ਕੁਛ ਵਰ ਕੇ ਉਲਟਾ ਕੇ ਕਹਿਣ ਲੱਗੇ, ਦੇਖੋ ਪਾਤਸ਼ਾਹ! ਤਅੱਸਬ ਵਿਚ ਆਇਆ ਆਪਣੀ ਤੁਜ਼ਕ ਵਿਚ ਗੁਰੂ ਜੀ ਦੇ ਮੁਸਲਮਾਨਾਂ ਦੇ ਸਿੱਖ ਹੋਣ ਬਾਬਤ ਐਉਂ ਲਿਖਦਾ ਹੈ –

***ਬਿਸੀਆਰੇ ਅਜ਼ ਸਾਦਾ ਲੌਂਹਾਨੇ ਹਨੂਦ***
***ਬਲਕਿ ਨਾਦਾਨ ਵ ਸਫੀਹਾਨੇ ਇਸਲਾਮ***
***ਰਾ ਮੁਕੱਯਦੇ ਇਤਵਾਰ ਵ ਐਜ਼ਾਅ ਖੁਦਸਾਖਤਾ ਕੋਸੇ***
***ਪੀਰੀ ਵ ਵਲਾਇਤ ਰਾ ਬਲੰਦ***
***ਆਵਾਜ਼ਹ ਗਰਦਾਨੀਦਹ ਬੂਦ।***

ਇਸ ਦਾ ਅਰਥ ਹੈ ਕਿ ਗੁਰੂ ਜੀ ਨੇ ਹਿੰਦੂਆਂ ਵਿਚ ਬਹੁਤੇ ਸਾਦਾ ਦਿਲਾਂ ਨੂੰ ਤੇ ਮੂਰਖ ਮੁਸਲਮਾਨ ਨੂੰ ਅਪਣੀ ਰਹੁਰੀਤ ਦਾ ਪੈਰੋਕਾਰ ਬਣਾ ਲਿਆ ਹੈ। ਇਹ ਵਾਕ ਲਿਖੇ ਤਾਂ ਬੇਅਦਬੀ ਨਾਲ ਗਏ ਹਨ ਪਰ ਇਨ੍ਹਾਂ ਤੋਂ ਇਤਿਹਾਸਕ ਗੁਆਹੀ ਮਿਲ ਗਈ ਕਿ ਮੁਸਲਮਾਨਾਂ ਨੂੰ ਸਿੱਖ ਗੁਰੂ ਜੀ ਬਣਾਉਂਦੇ ਸਨ, ਪਰ ਉਹ ਇਕ ਦੋ ਨਹੀਂ ਸਨ, ਇਤਨੇ ਸਨ ਕਿ ਮੁਸਲਮਾਨਾਂ ਨੂੰ ਸਿੱਖ ਗੁਰੂ ਜੀ ਬਣਾਉਂਦੇ ਸਨ ਪਰ ਉਹ ਇਕ ਦੋ ਨਹੀਂ ਸਨ, ਇਤਨੇ ਸਨ ਕਿ ਮੁਸਲਮਾਨਾਂ ਵਿਚ ਇਸ ਗੱਲ ਦੀ ਨਾਰਾਜ਼ਗੀ ਇਸ ਹੱਦ ਤਕ ਵਧੀ ਹੋਈ ਸੀ ਕਿ ਉਨ੍ਹਾਂ ਨੇ ਪਾਤਸ਼ਾਹ ਨੂੰ ਵੀ ਭੜਕਾ ਰੱਖਿਆ ਸੀ, ਅਰ ਓਸੇ ਗੁੱਸੇ ਵਿਚ ਉਹ ਇਹ ਗੱਲ ਲਿਖਦਾ ਹੈ ਜੋ ਅੱਜ ਮੁਸਲਮਾਨਾਂ ਦੇ ਸਿੱਖ ਹੋਣ ਦਾ ਇਤਿਹਾਸਕ ਸਬੂਤ ਬਨ ਰਿਹਾ ਹੈ। ਅੱਗੇ ਜਾ ਕੇ ਪਾਤਸ਼ਾਹ ਲਿਖਦਾ ਹੈ ਕਿ ਮੈਂ ਅੱਗੇ ਹੀ ਗੁਰੂ ਜੀ ਦਾ ਵਿਨਾਸ਼ ਕਰਨਾ ਲੋੜਦਾ ਸਾਂ ਯਾ ਇਸਲਾਮ ਵਿਚ ਦਾਖਲ ਕਰਨਾ ਚਾਹੁੰਦਾ ਸਾਂ। ਸੋ ਪੰਜਵੇਂ ਪਾਤਸ਼ਾਹ ਦੇ ਵੇਲੇ ਦੀ ਉਗਾਹੀ ਬਾਹਰਲੇ ਇਤਿਹਾਸਾਂ ਤੋਂ ਬੀ ਮਿਲ ਗਈ।

ਛੇਵੇਂ ਸਤਿਗੁਰਾਂ ਦੇ ਵੇਲੇ ਬੀ ਅਨੇਕਾਂ ਜਾਤਾਂ ਤੇ ਜਾਤਾਂ ਤੋਂ ਬਾਹਰਲੇ ਲੋਕ ਸਿੱਖ ਹੋਏ ਹਨ। ਸੂਰਜ ਪ੍ਰਕਾਸ਼ ਵਿਚ ਇਕ ਖਵਾਜਾ ਨਾਮ ਕਸ਼ਮੀਰੀ ਮੁਸਲਮਾਨ ਤੇ ਇਕ ਜਾਨੀ ਨਾਮੇ ਸੱਯਦ ਦੀ ਵਾਰਤਾ ਲਿਖੀ ਹੈ। ਦੋਹਾਂ ਨੇ ਬੜੀ ਘਾਲ ਕੀਤੀ ਹੈ। ਖਵਾਜਾ ਤਾਂ ਘੋੜਿਆਂ ਦੀ ਸੇਵਾ ਕਰਦਾ

ਰਿਹਾ ਹੈ ਤੇ ਜਾਨੀ ਸਤਿਗੁਰ ਦੇ ਰੂਪ ਦਾ ਧਿਆਨੀ ਹੋ ਕੇ ਬੈਠ ਗਿਆ। ਗੁਰੂ ਜੀ ਨੇ ਦਰਸ਼ਨ ਦੇਣੇ ਬੀ ਬੰਦ ਕਰ ਦਿਤੇ ਪਰ ਉਸ ਦੀ ਘਾਲਣਾ ਟੁਰੀ ਰਹੀ। ਇਥੋਂ ਤੱਕ ਘਾਲ ਹੋਈ ਕਿ ਸਤਿਗੁਰੂ ਜੀ ਪਸੀਜੇ ਤੇ ਪਰਮਪਦ ਦੀ ਦਾਤ ਦਿਤੀ। ਦੁਇ ਪੂਰੇ ਸਿਦਕ ਵਾਲੇ ਗੁਰੂ ਦੇ ਸਿੱਖ ਹੋਏ।

ਇਨ੍ਹਾਂ ਨੂੰ ਫਿਰ ਕਿਤੇ ਦੂਰ ਜਾ ਕੇ ਰਹਿਣ ਦੀ ਆਗਿਆ ਹੋਈ। ਪਰ ਇਹ ਸੇਵਾ ਤੋਂ ਵਛੁੜਿਆ ਨਹੀਂ ਸਨ ਚਾਹੁੰਦੇ। ਲਿਖਿਆ ਹੈ ਕਿ ਇਨ੍ਹਾਂ ਨੇ ਨੰਦ ਲਾਲ ਨਾਮੇ ਇਕ ਜਗਿਆਸੂ ਨੂੰ ਸਿੱਖੀ ਵਿਚ ਆਂਦਾ ਤੇ ਇਸ ਨੂੰ ਸੇਵਾ ਸੌਂਪ ਕੇ ਗੁਰੂ ਰਜ਼ਾ ਵਿਚ ਦੂਰ ਜਾ ਰਹੇ। ਇਹ ਨੰਦ ਲਾਲ ਬੀ ਸਿਰੇ ਚੜ੍ਹਿਆ ਤੇ ਮਗਰੋਂ ਇਸ ਦਾ ਨਾਉਂ ਸੋਹਣਾ ਹੋਇਆ। ਬਾਬਕ ਰਬਾਬੀ ਬੀ ਮੁਸਲਮਾਨ ਸੀ, ਗੁਰੂ ਕਾ ਸਿੱਖ ਸੀ ਤੇ ਘਰ ਵਿਚ ਬੜਾ ਇਤਬਾਰੀ ਸੇਵਕ ਸੀ। ਬੀਬੀ ਵੀਰੋ ਜੀ ਨੂੰ ਜਦ ਉਹ ਤੁਰਕਾਂ ਦੇ ਹੱਸੇ ਵੇਲੇ ਮਹਲਾਂ ਵਿਚ ਰਹਿ ਗਈ ਸੀ ਤਾਂ ਸਿੰਘਾ ਪ੍ਰੋਹਤ ਤੇ ਬਾਬਕ ਰਬਾਬੀ ਹੀ ਲੈਣ ਗਏ ਤੇ ਸਲਾਮਤੀ ਨਾਲ ਲੈ ਆਏ ਸਨ। ਏਹ ਦੁਏ ਗੁਰੂ ਕੇ ਸਿੱਖ ਸੇ। ਜਦ ਛੇਵੇਂ ਗੁਰੂ ਜੀ ਕਸ਼ਮੀਰ ਗਏ ਤਾਂ ਪੰਜ ਸੱਤ ਹਿੰਦੂਆਂ ਤੋਂ ਹੋਏ ਮੁਸਲਮਾਨ ਆਪ ਪਾਸ ਆਏ ਕਿ ਸਾਨੂੰ ਫਿਰ ਮੁੜ ਕੇ ਰਲਾ ਲਿਆ ਜਾਵੇ, ਪੰਡਿਤ ਉਨ੍ਹਾਂ ਨੂੰ ਅਛੂਤ ਆਖਦੇ ਸਨ ਪਰ ਸਤਿਗੁਰਾਂ ਨੇ ਉਨ੍ਹਾਂ ਨੂੰ ਗੁਰਮਤ ਦੀ ਵਿਧੀ ਅਨੁਸਾਰ ਸਿੱਖ ਬਣਾ ਕੇ ਨਾਲ ਰਲਾ ਲਿਆ। ਪਹਿਲੋਂ ਪੰਡਤਾਂ ਉਜ਼ਰ ਮਾਜਰੇ ਕੀਤੇ ਪਰ ਫੇਰ ਸਹਿਮਤ ਹੋ ਗਏ, ਇਹ ਵਾਰਤਾ ਅਸਾਂ ਆਪ ਪੜ੍ਹੀ ਨਹੀਂ ਪਰ ਪਤਾ ਲਗਾ ਹੈ ਕਿ ਪੰਜ ਸੌ ਸਾਖੀ ਦੀ ਪੋਥੀ ਵਿਚ ਹੈ। ਇਸੀ ਤਰ੍ਹਾਂ ਸੱਤਵੇਂ ਅੱਠਵੇਂ ਸਤਿਗੁਰਾਂ ਵੇਲੇ ਹਰ ਜਾਤੀ ਦੇ ਅਤੇ ਵਰਨ ਆਸ਼ਰਮ ਤੋਂ ਬਾਹਰ ਦੇ ਲੋਕੀਂ ਸਿੱਖ ਬਣਦੇ ਰਹੇ ਹਨ।

ਇਕ ਹੋਰ ਗੱਲ ਸਾਨੂੰ ਛੇਵੇਂ ਸੱਤਵੇਂ ਸਤਿਗੁਰਾਂ ਦੇ ਸਮੇਂ ਹੋਈ ਮਿਲਦੀ ਹੈ। ਇਹ ਇਕ ਮੁਸਲਮਾਨ ਲੇਖਕ ਦੀ ਕਿਤਾਬ ਦਬਿਸਤਾਨ ਮਜ਼ਾਹਬ ਵਿਚੋਂ ਮਿਲਦੀ ਹੈ। ਓਥੇ ਲਿਖਿਆ ਹੈ ਕਿ ਇਕ ਗਜਾਨੀ ਸੀ, ਪ੍ਰਤਾਪ ਮਲ ਉਸ ਦਾ ਨਾਉਂ ਸੀ, ਉਸ ਨੇ ਆਪਣੇ ਪੁਤ੍ਰ ਨੂੰ ਹਿੰਦੂ ਮਤ ਤੋਂ ਉਦਾਸ ਡਿੱਠਾ ਤੇ ਸਮਝਿਆ ਕਿ ਇਹ ਮੁਸਲਮਾਨ ਹੋਣ ਦਾ ਸੰਕਲਪ ਕਰ ਰਿਹਾ ਹੈ, ਪ੍ਰਤਾਪ ਮਲ ਨੇ ਉਸਨੂੰ ਕਿਹਾ ਕਿ ਤੂੰ ਕਿਉਂ ਮੁਸਲਮਾਨ ਹੁੰਦਾ ਹੈਂ? ਜੇ ਸਭ ਚੀਜ਼ਾਂ ਦੇ ਖਾਣ ਦੀ ਖਾਹਸ਼ ਰਖਦਾ ਹੈਂ ਤਾਂ ਗੁਰੂ ਦਾ ਸਿੱਖ ਬਣ ਜਾਹ ਤੇ ਜੋ ਜੀ ਕਰਦਾ ਈ ਖਾਹ। ਇਥੇ ਕੁ ਹੀ ਇਸ ਲੇਖਕ ਨੇ ਲਿਖਿਆ ਹੈ ਕਿ ਸਿੱਖਾਂ ਵਿਚ ਹਿੰਦੂਆਂ ਵਾਲੀ ਹਿੰਦੂ ਸ਼ਰਅ ਦੀਆਂ ਤਪਿਆ ਤੇ ਇਬਾਦਤਾਂ ਕੋਈ ਨਹੀਂ ਹਨ ਅਤੇ ਖਾਣ ਪੀਣ ਵਿਚ ਕੋਈ ਕੈਦ ਨਹੀਂ ਰੱਖਦੇ। ਇਹ ਕਹਿ ਕੇ ਸੰਤ ਅੰਦਰੋਂ ਇਕ ਕਾਗਜ਼ ਚਾ ਲਿਆ ਤੇ ਫਾਰਸੀ ਦੀ ਇਬਾਰਤ ਪੜ੍ਹ ਕੇ ਸੁਣਾ ਦਿਤੀ ਜੋ ਇਸ ਪ੍ਰਕਾਰ ਸੀ -

***ਦਰ ਸਿੱਖਾਂ ਇਬਾਦਾਤ ਵ ਰਿਆਜ਼ਾਤ ਸ਼ਰਈ ਹਿੰਦੂਆਂ ਹੇਚ ਨੇਸਤ,***
***ਦਰ ਅਕਲ ਵ ਸ਼ਰਬ ਕੈਦੇ ਨ ਦਾਰੰਦ,***
***ਚੁਨਾਂਚਿ ਪ੍ਰਤਾਬ ਮੱਲ ਗਿਆਨੀ ਹਿੰਦੂ ਪਿਸਰੇ ਰਾ ਦੀਦੀ***
***ਕਿ ਆਹੰਗੇ ਮੁਸਲਮਾਂ ਸ਼ੁਦਨ ਦਾਰਦ,***
***ਗੁਫਤ ਚਿਰਾ ਮੁਸਲਮਾਂ ਮੇ ਸ਼ਵੀ?***
***ਅਗਰ ਮੈਲੇ ਹਮਾ ਚੀਜ਼ ਖੁਰਦਨ ਦਾਰੀ***
***ਸਿੱਖੇ ਗੁਰੂ ਬਾਸ਼ ਵ ਹਰਚਿਹ ਖਾਹੀ ਬਿਖੁਰ।***

ਨਾਵੇਂ ਸਤਿਗੁਰਾਂ ਦੇ ਵੇਲੇ ਵੀ ਉਹੋ ਦਸਤੂਰ ਜਾਰੀ ਸੀ। ਸਾਨੂੰ ਇਕ ਪ੍ਰਸੰਗ ਮਿਲਦਾ ਹੈ ਕਿ ਨਨੂਆਂ ਜੀ ਇਕ ਕਵੀ ਹੋਏ ਹਨ ਜਿਨ੍ਹਾਂ ਨੇ ਨਾਵੇਂ ਸਤਿਗੁਰਾਂ ਦੀ ਸੇਵਾ ਕੀਤੀ ਸੀ, ਆਪ ਨੇ ਇਨ੍ਹਾਂ ਦੀ ਘਾਲ ਥਾਂ ਪੈਣ ਤੇ ਆਪ ਨੂੰ ਪੰਜਾਬ ਟੋਰ ਦਿਤਾ ਤੇ ਕਿਹਾ ਲਾਹੌਰ ਜਾਓ, ਸਾਡਾ ਓਥੇ ਇਕ ਸਿੱਖ ਹੈ, ਗਦਾ ਨਾਰਾਇਣੀ ਉਸ ਦਾ ਨਾਉਂ ਹੈ, ਉਸ ਪਰ ਅਸਾਂ ਹੁੰਡੀ ਕਰ ਦਿਤੀ ਹੈ, ਤੁਸੀਂ ਜਾਓ ਉਹ ਸਕਾਰੇਗਾ। ਜਦ ਇਹ ਗਏ ਤਾਂ ਸਾਈਂ ਲੋਕ ਨੇ ਸਤਿਗੁਰਾਂ ਦਾ ਹੁਕਮ ਸਿਰ ਮੱਥੇ ਤੇ ਧਰ ਕੇ ਉਨ੍ਹਾਂ ਪਰ ਮੇਹਰ ਕੀਤੀ ਤੇ ਆਖਿਆ ਕਿ ਮੈਂ ਪਾਤਸ਼ਾਹ ਦੀ ਹੁੰਡੀ ਸਕਾਰਦਾ ਹਾਂ। ਇਹ ਸੱਜਣ ਮੁਸਲਮਾਨ ਸੀ, ਗੁਰੂ ਕਾ ਸਿੱਖ ਸੀ ਤੇ ਅੱਡਣ ਸ਼ਾਹੀ ਸੰਪਰਦਾ ਦਾ ਜਾਣੋਂ ਮੁੱਢ ਸੀ। ਕਿਉਂਕਿ ਇਨ੍ਹਾਂ ਤੋਂ ਸ੍ਰੀ ਭਾਈ ਨਨੂਆ ਜੀ, ਉਨ੍ਹਾਂ ਤੋਂ ਸ੍ਰੀ ਭਾਈ ਕਨ੍ਹੱਯਾ ਜੀ, ਉਨ੍ਹਾਂ ਤੋਂ ਸ੍ਰੀ ਭਾਈ ਸੇਵਾ ਦਾਸ ਜੀ ਤੇ ਉਨ੍ਹਾਂ ਤੋਂ ਸ੍ਰੀ ਭਾਈ ਅੱਡਣ ਜੀ ਹੋਏ। ਇਸੀ ਤਰ੍ਹਾਂ ਨਾਵੇਂ ਪਾਤਸ਼ਾਹ ਦੇ ਸਮੇਂ ਭੀਖਣਸ਼ਾਹ ਦਾ ਦਸਮੇਂ ਸਤਿਗੁਰ ਜੀ ਦੇ ਬਾਲ ਦਰਸ਼ਨਾਂ ਲਈ ਸ਼ਰਧਾ ਵਿਚ ਆਉਣਾ, ਬੁੱਧੂਸ਼ਾਹ ਦਾ ਦਸਮੇਂ ਪਾਤਸ਼ਾਹ ਦਾ ਸਿੱਖ ਬਣਨਾ, ਸੈਦਾ ਬੇਗ, ਸੈਦ ਖਾਂ ਦਾ ਸਿੱਖ ਬਣਨਾ, ਆਦਿ ਅਨੇਕਾਂ ਪ੍ਰਸੰਗ ਹੈਨ। ਇਬਰਾਹੀਮ ਦਾ ਅੰਮ੍ਰਿਤ ਛਕ ਕੇ ਅਜਮੇਰ ਸਿੰਘ ਬਣਨਾ ਕਿਤਨਾ ਪ੍ਰਸਿੱਧ ਪ੍ਰਸੰਗ ਹੈ। ਇਬਰਾਹੀਮ ਦੇ ਅੰਮ੍ਰਿਤ ਛਕਣ ਸਮੇਂ ਦਸਮੇਂ ਸਤਿਗੁਰਾਂ ਨੇ ਜੋ ਕੁਛ ਫੁਰਮਾਇਆ ਸੀ ਉਹ ਵੀ ਸੁਣ ਸਓ –

***ਸੁਨਿ ਸ੍ਰੀ ਪ੍ਰਭੁ ਪ੍ਰਸੰਨਤਾ ਧਾਰੀ॥***
***ਪੂਰਬ ਭਲੀ ਰੀਤ ਤੈਂ ਡਾਰੀ॥***
***ਮੁਸਲਮਾਨ ਹੁਇ ਭਾਵਨ ਧਰੈ॥***
***ਮਿਲਨ ਪੰਥ ਮਹਿ ਜੇ ਹਿਤ ਕਰੈ॥***
***ਤੌ ਇਹ ਉਚਿਤ ਖ਼ਾਲਿਸੇ ਬੀਚ॥***
***ਪਾਹੁਲ ਲਹੈ ਊਚ ਕੈ ਨੀਚ॥***

ਇਸ ਪ੍ਰੇਮੀ ਨੂੰ ਸ੍ਰੀ ਮਾਨ ਸਿੰਘ ਜੀ ਨੇ ਆਪਣੇ ਹੱਥੀਂ ਅੰਮ੍ਰਿਤ ਛਕਾਇਆ ਸੀ। ਸ੍ਰੀ ਮਾਨ ਸਿੰਘ ਜੀ ਨਿਹੰਗ ਸਿੰਘਾਂ ਦੀ ਸੰਪਰਦਾ ਦੇ ਵਡ ਕੇ ਮੰਨੇ ਜਾਂਦੇ ਹਨ।

੬

ਇਥੇ ਕੁ ਗੱਲ ਅੱਪੜੀ ਤਾਂ ਇਕ ਰਾਧਾ ਸਿੰਘ ਨਾਮੇ ਰਾਹਕ ਬੋਲਿਆ, ਸ੍ਰੀ ਸੰਤ ਜੀ ਮਹਾਰਾਜ! ਆਪ ਦੇ ਦਾਨ ਗੁਲਾਬ ਹੈ, ਜੋ ਕੁਛ ਤੁਸਾਂ ਆਖਿਆ ਠੀਕ ਹੈ, ਪਰ ਮਨ ਸਹੁਰੇ ਨੂੰ ਕੀਹ ਕਰੀਏ, ਪੁਰਾਣੇ ਖਿਆਲ ਅੰਦਰ ਵੜੇ ਹੋਏ ਹਨ ਨਿਕਲਦੇ ਨਹੀਂ। ਕੁਛ ਸੰਤਾਂ ਸਾਧਾਂ ਨੇ ਖਿਆਲ ਸੁਣਾਏ ਹੋਏ ਹਨ, ਉਹ ਨਹੀਂ ਛੁਟਦੇ। ਆਦਿ ਜੁਗਾਦਿ ਕਦੇ ਹਿੰਦੂ ਵੀ ਮੁੜਕੇ ਕੋਈ ਹੋਇਆ ਹੈ ਕਿ ਕਦੇ ਕੋਈ ਓਪਰਾ ਬੀ ਹਿੰਦੂ-ਵਾੜੇ ਵਿਚ ਵਾੜਿਆ ਗਿਆ ਹੈ? ਨਾ ਨਾ ਜੀ, ਕਦੇ ਜਾਤਾਂ ਬੀ ਬਦਲੀਆਂ ਹਨ? ਮੈਂ ਕੀਹ ਪਿਆ ਆਹਨਾਂ ਹਾਂ, ਜੋ ਜਿਥੇ ਜੰਮਿਆ ਸੋ ਓਥੇ ਦਾ, ਆਦਿ ਜੁਗਾਦਿ ਰਿਖਈ ਮੁਨੀ ਓਸੇ ਤਰ੍ਹਾਂ ਹੀ ਦਸਦੇ ਰਹੇ।

ਸਾਧੂ - ਸ੍ਰੀ ਸੰਤ ਜੀ ਰਾਧਾ ਸਿੰਘ ਨੂੰ ਆਪਣਾ ਤਾਤਪਰਜ ਸਫੁਟ ਕਰਨਾ ਨਹੀਂ ਆਇਆ ਜੇ। ਭਾਵ ਇਸਦਾ ਇਸ ਪ੍ਰਕਾਰ ਦਾ ਹੈ। ਜਗਤ ਵਿਚ ਦੋ ਤਰ੍ਹਾਂ ਦੇ ਧਰਮ ਹੈਨ। ਇਕਨਾਂ ਧਰਮਾਂ ਵਿਚ ਦੂਏ ਆਦਮੀ ਰਲਾਏ ਜਾ ਸਕਦੇ ਹਨ, ਇਕਨਾਂ ਵਿਚ ਨਹੀਂ। ਜਿਵੇਂ ਹਿੰਦੂ, ਯਹੂਦੀ, ਪਾਰਸੀ, ਇਨ੍ਹਾਂ ਤ੍ਰੈਹਾਂ ਵਿਚ ਜੋ ਜੰਮੇ ਸੋਈ ਉਸ ਧਰਮ ਦਾ ਅਵਿਲੰਬੀ ਹੁੰਦਾ ਹੈ, ਬਾਹਰੋਂ ਕੋਈ ਆਦਮੀ ਇਨ੍ਹਾਂ ਵਿਚ ਸ਼ਾਮਲ ਨਹੀਂ ਹੋ ਸਕਦਾ। ਦੂਸਰੇ ਬੋਧੀ, ਈਸਾਈ, ਮੁਸਲਮਾਨ ਆਦਿ, ਇਨ੍ਹਾਂ ਵਿਚ ਦੂਜੇ ਮਤਾਂ ਦੇ ਪ੍ਰਾਨੀ ਸ਼ਾਮਲ ਹੋ ਸਕਦੇ ਹਨ। ਸੋ ਇਹ ਜੋ ਸਾਡਾ ਧਰਮ ਹੈ ਇਸ ਵਿਚ ਕੋਈ ਨਹੀਂ ਬਾਹਰੋਂ ਸ਼ਾਮਲ ਹੋ ਸਕਦਾ।

ਸੰਤ ਜੀ - ਤੁਸਾਂ ਠੀਕ ਧਰੁਵਾ ਬੱਧਾ ਹੈ ਪਰ ਆਦਿ ਕਾਲ ਵਿਚ ਹਿੰਦੂਆਂ ਵਿਚ ਲੋਕੀਂ ਬਾਹਰ ਦੇ ਰਲਾ ਲਏ ਜਾਂਦੇ ਸਨ ਮਗਰੋਂ ਆ ਕੇ ਵਰਨਆਸ਼੍ਰਮ ਦੀ ਖੇਡ ਬੱਝੀ ਹੈ। ਆਦਿ ਸਮੇਂ ਵਿਚ ਐਸ ਤਰ੍ਹਾਂ ਨਹੀਂ ਸੀ। ਆਰਯ ਕੁਲ ਜੋ ਹਿੰਦੂ ਜਾਤੀ ਦੀ ਪੁਰਾਤਨ ਤੇ ਅਸਲੀ ਪ੍ਰਨਾਲੀ ਹੈ ਉਸ ਦੀ ਪਛਾਣ ਚਿਹਨ ਚੱਕਰਾਂ ਤੋਂ ਹੋ ਜਾਂਦੀ ਹੈ। ਹੁਣ ਜੇ ਤੁਸੀਂ ਹਿੰਦੂਆਂ ਦੀ ਨੁਹਾਰ ਅਥਵਾ ਚਿਹਨ ਚੱਕਰਾਂ ਨੂੰ ਮੁਤਾਲਯਾ ਕਰੋ ਤਾਂ ਸਭਨਾਂ ਦੇ ਨਕਸ਼ ਆਰਯ ਕੁਲ ਦੇ ਨਹੀਂ ਪਾਓਗੇ। ਜਿਸ ਤੋਂ ਸਾਫ ਹੋ ਗਿਆ ਕਿ ਆਰਯ ਕੁਲ ਵਾਲਿਆਂ ਨੇ ਆਦਿ ਕਾਲ ਵਿਚ ਅਨਾਰਯ ਲੋਕਾਂ ਨੂੰ ਆਪਣੇ ਵਿਚ ਰਲਾ ਲਿਆ ਸੀ। ਪਰਤੱਖ ਦੇਖੋ ਕਿ ਬੰਗਾਲ ਦੀਆਂ ਕਾਲਿੰਗਾ ਤੇ ਵੰਕਾ ਦੋ ਜਾਤੀਆਂ ਜੋ ਆਰਯ ਕੁਲ ਤੋਂ ਨਹੀਂ ਸਨ, ਹੁਣ ਹਿੰਦੂ ਹਨ। ਦੱਖਣ ਜੋ ਹਿੰਦੂ ਧਰਮ ਦਾ ਖਾਸ ਘਰ ਹੈ ਲਗਭਗ ਦ੍ਰਾਵੜੀ ਕੁਲ ਦਾ ਹੈ। ਸਭ ਦ੍ਰਾਵੜੀ ਹਿੰਦੂ ਹੋ ਚੁੱਕੇ ਹਨ। ਇਹ ਦ੍ਰਾਵੜੀ ਲੋਕ ਆਰਯ ਨਹੀਂ ਸਨ ਤੇ ਨਾਂ ਹੀ ਹਿੰਦੂ ਧਰਮ ਸੀ ਇਨ੍ਹਾਂ ਦਾ। ਸੋ ਜੇ ਕਦੇ ਓਦੋਂ ਆਦਿ ਕਾਲ ਵਿਚ ਹਿੰਦੂ ਧਰਮ ਦੇ ਦਰਵਾਜ਼ੇ ਖੁੱਲ੍ਹੇ ਨਹੀਂ ਸਨ ਤਦ ਇਹ ਗੱਲਾਂ ਕੀਕੂੰ ਹੋ ਗਈਆਂ?

ਪੰਡਤ ਨੱਥੂ ਰਾਮ - ਸੰਤ ਜੀ ਦੇਖ ਕੇ ਮੱਖੀ ਨਹੀਂ ਖਾਧੀ ਜਾਂਦੀ, ਉਂਞ ਭਾਵੇਂ ਮਠਿਆਈਆਂ ਵਿਚ ਰਲੀ ਮੋਈ ਹੋਈ ਕਈ ਵੇਰ ਅੰਦਰ ਲੰਘ ਜਾਂਦੀ ਹੈ।

ਸੰਤ ਜੀ - ਪੰਡਤ ਜੀ! ਹੁਣ ਸਮੇਂ ਬਦਲ ਗਏ ਹਨ, ਬ੍ਰਾਹਮਣੀ ਮਤ ਦੇ ਮੰਡਲਾਂ ਵਿਚ ਬੀ ਪ੍ਰੀਵਰਨਤ ਆ ਗਿਆ ਹੈ ਢਾਈ ਸੌ ਬਰਸ ਹੋਇਆ ਹੈ ਕਿ ਸ੍ਰੀ ਕਲਗੀਧਰਜੀ ਨੇ ਪਤਿਤਾਂ ਨੂੰ ਪਾਵਨ ਕਰਨ ਦਾ ਤੇ ਨੀਚਾਂ ਨੂੰ ਊਚ ਕਰਨ ਦਾ ਆਪ ਹੋਕਰਾ ਦਿਤਾ ਸੀ ਪਰ ਤਦੋਂ ਕਿਸੇ ਨਾ ਸੁਣਿਆ, ਸੁਣਿਆ ਤਾਂ ਮੁਖਾਲਫਤਾਂ ਕੀਤੀਆਂ। ਹੁਣ ਢਾਈ ਸੌ ਬਰਸ ਅਸਹਿ ਕਸ਼ਟ ਭੋਗ ਕੇ ਕਈ ਹਿੰਦੂ ਵਡਕੇ ਆਪ ਅਛੂਤਾਂ ਨੂੰ ਮੇਲਣਾ ਚਾਹੁੰਦੇ ਹਨ।

ਭਾਈ! ਤੁਸੀਂ ਹੁਣ ਚਾਹੋ ਮੱਖੀ ਦਾ ਦ੍ਰਿਸ਼ਟਾਂਤ ਵਰਤੋ ਤੇ ਚਾਹੋ ਸੂਗ ਕਰੋ, ਪਰ ਹਿੰਦੂ ਕਠਨਤਾ ਦੀਆਂ ਰੱਸੀਆਂ ਬੀ ਢਿੱਲੀਆਂ ਪੈ ਰਹੀਆਂ ਹਨ।

ਨੱਥੂ ਰਾਮ - ਹਿੰਦੂ ਪੰਡਿਤਾਂ ਨੇ ਤਾਂ ਨਹੀਂ ਨਾ ਮੰਨਿਆ।

ਸੰਤ - ਕਿਥੇ ਕੋਈ ਹਿੰਦੂ ਨਹੀਂ ਸੀ ਮੰਨਦਾ ਤੇ ਕਿੱਥੇ ਹਿੰਦੂ ਨੀਤੀਵਾਨ ਹੁਣ ਉਮਾਹ ਰਹੇ ਹਨ।

ਸਾਧੂ - ਠੀਕ ਫੁਰਮਾਇਆ ਹੈ ਆਪ ਨੇ। ਕਿਉਂ ਭਾਈ ਰਾਧਾ ਸਿੰਘ ਜੀ?

ਰਾਧਾ ਸਿੰਘ - ਕੀਹ ਦੱਸਾਂ, ਸੰਤ ਜੀ ਤਾਂ ਹਰ ਪਾਸਿਓਂ ਗੱਲ ਦਾ ਮੱਕੂ ਬੰਨ੍ਹ ਦੇਂਦੇ ਹਨ, ਕੀਹ ਆਖਾਂ।

ਸੰਤ - ਭਾਈ, ਹਾਰ ਜਿੱਤ ਸਾਡਾ ਮਨੋਰਥ ਨਹੀਂ। ਨਿਆਉਂ, ਸੱਚ, ਪ੍ਰੇਮ, ਸਾਡੇ ਇਹ ਅਸੂਲ ਹਨ। ਸਾਡੇ ਲਈ ਤਾਂ ਮਾਰਗ ਉਹ ਹੈ ਜੋ ਸਾਡੇ ਸਤਿਗੁਰਾਂ ਨੇ ਤੋਰ ਦਿਤਾ ਹੈ, ਹੁਣ ਸਾਨੂੰ ਤਾਂ ਉਸ ਤੇ ਟੁਰਨਾ ਚਾਹੀਏ। ਬਾਕੀ ਹੋਰ ਪ੍ਰਮਾਣ ਤਾਂ ਅਸਾਂ ਤੁਹਾਡੀ ਪੁੱਛ ਕਰਕੇ ਦੱਸੇ ਹਨ।

੭

ਸਾਧੂ - ਉਹ ਕੀਕੂੰ ਜੀਓ?

ਸੰਤ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਸਾਰੇ ਸਿੱਖ ਮਤ ਅਨੁਯਾਈਆਂ ਤੇ ਗੁਰੂ ਨਾਨਕ ਦੇ ਜੀ ਦੇ ਨਾਮ ਲੇਵਿਆਂ ਦੇ ਇਸ਼ਟ ਤੇ ਪੂਜ ਹਨ। ਇਸ ਵਿਚ ਜੋ ਬਾਣੀ ਹੈ ਸੋ ਗੁਰੂ ਰੂਪ ਹੈ। ਬਾਣੀ ਧੁਰੋਂ ਸਤਿਗੁਰਾਂ ਪਰ ਆਈ, ਉਹ ਉਨ੍ਹਾਂ ਨੇ ਉਸ ਵਿਚ ਲਿਖੀ ਹੈ। ਗੁਰੂ ਜਯੋਤੀ ਦੇ ਜਗਤ ਵਿਚ ਆਏ ਪ੍ਰਵਾਨ ਪੁਰਖਾਂ ਤੇ ਬਾਣੀ ਉਤਰਦੀ ਸੀ ਜੋ ਉਹ ਉਚਾਰਦੇ ਸੇ। ਉਸ ਬਾਣੀ ਬਾਬਤ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਵਿਚ ਲਿਖਿਆ ਹੈ -

*ਸੁਰਿ ਨਰ ਤਿਨ ਕੀ ਬਾਨੀ ਗਾਵਹਿ ਕੋਇ ਨ ਮੇਟੈ ਭਾਈ॥*
*ਭਗਤਿ ਜਨਾ ਕੀ ਉਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥*
*ਬਾਣੀ ਲਾਗੈ ਸੇ ਗਤਿ ਪਾਏ ਸਬਦੇ ਸਚਿ ਸਮਾਈ॥*
*ਭਗਤ ਜਨਾ ਕੀ ਊਤਮ ਬਾਣੀ*
*ਗਾਵਹਿ ਅਕਥ ਕਥਾ ਨਿਤ ਨਿਆਰੀ॥*
*ਸਫਲ ਜਨਮ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ॥*

ਇਨ੍ਹਾਂ ਸਾਰਿਆਂ ਨੂੰ ਜਿਨ੍ਹਾਂ ਪਰ ਬਾਣੀ ਉਤਰੀ ਭਗਤ ਆਖਦੇ ਹਨ। ਇਨ੍ਹਾਂ ਪਰ ਬਾਣੀ ਉਤਰਨ ਵੇਲੇ ਅਰਸ਼ਾਂ ਦੇ ਪ੍ਰਬੰਧ ਨੇ ਜਾਤ ਜਨਮ ਦੀ ਵੀਚਾਰ ਨਹੀਂ ਕੀਤੀ, ਕੇਵਲ ਪਰਮੇਸ਼ਰ ਨਾਲ ਪਿਆਰ ਦੇ ਗੁਣ ਦਾ ਵਿਚਾਰ ਹੋਇਆ ਹੈ। ਫਿਰ ਜਦ ਇਨ੍ਹਾਂ ਦੀ ਬਾਣੀ, ਜਿਸ ਵਿਚ ਸਿੱਧਾ ਅਨੁਭਵ ਦੁਆਰਾ ਪ੍ਰਾਪਤ ਹੋਇਆ ਗਿਆਨ ਤੇ ਆਪਣੇ ਤਜਰਬੇ ਤੇ ਤਜਰਬੇ ਦੇ ਅੰਤ ਵਿਚ ਅਨੁਭਵ ਪ੍ਰਾਪਤੀ ਦੇ ਸਾਰੇ ਰੰਗ ਹਨ, ਪੰਚਮ ਸਤਿਗੁਰ ਨੇ ਬੀੜ ਵਿਚ ਥਾਉਂ ਦਿਤੀ ਤਾਂ ਇਨ੍ਹਾਂ ਦੇ ਜਾਤ ਜਨਮ ਦੀ ਵੀਚਾਰ ਨਹੀਂ ਕੀਤੀ। ਸਧਨਾ ਕਸਾਈ ਸੀ, ਕਬੀਰ ਜੁਲਾਹਿਆ ਮੁਸਲਮਾਨ ਸੀ, ਰਵਿਦਾਸ ਚਮਾਰ ਸੀ, ਸੈਣ ਨਾਈ ਸੀ, ਨਾਮਦੇਵ ਛੀਂਬਾ ਸੀ, ਫਰੀਦ ਮੁਸਲਮਾਨ ਸੀ, ਰਵਿਦਾਸ ਚਮਾਰ ਸੀ, ਸੈਣ ਨਾਈ ਸੀ, ਨਾਮਦੇਵ ਛੀਂਬਾ ਸੀ, ਫਰੀਦ ਮੁਸਲਮਾਨ ਸੀ, ਸਭਨਾਂ ਦੀ ਬਾਣੀ ਬੀੜ ਵਿਚ ਆ ਗਈ। ਇਨ੍ਹਾਂ ਬਾਬਤ ਸ੍ਰੀ ਗੁਰੂ ਗ੍ਰੰਥ ਜੀ ਸਾਹਿਬ ਵਿਚ ਲਿਖਿਆ ਹੈ -

*ਭਲੋ ਕਬੀਰੁ ਦਾਸੁ ਦਾਸਨ ਕੋ ਊਤਮ ਸੈਨੁ ਜਨੁ ਨਾਈ॥*
*ਊਚਤੇ ਊਚ ਨਾਮਦੇਉ ਸਮਦਰਸੀ*
*ਰਵਿਦਾਸ ਠਾਕਰ ਬਣਿਆਈ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੀ ਪਦਵੀ ਮਿਲੀ, ਇਸ਼ਟ ਸਤਾਪਤ ਹੋਏ, ਸਾਰੀ ਬਾਣੀ ਪ੍ਰਮਾਣੀਕ ਹੋਈ। ਹੁਣ ਦੱਸੋ ਤੁਸੀਂ, ਅਸੀਂ ਜਾਤ ਜਨਮ ਦਾ ਵਿਚਾਰ ਕਰੀਏ ਕਿ ਉਨ੍ਹਾਂ ਸਤਿਪੁਰਖਾਂ ਦੇ ਭਗਤੀ ਦੇ ਗਿਆਨ ਰੂਪੀ ਗੁਣ ਤੇ ਪ੍ਰਾਪਤੀ ਦਾ ਵੀਚਾਰ ਕਰੀਏ? ਜਦ ਗੁਰੂ ਅਰਜਨ ਦੇਵ ਜੀ ਨੇ ਅਸੂਲ ਬੰਨ੍ਹ ਦਿਤਾ ਕਿ ਗੁਣਾਂ ਦੀ ਸਾਰ ਲੈਣੀ ਹੈ, ਜਾਤ ਜਨਮ ਦਾ ਲਿਹਾਜ਼ ਨਹੀਂ ਸਿੱਖਣਾ ਤਾਂ ਸਾਨੂੰ ਝੁਕ ਜਾਣਾ ਚਾਹੀਏ। ਇਹ ਅਸੀਂ ਸਿਧਾਂਤ ਕੱਢਿਆ ਹੈ ਸ੍ਰੀ ਗੁਰੂ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਕਲਨਾ ਤੋਂ। ਹੁਣ ਤੁਸੀਂ ਗੁਰਬਾਣੀ ਵਿਚ ਵੇਖੋ ਕਿ ਆਗਿਆ ਕੀਹ ਕੀਤੀ ਹੋਈ ਹੈ -

*੧. ਜਾਤੀ ਦੈ ਕਿਆ ਹਥਿ ਸਚੁ ਪਰਖੀਐ॥*
*੨. ਜਾਣਹੁ ਜੋਤਿ ਨ ਪੂਛਹੁ ਜਾਤੀ ਆਗੇ ਜਾਤਿ ਨ ਹੇ॥*
*੩. ਆਗੈ ਜਾਤਿ ਰੂਪੁ ਨ ਜਾਇ॥ ਤੇਹਾ ਹੋਵੈ ਜੇਹੇ ਕਰਮ ਕਮਾਈ॥*
*੪. ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥*
*੫. ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖਉ ਖਾਤਾ॥*
*੬. ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ॥*
*੭. ਫਕੜ ਜਾਤੀ ਫਕੜੁ ਨਾਉ॥*
*ਸਭਨਾ ਜੀਆ ਇਕਾ ਛਾਉ॥*

ਇਨ੍ਹਾਂ ਤੁਕਾਂ ਤੋਂ ਪਤਾ ਲੱਗਾ ਕਿ ਅੱਗੇ ਚੱਲ ਕੇ ਜਾਤ ਦੀ ਵਡਿਆਈ ਤੇ ਛੁਟਿਆਈ ਦੀ ਕੋਈ ਗੇਣਤੀ ਨਹੀਂ ਹੈ, ਓਥੇ ਗੇਣਤੀ ਨਾਮ ਜਪਣ, ਸ਼ੁਭ ਗੁਣਾਂ ਤੇ ਕਰਮਾਂ ਦੀ ਹੈ। ਹੁਣ ਦੇਖੀਏ ਕਿ ਪਿੱਛੋਂ ਕੋਈ ਜਾਤ ਸਾਡੇ ਨਾਲ ਆਈ ਹੈ? ਇਸ ਪਰ ਕਬੀਰ ਜੀ ਦਾ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ -

*ਗਰਭਵਾਸ ਮਹਿ ਕੁਲੁ ਨਹੀ ਜਾਤੀ॥*
*ਬ੍ਰਹਮ ਬਿੰਦੁ ਤੇ ਸਭ ਉਤਪਾਤੀ॥*
*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥*
*ਬਾਮਨ ਕਹਿ ਕਹਿ ਜਨਮੁ ਮਤ ਖੋਏ॥*
*ਜੇ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥*
*ਤਉ ਆਨ ਬਾਟ ਕਾਹੇ ਨਹੀ ਆਇਆ॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ॥*
*ਹਮ ਕਤ ਲੋਹੂ ਤੁਮ ਕਤ ਦੂਧ॥*
*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥*
*ਸੋ ਬ੍ਰਾਹਮਣ ਕਹੀਅਤ ਹੈ ਹਮਾਰੈ॥*

ਸਰੀਰ ਦੀ ਰਚਨਾ ਜੋ ਤੱਤਾਂ ਤੋਂ ਹੋਈ ਹੈ ਉਸ ਕਰਕੇ ਬੀ ਜਾਤ ਦੀ ਵਿਲੱਖਣਤਾ ਕੋਈ ਨਹੀਂ, ਇਸ ਪਰ ਇਹ ਵਾਕ ਹੈ -

*ਮਾਟੀ ਏਕ ਸਗਲ ਸੰਸਾਰਾ॥*
*ਬਹੁ ਬਿਧਿ ਭਾਡੇ ਘੜੈ ਕੁਮਾਰਾ॥*
*ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥*
*ਘਟਿ ਵਧਿ ਕੋ ਕਰੈ ਬੀਚਾਰਾ॥*
*ਗੁਰਬਾਣੀ ਵਿਚ ਨੀਚ ਜਾਤ ਕੌਣ ਹੈ?*
*ਖਸਮੁ ਬਿਸਾਰਹਿ ਤੇ ਕਮਜਾਤਿ॥*
*ਨਾਨਕ ਨਾਵੈ ਬਾਝੁ ਸਨਾਤਿ॥*
*ਬਿਨੁ ਨਾਵੈ ਸਭ ਨੀਚ ਜਾਤਿ ਹੈ॥*

ਉਤਮ ਜਾਤ ਗੁਰਮਤਿ ਵਿਚ ਕੌਣ ਹੈ?

*ਓਆ ਤੇ ਊਤਮ ਗਨਉ ਚੰਡਾਲਾ॥*
*ਨਾਨਕ ਜਿਹ ਮਨਿ ਬਸਹਿ ਗੁਪਾਲਾ॥*

ਤਥਾ -

*ਰਵਿਦਾਸੁ ਚਮਾਰੁ ਉਸਤਿਤ ਕਰੈ*
*ਹਰਿ ਕੀਰਤਿ ਨਿਮਖ ਇਕ ਗਾਇ॥*
*ਪਤਿਤ ਜਾਤਿ ਉਤਮੁ ਭਇਆ*
*ਚਾਰਿ ਵਰਨ ਪਏ ਪਗਿ ਆਇ॥*
*ਜਗਤ ਵਿਚ ਮੰਨੀਆਂ ਨੀਚ ਜਾਤੀਆਂ*
*ਕਿਵੇਂ ਉਚ ਜਾਤੀਆਂ ਬਣ ਸਕਦੀਆਂ ਹਨ।*
*ਸੁਣੋ ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥*
*ਪੂਛਹੁ ਬਿਦਰਦਾਸੀ ਸੁਤੇ ਕਿਸਨੁ ਉਤਰਿਆ*

*ਘਰਿ ਜਿਸੁ ਜਾਇ॥*
*ਹਰਿ ਕੀ ਅਕਥ ਕਥਾ ਸੁਣਹੁ ਜਨ ਭਾਈ*
*ਜਿਤੁ ਸਹਸਾ ਦੂਖ ਭੂਖ ਲਹਿ ਜਾਇ॥*
*ਰਵਿਦਾਸੁ ਚਮਾਰੁ ਉਸਤਤਿ ਕਰੇ*
*ਹਰਿ ਕੀਰਤਿ ਨਿਮਖ ਇਕ ਗਾਇ॥*
*ਪਤਿਤ ਜਾਤਿ ਉਤਮੁ ਭਇਆ*
*ਚਾਰਿ ਵਰਨ ਪਏ ਪਗਿ ਆਇ॥*
*ਨਾਮ ਦੇਅ ਪ੍ਰੀਤਿ ਲਗੀ ਹਰਿ ਸੇਤੀ*
*ਲੋਕੁ ਛੀਪਾ ਕਹੈ ਬੁਲਾਇ॥*
*ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ*
*ਹਰਿ ਨਾਮ ਦੇਉ ਲੀਆ ਮੁਖਿ ਲਾਇ॥*
*ਜਿਤਨੇ ਭਗਤ ਹਰਿ ਸੇਵਕਾ*
*ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥*
*ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ*
*ਜੇ ਕਿਰਪਾ ਕਰੇ ਹਰਿ ਰਾਇ॥*
*ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ*
*ਸਤਸੰਗਤਿ ਮਿਲਿ ਪਤਿਤ ਪਰਵਾਣੁ॥*
*ਜਿਸੁ ਨੀਚ ਕਉ ਕੋਈ ਨ ਜਾਨੈ।।*
*ਨਾਮੁ ਜਪਤ ਉਹ ਚਹੁੰਕੁੰਟ ਮਾਨੈ॥*
*ਬ੍ਰਾਹਮਣ ਬੈਸ ਸੂਦ ਅਰੁ ਖਤ੍ਰੀ*
*ਡੋਮ ਚੰਡਾਰ ਮਲੇਛ ਮਨ ਸੋਇ॥*
*ਹੋਇ ਪੁਨੀਤ ਭਗਵੰਤ ਭਜਨ ਤੇ*
*ਆਪੁ ਤਾਰਿ ਤਾਰੇ ਕੁਲ ਦੋਇ॥*

ਉਚੀ ਜਾਤ ਦਾ ਅਭਿਮਾਨ ਤੇ ਨੀਵੀਂ ਜਾਤ ਦੀ ਦਿਲੀ ਨਿਵਾਨ ਕੀਕੂੰ ਦੂਰ ਹੋਵੇ? ਇਸ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਹੈ –

*੧. ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ॥*
*੨ ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥*
*੩ ਹਰਿ ਹਰਿ ਕਰਤ ਜਾਤਿ ਕੁਲ ਹਰੀ॥*
*ਸੋ ਹਰਿ ਅੰਧੁਲੇ ਕੀ ਲਾਕਰੀ॥*
*੪. ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ॥*
*ਬਲਿਹਾਰੀ ਇਹ ਪ੍ਰੀਤ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥*

ਇਸ ਕਰਕੇ ਤੀਸਰੇ ਸਤਿਗੁਰਾਂ ਨੇ ਹੁਕਮ ਕੀਤਾ ਹੈ ਕਿ ਜਾਤ ਦਾ ਗਰਬ ਕੋਈ ਨ ਕਰੋ –

*ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥*
*ਬ੍ਰਹਮ ਬਿੰਦੇ ਸੋ ਬ੍ਰਹਮਣੁ ਹੋਈ॥*
*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥*

ਸਾਧੂ – ਆਪ ਦੀ ਵਾਕਫੀ ਹਰ ਪਹਿਲੂ ਵਿਚ ਸ਼ਲਾਘਾ ਜੋਗ ਹੈ। ਸਾਰੀ ਸੰਗਤ ਸੁਣ ਸੁਣ ਕੇ ਸੁਖੀ ਹੋ ਰਹੀ ਹੈ, ਪਰ ਜੀ ਵਧੇਰੇ ਸਮਝਣ ਲਈ ਪੁਛ ਗਿੱਛ ਕਰਨ ਦੀ ਆਗਿਆ ਹੋਵੇ ਤਾਂ ਕੁਛ ਬੇਨਤੀ ਕਰਾਂ?

ਸੰਤ – ਜੋ ਚਿੱਤ ਕਰੇ, ਕਹੋ, ਜੋ ਇਸ ਸਰੀਰ ਦੀ ਸਮਝ ਵਿਚ ਹੋਸੀ ਬਿਨੈ ਕਰ ਦੇਸੀ, ਜੋ ਸਮੋਂ ਪਰੇ ਹੈ ਯਾ ਬਾਹਰ ਹੈ ਉਥੇ ਵੱਸ ਨਹੀਂ। ਆਖੋ ਜੀਓ ਜੀ –

ਸਾਧੂ – ਆਪ ਨੇ ਜੋ ਕੁਛ ਫੁਰਮਾਯਾ ਹੈ ਉਸਦਾ ਤਤਸਾਰ ਇਹ ਹੈ ਕਿ ਸਨਾਤਨ ਸਮੇਂ ਸਮਯ ਆਰਯ ਕੁਲ ਆਪ ਨੂੰ ਵਡਾ (ਆਰਯ + ਸ੍ਰੇਸ਼ਟ) ਸਮਝਦੇ ਸੀ। ਪੰਜਾਬ ਵਿਚ ਆ ਕੇ ਇਨ੍ਹਾਂ ਨੇ ਇਥੋਂ ਦੇ ਵਾਸੀਆਂ ਨੂੰ ਜਿੱਤਿਆ, ਮਾਰਿਆ ਤੇ ਘ੍ਰਿਣਾ ਕੀਤੀ ਤੇ ਇਨ੍ਹਾਂ ਨੂੰ ਦਸਯੂ ਆਦਿ ਪਦ ਦਿਤੇ, ਪਰ ਸਮਾਂ ਪਾ ਕੇ ਇਨ੍ਹਾਂ ਵਿਚੋਂ ਅਨੇਕਾਂ ਆਰਯਕੁਲ ਵਿਚ ਰਲ ਮਿਲ ਗਏ। ਪੰਜਾਬ ਵਿਚ ਤਾਂ ਇਨ੍ਹਾਂ ਨੇ ਅਸਲੀ ਲੋਕ ਮਾਰ ਮੁਕਾਉਣ ਦੀ ਕੀਤੀ ਪਰ ਜਦੋਂ ਏਹ ਅੱਗੇ ਹਿੰਦੁਸਤਾਨ ਵਲ ਵਧੇ ਤੇ ਆਪਣੀ ਸਭਯਤਾ ਤੇ ਧਰਮ ਓਥੋਂ ਦੇ ਲੋਕਾਂ ਨੂੰ ਦੇਣ ਲਗ ਪਏ ਤੇ ਅਨਾਰਯ ਅਰਯ ਬਣਨ ਲਗ ਪਏ। ਜੇਹਾ ਕਿ ਯੂ.ਪੀ. ਦੇ ਬ੍ਰਾਹਮਣਾਂ ਵਿਚ ਅਨੇਕਾਂ ਲੋਕ ਐਸੇ ਹਨ ਕਿ ਜਿਨ੍ਹਾਂ ਦੇ ਨਕਸ਼ 'ਆਰਯ ਨਸਲ' ਦੇ ਨਹੀਂ ਹਨ। ਬੰਗਾਲ ਬਿਹਾਰ ਵਿਚ ਅਨਾਰਯ ਨਕਸ਼ਾਂ ਦੇ ਲੋਕੀਂ ਇਸੇ ਸਭਿਯਤਾ ਵਿਚ ਤਦੋਂ ਦੇ ਰਲੇ ਹੋਏ ਹੁਣ ਤੱਕ ਸਾਫ ਨਜ਼ਰ ਪੈਂਦੇ ਹਨ ਤੇ ਇਹੋ ਹਾਲ ਦੱਖਣ ਵਿਚ ਦ੍ਰਾਵੜੀ ਲੋਕਾਂ ਨਾਲ ਵਰਤਿਆ ਜੋ ਆਰਯ ਸਭਿਅਤਾ ਦੇ ਧਰਮ ਵਿਚ ਰਚ ਮਿਚ ਗਏ, ਇਥੋਂ ਤਾਈਂ ਕਿ ਹੁਣ ਅਸਲ ਹਿੰਦੂ ਧਰਮ ਉਥੇ ਹੀ ਸਭ ਤੋਂ ਵਧੀਕ ਜ਼ੋਰਾਂ ਤੇ ਹੈ। ਪਰ ਅਭਾਗ ਵਸ਼ ਛੂਤ ਅਛੂਤ ਦਾ ਫਰਕ ਇਨ੍ਹਾਂ ਵਿਚ ਘਰ ਕਰ ਗਿਆ ਤੇ ਹੁਣ ਛੇ ਕ੍ਰੋੜ ਹਿੰਦੂ ਐਸੇ ਹਨ ਕਿ ਜੋ ਹੈਨ ਤਾਂ ਹਿੰਦੂ ਪਰ ਹਿੰਦੂ ਮੰਦਰਾਂ ਦੇ ਦਰਵਾਜੇ ਉਨ੍ਹਾਂ ਲਈ ਬੰਦ ਹਨ, ਛੂਤ ਛਾਤ ਦੇ ਭਰਮ ਦੀ ਵਿੱਥ ਉਨ੍ਹਾਂ ਨੂੰ ਘ੍ਰਿਣਤ ਕਰ ਰਹੀ ਹੈ ਤੇ ਵੱਡੇ ਹਿੰਦੂ ਉਨ੍ਹਾਂ ਦੇ ਪਰਛਾਵੇਂ ਤੋਂ ਬੀ ਡਰਦੇ ਹਨ। ਆਪ ਨੇ ਫੁਰਮਾਇਆ ਹੈ ਕਿ ਪੁਰਾਤਨ ਸਮੇਂ ਬੀ ਉਨ੍ਹਾਂ ਨੂੰ ਉਛਿਆਂ ਕਰਨ ਦੇ ਤਰੀਕੇ ਹੈ ਸਨ ਜੋ ਹੁਣ ਬੰਦ ਹਨ ਤੇ ਹੈ ਬੀ ਇਹ ਵਿਸ਼ਾ ਬਹੁਤ ਚਰਚਾਵਾਦ ਦਾ। ਹਿੰਦੂਆਂ ਵਿਚ ਇਸ ਵਿਚ ਬੜੀ ਬਹਸ ਤੇ ਰਲਾ ਲੈਣ ਵਾਲੇ ਤੇ ਘ੍ਰਿਣਾ ਕਰਨ ਵਾਲੇ ਦੁਇ ਸ਼ਾਸਤਰਾਂ ਦੇ ਪੱਖ ਨੂੰ ਲੈ ਕੇ ਖੂਬ ਵਾਦ ਵਿਵਾਦ ਕਰ ਰਹੇ ਹਨ। ਗੁਰੂ ਘਰ ਵਿਚ ਆਪ ਨੇ ਦੱਸਿਆ ਹੈ ਕਿ ਇਹ ਵਰਤਾਵ ਨਹੀਂ ਹੈ। ਇਥੇ ਹਰ ਪ੍ਰਾਣੀ ਨੂੰ ਮੁਕਤੀ ਦਾ ਅਧਿਕਾਰ ਹੈ ਤੇ ਇਸ ਦੀ ਪ੍ਰਾਪਤੀ ਲਈ ਸਿੱਖ ਧਰਮ ਗ੍ਰਹਿਣ ਕਰਨੇ ਦਾ ਅਧਿਕਾਰ ਹੈ। ਪਰ ਇਹ ਪੱਖ ਧਰਮ ਦਾ ਹੈ, ਭਾਈਚਾਰਕ ਨਹੀਂ ਹੈ। ਧਰਮ ਧਾਰਨ ਕਰਨ ਹਾਰ ਹਰ ਪ੍ਰਾਣੀ ਦੀ ਸਿੱਖ ਧਰਮ ਵਿਚ ਕਲਿਆਣ ਮੰਨੀ ਹੈ। ਪ੍ਰੰਤੂ ਸਿੱਖਾਂ ਵਿਚ ਬਾਜ਼ੇ ਅਨਜਾਣ ਤੇ ਕਈ ਵਿਦਵਾਨ ਆਖਦੇ ਹਨ ਕਿ ਸਮਦ੍ਰਿਸ਼ਟੇ ਹੋਣਾ ਗੁਰੂ ਜੀ ਦਾ ਮੰਤਵ ਹੈ, ਸਮਵਰਤਣ ਕਰਨ ਦਾ ਅਰਥਾਤ ਭਾਈਚਾਰਕ ਮੇਲ ਦਾ ਭਾਵ ਨਹੀਂ ਹੈ। ਇਸ ਪਰ ਆਪ ਦੀ ਕੀਹ ਵੀਚਾਰ ਹੈ?

ਸੰਤ ਜੀ – ਅਨਜਾਣਾਂ ਦੇ ਦਿਲਾਂ ਵਿਚ ਤਾਂ ਗਿਰਾਵਾਂ ਦੇ ਬ੍ਰਾਹਮਣਾਂ ਦੇ ਪਾਏ ਹੋਏ ਭਰਮ ਕੰਮ ਕਰ ਰਹੇ ਹਨ। ਸੰਤਾਂ ਸਾਧੂਆਂ ਵਿਚ ਬੀ ਸ਼ਾਸਤ੍ਰ ਦੇ ਇਕ ਪੱਖ ਤੋਂ ਪਏ ਹੋਏ ਐਸੇ ਖਿਆਲ ਹੈਨ ਪਰ ਵੀਚਾਰ ਦੀ ਬਾਤ ਇਹ ਹੈ ਕਿ ਚਾਰੇ ਵਰਣਾਂ ਤੇ ਵਰਣਾਂ ਤੋਂ ਬਾਹਰਲੀਆਂ ਜਾਤਾਂ ਦੇ ਲੋਕ ਗੁਰੂ ਕੇ ਸਿੱਖ ਹੁੰਦੇ ਰਹੇ ਹਨ, ਇਸ ਵਿਚ ਸੰਸਾ ਨਹੀਂ ਹੈ। ਗੁਰੂ ਘਰ ਦੇ ਉਦਾਸੀ ਤੇ ਨਿਰਮਲੇ ਸਾਧੂ ਸੰਤ ਜਦ ਸੰਸਕ੍ਰਿਤ ਪੜ੍ਹਨ ਲਈ ਕਾਸ਼ੀ ਆਦਿ ਥਾਈਂ ਘੱਲੇ ਗਏ ਸਨ ਤਾਂ ਇਨ੍ਹਾਂ ਬ੍ਰਾਹਮਣ ਵਿਦਿਆ ਨਹੀਂ ਸਨ ਦਿੰਦੇ, ਕਹਿੰਦੇ ਸਨ ਕਿ ਇਨ੍ਹਾਂ ਵਿਚ ਜਾਤ ਭੇਦ ਨਹੀਂ, ਇਸ ਕਰਕੇ ਇਹ ਸ਼ੂਦਰ ਹਨ। ਪਹਿਲੇ ਤਾਂ ਸਿੱਖ ਮਾਤ੍ਰ ਨੂੰ ਹੀ ਨਾਂਹ ਕਰਦੇ ਸਨ, ਪਰ ਫੇਰ ਜੇ ਕੋਈ ਸਿੱਖ ਬ੍ਰਾਹਮਣ ਜਾਤੀ ਤੋਂ ਹੋਯਾ ਹੋਵੇ ਤਾਂ ਉਸ ਲਈ ਕੁਛ ਖੁੱਲ੍ਹ ਕਰ ਦਿੰਦੇ ਸਨ। ਬਾਕੀ ਤ੍ਰੈਹਾਂ ਵਰਣਾਂ ਦੇ ਸਿੱਖੀ ਮਾਰਗ ਦੇ ਸਾਧੂਆਂ ਨੂੰ ਵਿਦਿਆ ਨਹੀਂ ਸਨ ਦਿੰਦੇ। ਪੁਰਾਤਣ ਸੰਤਾਂ ਦੀਆਂ ਰਵਾਯਤਾਂ ਅਜੇ ਮੌਜੂਦ ਹਨ ਕਿ ਕੀਕੂੰ ਕਸ਼ਟਾਂ ਨੂੰ ਝਾਗ ਝਾਗ ਕੇ ਸਿੱਖ ਸਾਧੂਆਂ ਨੇ ਜੋ ਨੀਵੀਆਂ ਜਾਤਾਂ ਤੋਂ ਸਿੱਖ ਸਜੇ ਸਨ ਵਿਦਿਆ ਪਾਈ। ਹੁਣ ਬੀ ਤੁਸੀਂ ਤੱਕ ਲਵੋ ਕਿ ਹਰ ਜਾਤੀ ਤੋਂ ਬਣੇ ਸਿੱਖ ਸਾਧੂ ਮੌਜੂਦ ਹਨ, ਸ੍ਰੀ ਮਹੰਤ ਤੇ ਮਹੰਤ ਬਣਦੇ ਹਨ ਤੇ ਜਾਤੀ ਕਰਕੇ ਕੋਈ ਵਿਤਕਰਾ ਨਹੀਂ ਹੁੰਦਾ। ਹੁਣ ਜੇ ਸਿੱਖ ਮਜ਼ਹਬ ਦੇ ਸੰਤ ਆਪ ਇਹ ਦੁਖ ਭੋਗ ਕੇ ਫੇਰ ਓਸੇ ਪਾਸੇ ਰੁਖ ਕਰਨ ਤਾਂ ਉਸ ਵਿਦਿਆ ਦਾ ਅਸਰ ਸਮਝੋ ਜੋ ਕਿ ਐਸੇ ਵਿਤਕਰੇ ਨੂੰ ਲਈ ਬੈਠੀ ਹੈ, ਅਰਥਾਤ ਹਿੰਦੂ ਸ਼ਾਸਤਰਾਂ ਦੇ ਪੜ੍ਹਨ ਨਾਲ ਐਸੇ ਖਿਆਲ ਪਏ ਹਨ।

ਸਾਧੂ – ਚਾਰ ਵਰਣਾਂ ਵਿਚ ਜੋ ਵਿਤਕਰਾ ਸੀ ਉਹ ਤਾਂ ਸਿੱਖਾਂ ਦੀਆਂ ਸਾਧੂ ਸੰਪਰਦਾ ਨਹੀਂ ਕਰਦੀਆਂ ਪਰ ਵਿਜਾਤੀਆਂ ਨੂੰ ਲੈਣੋਂ ਉਨ੍ਹਾਂ ਵਿਚ ਸੰਕੋਚ ਹੈ।

ਸੰਤ – ਫਿਰ ਇੰਨਾ ਹੀ ਵੀਚਾਰ ਕਰ ਲਓ ਕਿ ਸਾਡੇ ਸਾਧੂ ਸੰਤ ਇਕ ਕਦਮ ਤਾਂ ਬ੍ਰਾਹਮਣ ਮਤ ਨਾਲੋਂ ਅੱਗੇ ਲੰਘ ਗਏ ਹਨ ਨਾਂ। ਇਸ ਨਾਲ ਵੀ ਅਛੂਤਤਾਈ ਦੂਰ ਹੋ ਗਈ ਹੈ ਬਹੁਤ ਸਾਰੀ। ਵਰਣਾਸ੍ਰਮ ਦਾ ਬੰਧਾਨ ਤਾਂ ਟੁੱਟ ਗਿਆ ਕਿ ਨਾ? ਹੁਣ ਰਿਹਾ ਵਿਜਾਤੀ ਯਾ ਅਜਾਤੀ ਦਾ ਵਿਤਕਰਾ। ਸੋ ਜਦ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਨ ਰਹੇ ਹਨ 'ਜਾਤਿ ਅਜਾਤਿ ਜਪੈ ਜਨੁ ਕੋਈ' ਤਾਂ ਫਿਰ ਅਸੀਂ ਕੀਕੂੰ ਇਹ ਫਰਕ ਪਾ ਸਕਦੇ ਹਾਂ।

ਸਾਧੂ – ਠੀਕ ਹੈ ਪਰ ਮਿਲਵਰਤਣ ਯਾ ਭਾਈ ਚਾਰਕ ਸਮਵਰਤਣ ਤਾਂ ਕਦੇ ਨਹੀਂ ਨਾ ਹੋਈ। ਇਹ ਹੁਣ ਕਿਉਂ ਹੋਵੇ?

ਸੰਤ – ਸਾਰੇ ਸਫਰਾਂ ਵਿਚ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਰਿਹਾ, ਇਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਰਤਣ ਨਾ ਹੋ ਸਕਣੀ ਸੰਭਵ ਨਹੀਂ। ਮੁਸਲਮਾਨੀ ਧਰਤੀਆਂ ਵਿਚ ਮੱਕੇ ਮਦੀਨੇ ਤੇ ਬਗਦਾਦ ਤਕ ਜਿੱਥੇ ਹਿੰਦੂ ਲੱਭਦਾ ਹੀ ਨਹੀਂ, ਗੁਰੂ ਜੀ ਦੀ ਭਾਈਚਾਰਕ ਵਰਤੋਂ ਨਿਰੋਲ ਹਿੰਦੂ ਛੂਤ ਛਾਤ ਵਾਲੀ ਰਹਿ ਗਈ ਮੰਨ ਲੈਣੀ ਵਾਕਯਾਤ ਦੇ ਉਲਟ ਮਨੌਤ ਹੈ। ਛੇਵੇਂ ਸਤਿਗੁਰਾਂ ਨੇ ਮੁਸਲਮਾਨ ਹੋ ਗਏ ਕਸ਼ਮੀਰੀ ਮੁੜ ਕੇ ਰਲਾ ਲਏ ਤੇ ਵਰਤਾਏ ਸੇ ਤੇ ਬ੍ਰਾਹਮਣਾਂ ਨੇ ਬੀ ਇਨ੍ਹਾਂ ਨਾਲ ਵਰਤ ਲਿਆ ਸੀ। ਇਸ ਤਰ੍ਹਾਂ ਦਸਮੇਂ ਪਾਤਸ਼ਾਹ ਦੇ ਸਿੱਖ ਰਾਮ ਸਿੰਘ ਨੂੰ ਕਿਸੇ ਜੰਗ ਵਿਚ ਤੁਰ ਕੇ ਫੜ ਕੇ ਲੈ ਗਏ। ਇਹ ਓਥੇ ਕੈਦ ਵਿਚ ਉਨ੍ਹਾਂ ਦਾ ਖਾਂਦਾ ਪੀਂਦਾ ਰਿਹਾ। ਜਦ ਆਯਾ ਤਾਂ ਸਤਿਗੁਰੂ ਜੀ ਨੇ ਇਸ ਨੂੰ ਗੁਰਮਤਿ ਦੁਆਰਾ ਅਭੇਦ ਵਰਤਾ ਲਿਆ। ਇਸ ਤਰ੍ਹਾਂ ਮਾੜੀ ਪਿੰਡ ਦੇ ਖੁਸ਼ੀ ਨਾਲ ਮੁਸਲਮਾਨ ਹੋ ਗਏ ਕੁਛ ਆਦਮੀ ਜਦ ਦਸਮੇ ਪਾਤਸ਼ਾਹ ਦੀ ਸ਼ਰਨ ਆਏ ਤਾਂ ਸਤਿਗੁਰਾਂ ਅੰਮ੍ਰਿਤ ਛਕਾ ਕੇ ਅਭੇਦ ਵਰਤਾ ਦਿਤੇ। ਇਸੇ ਤਰ੍ਹਾਂ ਦੇ ਕਈ ਹੋਰ ਪ੍ਰਸੰਗ ਹਨ। ਇਕ ਬ੍ਰਾਹਮਣ ਦੀ ਨਵੀਂ ਵਿਆਹੀ ਇਸਤ੍ਰੀ ਹੁਸ਼ਿਆਰ ਪੁਰ ਦੇ ਇਲਾਕੇ ਦੇ ਇਕ ਪਠਾਣ ਨਵਾਬ ਨੇ ਖੋਹ ਲਈ ਤੇ ਘਰ ਪਾ ਲਈ। ਬ੍ਰਾਹਮਣ ਦੀ ਪੁਕਾਰ ਤੇ ਸਤਿਗੁਰਾਂ ਨੇ ਸਾਹਿਬ ਅਜੀਤ ਸਿੰਘ ਜੀ ਨਾਲ ਸਵਾਰ ਘੱਲ ਕੇ ਉਹ ਇਸਤ੍ਰੀ ਛੁਡਵਾ ਕੇ ਹਜ਼ੂਰ ਮੰਗਾਈ ਤੇ ਸੁੱਧ ਕਰਕੇ ਅਭੇਦ ਵਰਤਾ ਦਿਤਾ ਤੇ ਬ੍ਰਾਹਮਣ ਉਸਨੂੰ ਆਪਣੇ ਘਰ ਲੈ ਲਿਆ ਤੇ ਉਹ ਵਰਤ ਗਈ। ਇਸੇ ਤਰ੍ਹਾਂ ਜਨਮ ਦੇ ਮੁਸਲਮਾਨ ਫਕੀਰ ਇਬਰਾਹੀਮ ਦਾ ਸਿੰਘ ਸਜਾਉਣਾ ਅਸੀਂ ਦੱਸ ਆਏ ਹਾਂ, ਇਹ ਸਤਿਗੁਰਾਂ ਦੇ ਨਾਲ ਰਿਹਾ ਸੀ। ਮਗਰੋਂ ਇਹ ਫੇਰ ਲੁਧਿਹਾਨੇ ਦੇ ਜ਼ਿਲੇ ਲੋਪੋ ਵਾਲੇ ਪਿੰਡ ਆ ਟਿਕਿਆ। ਇਸ ਦੇ ਚੇਲੇ ਬੜੇ ਬੜੇ ਤਪੀ ਸਿੰਘ ਹੋਏ ਹਨ, ਇਸ ਦਾ ਲੰਗਰ ਚਲਦਾ ਸੀ ਤੇ ਸਭ ਪ੍ਰਸਾਦਿ ਛਕਦੇ ਸੀ। ਫਿਰ ਜੇਆਪ ਹੋਰ ਲਿਖਤੀ ਸਬੂਤ ਖਾਲਸੇ ਜੀ ਦੇ ਪੁਰਾਤਨ ਸਮੇਂ ਦੇ ਚਾਹੁੰਦੇ ਹੋ ਤਾਂ ਸੁਣੋ, ਇਕ ਗ੍ਰੰਥ ਹੈ ਪ੍ਰੇਮ ਸੁਮਾਰਗ, ਜਿਸ ਦਾ ਪਤਾ ਚਲਦਾ ਹੈ ਕਿ 1864 ਵਿਚ ਇਹ ਹੈਸੀ। ਉਸ ਦੇ ਚੌਥੇ ਧਿਆ ਦੇ ਚੌਦਵੇਂ ਬਚਨ ਵਿਚ ਵਿਧੀ ਲਿਖੀ ਹੈ ਨੀਚ ਵਰਨ ਦੀ ਇਸਤ੍ਰੀ ਨਾਲ ਵਿਆਹ ਕਰ ਲੈਣ ਦੀ। ਫੇਰ ਲਿਖਿਆ ਹੈ ਕਿ ਮਲੇਛ ਦੀ ਪੁਤਰੀ ਚਾਹੇ ਕਿ ਮੈਂ ਖਾਲਸਾ ਹੋਇਕੈ ਖਾਲਸੇ ਨਾਲ ਵਿਆਹ ਕਰਾਂ ਤਾਂ ਉਸਦੀ ਵਿਧੀ ਉਥੇ ਦਿੱਤੀ ਹੈ। ਹੁਣ ਸੋਚੋ ਵਿਆਹ ਤੋਂ ਵਧੀਕ ਸਮਵਰਤਣ ਹੋਰ ਕੀਹ ਹੋ ਸਕਦੀ ਹੈ ਸੋ ਜੇ ਮਲੇਛ ਇਸਤ੍ਰੀ ਨੂੰ ਸੁੱਧ ਕੀਤਾ ਜਾ ਸਕਦਾ ਹੈ ਤੇ ਖਾਲਸੇ ਨਾਲ ਵਿਆਹੀ ਜਾ ਸਕਦੀ ਹੈ ਤਾਂ ਬਾਕੀ ਹੋਰ ਕੀਹ ਰਹਿ ਗਿਆ। ਇਸੇ ਬਚਨ ਦੇ ਆਖੀਰ ਤੇ ਐਉਂ ਬੀ ਲਿਖਿਆ ਹੈ ਕਿ 'ਅਬ

ਜੋ ਮਰਦ ਮਲੇਛ ਹੋਵੇ ਅਰ ਚਾਹੇ ਜੋ ਮੈਂ ਖਾਲਸਾ ਹੋਵਾਂ ਉਸ ਕਉ ਬੀ ਇਸੀ ਬਿਧ ਕਰਨੀ।' ਸੋ ਲਿਖਤੀ ਸਬੂਤ ਬੀ ਸਿੰਘਾਂ ਵਿਚ ਸਮਰਵਰਤਣ ਦੇ ਤਰੀਕੇ ਦਾ ਮਲੇਛ ਨੂੰ ਸਿੰਘ ਸਿੰਘਣੀ ਸਜਾ ਕੇ ਵਿਆਹ ਆਦਿ ਕਰ ਲੈਣ ਦਾ ਮਿਲਦਾ ਹੈ। ਇਸੀ ਤਰ੍ਹਾਂ ਵਰਤੀਆਂ ਵਾਰਤਾਂ ਬੀ ਹੋਰ ਅਨੇਕਾਂ ਹਨ।

ਇਹ ਤੇ ਹੋਰ ਪ੍ਰਸੰਗ ਪੜ੍ਹਨੇ ਲਈ ਤੁਸੀਂ ਪੋਥੀ ਪਤਿਤ ਪਾਵਨ ਪੜ੍ਹੋ, ਜੋ ਗਿਆਨੀ ਗਿਆਨ ਸਿੰਘ ਜੀ, ਜੋ ਨਿਰਮਲੇ ਸੰਤ ਸਨ, ਨੇ ਲਿਖੀ ਹੈ।

ਇਸ ਪੋਥੀ ਵਿਚ ਗੁਰੂ ਅੰਸ਼, ਨਿਰਮਲੇ ਤੇ ਨਿਹੰਗਾਂ ਸਿੰਘਾਂ ਦੇ ਬੀ ਤ੍ਰੈ ਪ੍ਰਸੰਗ ਦਿਤੇ ਹਨ। ਸੱਠ ਸੱਤਰ ਪ੍ਰਸੰਗ ਹੋਰ ਬੀ ਇਸ ਵਿਚ ਹਨ ਜੋ ਪਤੇ ਦੇ ਕੇ ਦਿਤੇ ਹਨ। ਇਹ ਮੰਗਾ ਕੇ ਸਾਰ ਪੜ੍ਹ ਲਓ।

ਸਾਧੂ – ਹੁਣ ਹੋਰ ਪੜ੍ਹਨੇ ਦੀ ਲੋੜ ਨਹੀਂ ਹੈ। ਆਪ ਨੇ ਸਾਰੇ ਵਿਸ਼ੇ ਦਰਸਾ ਦਿਤੇ ਹਨ। (ਸੰਗਤ ਵੱਲ) ਬਈ ਪ੍ਰੇਮੀਓ! ਹੁਣ ਸੋਚ ਕਰ ਲਓ, ਜੋ ਪੁੱਛਣਾ ਹੈ ਹੋਰ ਕੁਛ ਪੁੱਛ ਦੱਸ ਲਓ।

ਰਾਧਾ ਸਿੰਘ – ਗੱਲਾਂ ਸੰਤਾਂ ਨੇ ਚਾਲੀ ਸੇਰੀ ਕੀਤੀਆਂ ਹਨ। ਆਪਣੇ ਮਨ ਹੀ ਹੈਨ ਨਾ ਜੋ ਸੁਭਾਅ ਪੈ ਗਿਆ ਸੋ ਪੈ ਗਿਆ। ਬਾਲ ਅਵਸਥਾ ਤਾਂ ਜੋ ਖਿਆਲ ਬੱਝੇ ਬੱਝ ਗਏ।

ਸੰਤ ਜੀ – ਮਨ ਤਾਂ ਖੁਟਹਰ ਹੈ, ਇਸਦਾ ਕੀਹ ਵਿਸਾਹ। ਇਹਦਾ ਰੌਂ ਹੈ ਬਾਹਰ ਮੁਖੀ, ਇਸਦਾ ਕੰਮ ਹੈ ਆਪੇ ਨੂੰ ਲੋਚਣਾ ਤੇ ਖੁਦੀ ਨੂੰ ਪਾਲਣਾ, ਇਸ ਦਾ ਸੁਭਾਉ ਹੈ ਜਿਸ ਰਾਹੇ ਪੈਣਾ ਪਈ ਹੀ ਜਾਣਾ। ਇਸਨੂੰ ਸੋਧੀਦਾ ਹੈ ਵੀਚਾਰ ਨਾਲ ਤੇ ਪਲਟਾ ਦੇਈਦਾ ਹੈ ਸਤਿਸੰਗ ਨਾਲ। ਆਪਣੇ ਰੌਂ ਟੁਰਦਾ ਇਹ ਮਨਮੁਖ ਬਣਾ ਦਿੰਦਾ ਹੈ, ਗੁਰਮਤਿ ਤੇ ਟੁਰਦਾ ਇਹ ਗੁਰਮੁਖ ਬਣਾ ਦਿੰਦਾ ਹੈ। ਸਜਣੋਂ! ਸਾਨੂੰ ਬਾਹਰ ਮੁਖੀ ਗੱਲਾਂ ਨਾਲ ਘੱਟ ਝਗੜਾ ਹੈ। ਅਸਾਂ ਤਾਂ ਤੱਕਣਾ ਹੈ ਕਿ ਸਤਿਗੁਰ ਦਾ ਆਸ਼ਾ ਕੀ ਹੈ? ਸੋ ਅਸੀਂ ਇਤਿਹਾਸ ਤੋਂ ਅਤੇ ਗੁਰਬਾਣੀ ਤੋਂ ਨਿਰਨਾ ਕਰ ਆਏ ਹਾਂ ਕਿ ਮਨੁੱਖ ਅਪਨੇ ਜਨਮ ਤੋਂ ਪਹਿਲੋਂ ਤੋਂ ਜਾਤ ਭੇਦ ਨਾਲ ਲੈ ਕੇ ਨਹੀਂ ਆਯਾ, ਮਰਣ ਪਸਚਾਤ ਜਾਤ ਦਾ ਕੋਈ ਮੁੱਲ ਨਹੀਂ ਹੈ। ਵਿੱਚ ਵਿਚਾਲੇ ਮਨ ਦੇ ਹੰਕਾਰ ਵਿਚੋਂ ਇਕ ਹੰਕਾਰ ਜਾਤ ਦੇ ਗਰਬ ਦਾ ਹੈ। ਇਸ ਜਾਤਿ ਦੇ ਅਭਿਮਾਨ ਤੋਂ ਗੁਰਬਾਣੀ ਦੱਸਦੀ ਹੈ ਕਿ ਬਹੁਤ ਵਿਕਾ ਟੁਰਦੇ ਹਨ। ਸੋ ਜਾਤੀ ਅਭਿਮਾਨ ਹਰ ਤਰ੍ਹਾਂ ਦਾ ਦੂਰ ਕਰਨਾ ਚਾਹੀਏ। ਇਸ ਨਾਲ ਅੰਦਰ ਸਾਫ ਹੁੰਦਾ ਹੈ ਤੇ ਬਾਹਰ ਦੇ ਵਿਤਕਰੇ ਮਿਟਦੇ ਹਨ। ਦੂਸਰੇ ਗੁਰੂ ਜੀ ਨੇ ਜੀਵ ਦੀ ਕਲਿਆਣ ਨਾਮ ਦ੍ਵਾਰਾ ਦੱਸੀ ਹੈ। ਨਾਮ ਦਾ ਉਪਦੇਸ਼ ਹੈ ਕਿ ਗੁਰੂ ਤੋਂ ਲੈ ਕੇ, ਗੁਰਮੁਖ ਹੋ ਕੇ ਜਪੋ। ਪੁਰਾਣੇ ਲੋਕ ਗੁਰ ਦੀਖਿਆ ਇਸਨੂੰ ਆਖਦੇ ਸਨ। ਦਸੋ ਸਤਿਗੁਰੂ ਜਗਤ ਨੂੰ ਨਾਮ ਦੇ ਕੇ ਯਾ ਦੀਖਿਆ ਦੇ ਕੇ ਤਾਰਦੇ ਰਹੇ। ਦਸਮੇਂ ਸਤਿਗੁਰੂ ਤਕ ਸਾਰੇ ਗੁਰੂ ਦੇਵੇ ਗੁਰੂ ਸਨ ਜੋ ਸਾਂਈਂ ਵਲੋਂ2 ਓਸੇ ਦਾ ਰੂਪ ਹੋ ਕੇ ਆਏ ਸਨ, ਗੁਰੂ ਨਾਨਕ ਦੇਵ ਗੋਵਿੰਦ ਰੂਪ। ਪੁਨ, ਵਾਹ ਪ੍ਰਗਟਿਓ ਪੁਰਖ ਭਗਵੰਤ ਰੂਪ। ਦਸਮੇਂ ਗੁਰੂ ਜੀ ਦੇ ਮਗਰੋਂ ਆਰਸ਼ੀ ਗੁਰੂ ਦਾ ਆਉਣਾ ਬੰਦ ਹੋ ਗਿਆ। ਦਸ਼ਮੇਸ਼ ਜੀ ਜਾਣਦੇ ਸੀ ਕਿ ਜੀਵ ਗੁਰੂਆਂ ਵਿਚ ਭੁੱਲ ਆ ਜਾਂਦੀ ਹੇ। 'ਭੁਲਣ ਅੰਦਰਿ ਸਭੁ ਕੋ ਅਭੁਲ ਗੁਰ ਕਰਤਾਰੁ॥ ਇਸ ਕਰਕੇ ਆਪ ਨੇ ਨਾਮ ਦਾਨ ਦਾ ਤਰੀਕਾ ਐਸਾ ਬੰਨ੍ਹਿਆ ਕਿ ਨਾਮ ਦੇਵੇ ਤਾਂ ਦੇਹ ਧਾਰੀ, ਹਾਂ ਦੇਵੇ ਤਾਂ ਜੀਵ ਹੀ ਪਰ ਉਹ ਦੇਵੇ ਪ੍ਰਮੇਸ਼ਰ ਸਥਾਨੀ ਹੋ ਕੇ, ਅਰਥਾਤ ਦੈਵੀ ਗੁਰੂ ਹੋ ਕੇ। ਇਸ ਲਈ ਧੁਰ ਤੋਂ ਆਏ ਅਕਾਲ ਪੁਰਖ ਦੇ ਗਿਆਨ ਦੀ ਭੰਡਾਰ ਗੁਰਬਾਣੀ ਦੇ ਵਜੂਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ ਪੰਜਾਂ ਦੇ ਸਮੁਦਾਇ ਵਿਚੋਂ ਨਾਮ ਦਾਨ ਮਿਲੇ। ਇਕ ਸਿਖ, ਦੁਇ ਸਾਧ ਸੰਗ, ਪੰਜੀਂ ਪ੍ਰਮੇਸਰ। ਇਹ ਗੁਰੂ ਘਰ ਦਾ ਅਸੂਲ ਪਹਿਲੋਂ ਤੋਂ ਪ੍ਰਮਾਣੀਕ ਹੈ ਸੀ। ਸੋ ਪੰਜਾਂ ਸਤਿਸੰਗੀਆਂ ਦਾ ਸਮੁਦਾਇ ਜੋ ਈਸ਼ੂਰ ਸਥਆਨੀ ਹੈ, ਵਾਹਿਗੁਰੂ ਰੂਪ ਵਾਹਿਗੁਰੂ ਦੇ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆਂ ਦੇਵੇ ਨਾਮ ਦਾਨ। ਇਹ ਹੈ ਅੰਮ੍ਰਿਤ, ਇਹ ਹੈ ਦੀਖ੍ਯਾ। ਹੁਣ ਸੰਖੇਪ ਵਿਚ ਸਿਧਾਂਤ ਦੀ ਗੱਲ ਸਮਝ ਲਓ –

ਹਰ ਜੀਵ ਕਿਸੇ ਜਾਤ ਵਿਚ ਨਹੀਂ ਆਉਂਦਾ, ਸਭ ਸਰੀਰ ਪੰਜ ਤੱਤਾਂ ਤੋਂ ਬਣੇ ਹਨ ਤੇ ਸਭ ਵਿਚ ਬ੍ਰਹਮ ਦੀ ਬਿੰਦ ਹੈ। ਸਾਰੇ ਜੰਮ ਕੇ, ਪਲਕੇ ਦੇਖਦੇ ਹਨ ਕਿ ਕਲਿਆਨ ਦੀ ਲੋੜ ਹੈ ਤਾਂ ਤੇ ਸਾਰੇ ਮੁਕਤ ਪ੍ਰਾਪਤੀ ਦੀ ਜ਼ਰੂਰਤ ਰਖਦੇ ਹਨ। ਮੁਕਤੀ ਯਾ ਕਲਿਆਨ ਦਾ ਮਾਰਗ ਨਾਮ ਹੈ। ਸਾਰੇ ਨਾਮ ਦੇ ਲੋੜਵੰਦ ਹੋਏ। ਅੰਮ੍ਰਿਤ ਨਾਮ ਦਾਨ ਦਾ ਤਰੀਕਾ ਹੈ। ਸਾਰੇ ਅੰਮ੍ਰਿਤ ਦੇ ਅਧਿਕਾਰੀ ਹੋਏ, ਤਾਂ ਤੇ ਅੰਮ੍ਰਿਤ ਤੋਂ ਕਿਸੇ ਨੂੰ ਵਾਂਜਣਾ ਸਿਧਾਂਤ ਵਿਰੁੱਧ ਹੈ, ਨਿਆਏ ਵਿਰੁੱਧ ਹੈ ਤੇ ਗੁਰਮਤਿ ਵਿਰੁੱਧ ਹੈ।

ਦੁਨੀਆਂ ਵਿਚ ਜਾਤਾਂ ਤੇ ਵੰਡਾਂ ਆਦਿ ਸਮੇਂ ਵਿਚ ਕੰਮ ਵੰਡ ਤੋਂ ਅਕਸਰ ਟੁਰਦੀਆਂ ਹਨ, ਮਗਰੋਂ ਇਹ ਵਡਾ ਛੁਟਾ ਬਣ ਜਾਂਦੀਆਂ ਹਨ। ਪੱਛੋਂ ਵਿਚ ਰਾਜ ਘਰਾਣਿਆਂ ਦੇ ਲੋਕ ਵਿਚਾਲੇ ਦਰਜੇ ਦੇ ਲੋਕ ਤੇ ਮਜ਼ਦੂਰ, ਤ੍ਰੈ ਵੰਡਾਂ ਹਨ। ਗਰੀਬ ਅਮੀਰ ਦੀਆਂ ਵੰਡਾਂ ਹਰ ਥਾਂ ਹਨ, ਹਿੰਦ ਵਿਚ ਕਿਸੇ ਸਮੇਂ ਧਰਮ ਦੇ ਆਗੂ, ਨੀਤੀ ਦੇ ਆਗੂ, ਵਪਾਰ ਦੇ ਕਰਨ ਹਾਰ ਤੇ ਮਜ਼ਦੂਰ ਚਾਰ ਵੰਡਾਂ ਸਨ। ਹੁਣ ਇਹ ਅਨੇਕਾਂ ਹੋ ਕੇ ਨਫਰਤ, ਸੂਗ, ਘ੍ਰਿਣਾ, ਛੂਤ ਅਛੂਤ ਵਿਚ ਜਾ ਟਿਕੀਆਂ ਹਨ। ਗੁਰੂ ਸੱਚੇ ਪਾਤਸ਼ਾਹ ਨੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ' ਦਾ ਅਸੂਲ

(ਬਾਕੀ ਪੰਨਾ 54 ਤੇ)

# ਗੁਰੂ ਅਰਜਨ ਦੇਵ ਜੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥*
*ਅੰਗ - ੭੨੬*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਸਭ ਤੋਂ ਵੱਧ ਗਰਮੀ ਦੇ ਦਿਨ ਕਹਿੰਦੇ ਨੇ ਇਨ੍ਹਾਂ ਦਿਨਾਂ ਨੂੰ। ਉਨ੍ਹਾਂ ਹੀ ਦਿਨਾਂ ਦੇ ਅੰਦਰ ਐਸਾ ਇਕ ਸਾਕਾ ਵਰਤਿਆ ਸੰਸਾਰ ਦੇ ਅੰਦਰ। ਜਿਸ ਦੇ ਬਾਰੇ ਕੁਛ ਕਹਿਣਾ, ਸੁਣਨਾ ਬਹੁਤ ਹੀ ਮੁਸ਼ਕਲ ਹੈ। ਇਤਿਹਾਸਕਾਰ ਇਤਿਹਾਸ ਲਿਖਦੇ ਨੇ, ਉਨ੍ਹਾਂ ਦਾ ਆਪਣਾ ਨਜ਼ਰੀਆ ਹੈ। ਰੂਹਾਨੀ ਪੁਰਸ਼ ਰੂਹਾਨੀਅਤ ਦੇ ਨਜ਼ਰੀਏ ਨਾਲ ਦੇਖਦੇ ਨੇ, ਉਨ੍ਹਾਂ ਦਾ ਆਪਣਾ ਹੈ। ਸਮਰੱਥ ਪੁਰਸ਼ ਦਾ, ਸਾਰੀਆਂ ਸ਼ਕਤੀਆਂ ਦੇ ਮਾਲਕ ਦਾ, ਤੱਤੀਆਂ ਤਵੀਆਂ ਤੇ ਬੈਠ ਜਾਣਾ, ਉਬਲਦੇ ਪਾਣੀਆਂ 'ਚ ਬੈਠ ਜਾਣਾ, ਹੈਰਾਨ ਕਰਨ ਵਾਲੀ ਗੱਲ ਹੈ। ਉਹਦਾ ਕੁਛ ਪਤਾ ਨਹੀਂ ਲਗਦਾ, ਉਹ ਆਪ ਹੀ ਜਾਣਦੇ ਨੇ ਕਿ ਐਸਾ ਖੇਲ੍ਹ ਕਿਉਂ ਰਚਿਆ। ਜੋ ਇਤਿਹਾਸਕਾਰ ਨੇ ਉਹ ਘਟਨਾਵਾਂ ਨੂੰ ਦੇਖਦੇ ਨੇ ਕਿ ਆਹ ਗੱਲ ਹੋਈ, ਫੇਰ ਆਹ ਹੋਈ ਫੇਰ ਆਹ ਹੋਈ, ਤਾਂ ਇਹ ਗੱਲ ਐਉਂ ਹੋਈ। ਜਿਹੜੇ ਰੂਹਾਨੀ ਸੂਝ ਵਾਲੇ ਨੇ ਉਹ ਕਹਿੰਦੇ ਨੇ ਕਿ ਸਮਰੱਥ ਪੁਰਸ਼ਾਂ ਦੇ ਆਪਣੇ ਹੱਥ ਵਿਚ ਹੁੰਦਾ ਹੈ ਸਾਰਾ, part ਜੋ play ਕਰਨਾ ਹੈ ਉਨ੍ਹਾਂ ਦੇ ਹੱਥ ਵਿਚ ਹੁੰਦਾ ਹੈ। ਮਰਜ਼ੀ ਹੈ ਉਨ੍ਹਾਂ ਦੀ ਹੋਣ ਦੇਣ ਨਾ ਹੋਣ ਦੇਣ। ਕੱਟ ਦੇਣ ਸੀਨ ਕੋਈ ਦੋਸ਼ ਨਹੀਂ ਉਨ੍ਹਾਂ 'ਤੇ ਲਗਦਾ। ਤੱਤੀ ਤਵੀ ਹੈ ਉਹ ਸੇਕ ਮਾਰਦੀ ਹੈ, ਨਾ ਮਾਰਨ ਦੇਣ, ਇਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਪਾਣੀ ਖੌਲਦਾ ਹੈ ਨਾ ਉਹਦੇ ਵਿਚ ਗਰਮੀ ਆਉਣ ਦੇਣ, ਉਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਬਿਲਕੁਲ ਸਹੀ ਤਰੀਕੇ ਨਾਲ ਅੱਗ ਵੀ ਕੰਮ ਕਰੇ, ਪਾਣੀ ਆਪਣਾ ਕੰਮ ਕਰੇ ਉਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਇਹਦੇ ਵਿਚ ਪ੍ਰਸ਼ਨ ਚਿੰਨ੍ਹ ਆ ਜਾਂਦਾ ਹੈ ਕਿ ਕਿਉਂ ਐਉਂ ਹੋਇਆ? ਸੋ ਉਹਦੀ ਵਿਚਾਰ ਕਰਨ ਵਾਸਤੇ ਆਪਾਂ ਇਕੱਠੇ ਹੋਏ ਹਾਂ। ਦੋਵੇਂ ਤਰ੍ਹਾਂ ਦੇ ਨਜ਼ਰੀਏ ਨੇ, ਇਕ ਦੁਨੀਆਂਦਾਰੀ ਦਾ ਹੈ, ਇਕ ਰੂਹਾਨੀ ਹੈ। ਦੁਨੀਆਂਦਾਰੀ ਦੇ ਨਜ਼ਰੀਏ ਦੇ ਨਾਲ ਆਦਮੀ ਜਿਸ ਘਟਨਾ ਵਿਚੋਂ, ਜਿਹੋ ਜਿਹੀ ਹਾਲਤ ਵਿਚੋਂ ਲੰਘਦਾ ਹੈ, ਉਹ ਗਿਣੀਆਂ ਜਾਂਦੀਆਂ ਨੇ ਕਿ ਪਹਿਲਾਂ ਆਹ ਗੱਲ ਹੋਈ, ਫੇਰ ਆਹ ਹੋਈ। ਐਸ ਤਰ੍ਹਾਂ ਵਤੀਰਾ ਗਲਤ ਹੁੰਦਾ ਗਿਆ, ਘਟਨਾਵਾਂ ਗਲਤ ਹੁੰਦੀਆਂ ਗਈਆਂ। ਉਹਦਾ ਨਤੀਜਾ ਅਖੀਰ ਵਿਚ ਐਸਾ ਨਿਕਲਿਆ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ, ਗੁਰੂ ਨਾਨਕ ਦਾ ਪੰਜਵਾਂ ਸਰੂਪ, ਮਹਾਨ ਵਿਦਵਤਾ ਦਾ ਭਰਿਆ, ਅੱਧੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਦੀ ਸਿਧਾਂਤਕ ਫਿਲੋਸਫੀ, ਭਗਤੀ ਭਾਵ ਦੀ, ਕਰਮ ਦੀ ਤੇ ਪੂਰਨ ਬ੍ਰਹਮਗਿਆਨ ਦੀ। ਸੁਖਮਨੀ ਸਾਹਿਬ ਦੇ ਅੰਦਰ ਪੂਰੀਆਂ ਹੀ ਬਾਣੀਆਂ ਦਾ ਸਿਧਾਂਤ ਆ ਜਾਂਦਾ ਹੈ, - ਕਰਮ, ਉਪਾਸ਼ਨਾ, ਗਿਆਨ ਵਿਗਿਆਨ। ਆਪ ਪੂਰੇ ਸੰਗੀਤਕਾਰ, ਭੱਟਾਂ ਨੇ ਲਿਖਿਆ ਹੈ ਕਿ ਉਹ ਤਾਂ ਆਪ ਹੀ ਪ੍ਰਮੇਸ਼ਰ, ਗੁਰੂ ਅਰਜਨ ਪਰਤੱਖ ਹਰਿ, ਉਹ ਆਪ ਹੀ ਪਰਤੱਖ ਰੂਪ ਦੇ ਅੰਦਰ, ਵਾਹਿਗੁਰੂ ਸੀਗੇ। ਜੇ ਕੋਈ ਕਹੇ ਅਤਕਥਨੀ ਹੈ, ਉਪਮਾ ਦਾ ਸ਼ਬਦ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੋਈ ਵੀ ਐਸਾ ਸ਼ਬਦ ਨਹੀਂ ਆਉਂਦਾ, ਜਿਹਨੂੰ ਪ੍ਰਵਾਨ ਨਾ ਕੀਤਾ ਗਿਆ ਹੋਵੇ। ਇਕ-ਇਕ ਅੱਖਰ ਪ੍ਰਵਾਨ ਕੀਤਾ ਹੈ, ਜੇ ਦੋ ਅੱਖਰ ਬਦਲੇ ਗਏ ਸੀ, 'ਮਿਟੀ ਬੇਈਮਾਨ ਕੀ ਪੇੜੈ ਭਈ ਘੁਮਿਆਰ' ਮੁਸਲ ਦੀ ਥਾਂ ਤੇ ਬੇਈ ਲਾ ਦਿਤਾ ਗਿਆ। ਉਸੇ ਥਾਂ ਦੇ ਉਤੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਸਾਰੀ ਜ਼ਿੰਦਗੀ ਗੁਰਸਿੱਖੀ ਤੋਂ ਕੱਟ ਕੇ ਜੀਵਨ ਬਤੀਤ ਕਰਨਾ ਪਿਆ। ਇਥੇ ਜੇ ਇਹ ਗੱਲ ਗਲਤ ਹੋਵੇ, ਪਰਤੱਖ ਹਰਿ ਨਹੀਂ, ਭਾਵੇਂ ਗੁਰੂ ਅਰਜਨ ਦੇਵ ਜੀ ਦੇ ਸਾਮ੍ਹਣੇ ਹੀ ਕਹਿੰਦੇ ਸੀ, ਪਰ ਉਹ ਬਿਲਕੁਲ ਸਤਿ ਬੋਲਦੇ ਸੀ ਤੇ ਗੁਰੂ ਸਾਹਿਬ ਵੀ ਇਹ ਜਾਣਦੇ ਸੀ ਕਿ ਇਹ ਸੱਚ ਬੋਲਦੇ ਨੇ। ਇਨ੍ਹਾਂ ਨੂੰ ਸੱਚ ਦਾ ਪਤਾ ਲੱਗ ਗਿਆ। ਇਹ ਉਸ ਅਵਸਥਾ ਤੇ ਪਹੁੰਚ ਗਏ ਨੇ, ਜਿਥੇ ਜਾ ਕੇ ਇਨ੍ਹਾਂ ਦੇ ਨੇਤਰ ਖੁਲ੍ਹ ਗਏ ਤੇ ਗੁਰੂ ਨੂੰ ਦੇਖ ਲਿਆ ਕਿ ਇਹ ਤਾਂ ਪਰਤੱਖ ਆਪ ਹੀ ਵਾਹਿਗੁਰੂ ਹੈ। ਨਿਰਗੁਨ ਸਰੂਪ ਦੇ ਅੰਦਰ ਵੀ ਆਪ ਹੈ ਤੇ ਸਰਗੁਨ ਦੇ ਵਿਚ ਵੀ ਇਹ ਆਪ ਦਰਸ਼ਨ ਦੇ ਰਿਹਾ ਹੈ। ਸੋ ਜੀਵਨ ਪੰਧ ਦੇ ਅੰਦਰ, ਜੀਵਨ ਦੇ ਨਾਲ ਅਨੇਕ ਘਟਨਾਵਾਂ ਵਾਪਰਦੀਆਂ ਨੇ, ਇਕ ਜੀਵਨ ਹੈ ਜਿਹੜਾ ਸਤਿ ਦੀ ਸੇਧ ਵਿਚ ਚੱਲ ਕੇ, ਸਤਿ ਨੂੰ ਦ੍ਰਿੜ੍ਹ ਕਰਾਉਂਦਾ, ਸਤਿ ਦੇ ਮਾਰਗ ਦੇ ਉਤੇ ਚਲਦਾ ਸੰਸਾਰ ਨੂੰ ਚਲਾਉਂਦਾ ਹੈ। ਇਕ ਜੀਵਨ ਹੈ ਜਿਹੜਾ ਅਸਤਿ ਝੂਠ ਦੀ ਓਟ ਲੈ ਕੇ ਚਲਦਾ ਹੈ, ਆਪ ਵੀ ਚਲਦਾ ਹੈ ਤੇ ਦੂਜਿਆਂ ਨੂੰ ਵੀ ਚਲਾਉਂਦਾ ਹੈ। ਇਹ ਦੋਹਾਂ ਦਾ ਸੰਘਰਸ਼ ਜਦੋਂ ਤੋਂ ਸੰਸਾਰ ਬਣਿਆ ਹੈ, ਉਸ ਵੇਲੇ ਤੋਂ ਚਲਿਆ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਉਂਦਾ ਹੈ -

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥*
*ਅੰਗ - ੧੪੫*

ਕਿਉਂਕਿ ਦੋਹਾਂ ਦੇ ਇਕ ਦੂਸਰੇ ਦੇ ਉਲਟ ਪੱਖ ਨੇ। ਇਕੋ ਹੀ ਲਾਈਨ ਜੇ ਇਕ ਪੁਆਇੰਟ ਤੋਂ ਕੱਢ ਦਿਤੀ ਜਾਵੇ ਇਕ ਪੂਰਬ ਤੇ ਇਕ ਪੱਛਮ ਵਲ ਨੂੰ ਕੱਢ ਦਿਤੀ ਜਾਵੇ ਤਾਂ ਲਾਈਨਾਂ ਖਿੱਚੀਆਂ, ਪੂਰਬ ਵਾਲੀ ਪੂਰਬ ਵਲ ਨੂੰ ਚਲ ਪੈਂਦੀ ਹੈ, ਪੱਛਮ ਵਾਲੀ ਪੱਛਮ ਨੂੰ ਚਲਦੀ ਹੈ ਇਨ੍ਹਾਂ ਦਾ ਜੋੜ ਨਹੀਂ ਹੁੰਦਾ। ਜੋੜ ਆ ਵੀ ਜਾਂਦਾ ਹੈ ਇਨ੍ਹਾਂ ਦਾ ਐਸਾ ਨਹੀਂ ਜੋੜ ਨਾ ਆਵੇ। ਲਾਇਨ ਲੰਮੀ ਚਲੀ ਜਾਵੇ, ਹਜ਼ਾਰਾਂ ਮੀਲ ਚਲੀ ਜਾਵੇ, ਕਿਉਂਕਿ ਧਰਤੀ ਗੋਲਾਈ ਵਿਚ ਹੈ, ਓਧਰਲੀ ਲਾਇਨ ਏਧਰ ਆ ਰਲਣੀ ਹੈ, ਤੇ ਇਧਰਲੀ ਉਧਰ ਜਾ ਰਲਣੀ ਹੈ ਤੇ ਉਹ ਲਾਈਨ ਦਾ ਪਤਾ ਹੀ ਨਹੀਂ ਲਗਣਾ ਕਿ ਪੂਰਬ ਵਾਲੀ ਕਿਹੜੀ ਹੈ ਤੇ ਪੱਛਮ ਵਾਲੀ ਕਿਹੜੀ ਹੈ। ਪੂਰਨ ਬ੍ਰਹਮਗਿਆਨ ਦੀ ਅਵਸਥਾ ਦੇ ਵਿਚ ਜਾ ਕੇ ਦੋਵੇਂ ਲਾਈਨਾਂ ਮਿਲ ਜਾਂਦੀਆਂ ਨੇ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥*
*ਅੰਗ - ੬੧੦*

ਸੋ ਇਸ ਤਰ੍ਹਾਂ ਦੇ ਨਾਲ ਦੋ ਪੱਖ ਨੇ ਦੁਨੀਆਂ ਦੇ। ਇਕ ਦੁਨੀਆਂਦਾਰੀ ਦੀ ਸੋਚ ਨਾਲ ਹੈ, ਇਕ ਰੂਹਾਨੀ ਸੋਚ ਨਾਲ ਹੈ। ਦੋਹਾਂ ਦਾ ਜੋੜ ਨਹੀਂ ਹੁੰਦਾ। ਦੋਹਾਂ ਦੇ ਜੀਵਨ ਵਿਚ ਹਮੇਸ਼ਾਂ ਹੀ ਸੰਘਰਸ਼ ਹੋਏਗਾ। ਇਕ ਹਉਮੈ ਦਾ ਭਰਿਆ ਹੋਇਆ ਜੀਵਨ ਹੈ, ਅੰਨ੍ਹਾ ਜੀਵਨ ਹੈ। ਇਕ ਪ੍ਰਕਾਸ਼ਮਈ ਜੀਵਨ ਹੈ। ਦੋਹਾਂ ਦੇ ਵੱਖਰੇ-ਵੱਖਰੇ ਪੱਖ ਨੇ। ਜਿਹੜਾ ਹਉਮੈ ਦਾ ਜੀਵਨ ਹੈ ਉਹਦੇ ਵਾਸਤੇ ਆਪਣਾ ਕੋਈ ਨਹੀਂ ਹੁੰਦਾ, ਉਹਦੀ ਹਉਮੈ ਐਨੀ ਆਪਣੇ ਨਿਜ ਦੇ ਹੱਟ ਜਾਂਦੀ ਹੈ ਕਿ ਉਹ ਆਪ ਬਚਣਾ ਚਾਹੀਦਾ ਹੈ ਚਾਹੇ ਉਹਦੇ ਸਰੀਰ ਦਾ ਅੰਗ ਵੀ ਕੱਟਿਆ ਜਾਵੇ। ਪਹਿਲਾਂ ਜ਼ਮੀਨ ਜਾਇਦਾਦ ਜਾਵੇ ਕਹਿੰਦਾ ਹੈ ਜਾਵੇ ਮੈਂ ਬਚ ਜਾਵਾਂ। ਭਾਈ ਭਰਾ ਪੁੱਤਰ ਧੀਆਂ ਜਾਂਦੇ ਨੇ, ਕਹਿੰਦਾ ਹੈ ਜਾਂਦੇ ਰਹਿਣ ਮੈਂ ਬਚ ਰਹਾਂ। ਡਾਕਟਰ ਕਹਿੰਦੇ ਤੇਰੇ ਅੰਗ ਖਰਾਬ ਹੋ ਗਏ, ਬਾਹਾਂ ਕੱਟਣੀਆਂ ਪੈਣੀਆਂ ਨੇ, ਕਹਿੰਦਾ ਕੱਟ ਦਿਓ ਮੈਂ ਬਚ ਰਹਾਂ. ਕਹਿੰਦਾ ਲੱਤਾਂ ਕੱਟਣੀਆਂ ਪੈਣੀਆਂ ਨੇ, ਕਹਿੰਦਾ ਕੱਟ ਦਿਓ ਮੈਂ ਬਚ ਰਹਾਂ। ਉਹਦੇ ਵਿਚ ਮੈਂ ਬਚਦੀ ਹੈ, ਮੈਂ ਦਾ ਜੀਵਨ ਆਪਣੇ ਆਪ ਵਾਸਤੇ ਹੈ, ਸੰਸਾਰ ਵਾਸਤੇ ਨਹੀਂ ਹੋਇਆ ਕਰਦਾ। ਦੂਸਰਾ ਜੀਵਨ ਹੈ ਜਿਹੜਾ ਕਹਿੰਦਾ ਹੈ ਕਿ ਸੰਸਾਰ ਦੇ ਵਾਸਤੇ ਮੇਰਾ ਜੀਵਨ ਲਗ ਜਾਵੇ, ਮੈਂ ਰਹਾਂ ਚਾਹੇ ਨਾ ਰਹਾਂ, ਪਰ ਸੰਸਾਰ ਦੇ ਵਿਚ ਖੁਸ਼ਹਾਲੀ ਹੋਵੇ। ਸੰਸਾਰ ਨੂੰ ਕੋਈ ਐਸਾ ਰਾਹ ਲੱਭ ਜਾਵੇ ਜਿਹਦੇ ਨਾਲ ਇਹ ਸੁਖੀ ਰਹਿਣ। ਸੋ ਇਹ ਸਾਰੀ ਕਹਾਣੀ ਜੋ ਵਰਤੀ ਹੈ ਇਹ ਏਸੇ ਆਧਾਰ ਦੇ ਉਤੇ ਹੈ।

ਇਕ ਪਾਸੇ ਸਾਰੇ ਬਦੀ ਦੀਆਂ ਤਾਕਤਾਂ ਨੇ ਇਕ ਪਾਸੇ ਸਤਿ ਦੀ ਸ਼ਕਤੀ ਹੈ। ਨੇਕੀ ਦੀ ਸ਼ਕਤੀ ਹੈ। ਨੇਕੀ ਤੇ ਬਦੀ ਦਾ ਘੋਲ ਜ਼ਬਰਦਸਤ ਹੋਇਆ ਹੈ ਤੇ ਓਸ ਘੋਲ ਦੇ ਵਿਚ ਬਦੀ ਹਾਰ ਗਈ, ਫਿਟਕਾਰੀ ਗਈ। ਬਦੀ ਨੂੰ ਬੁਰਾ ਕਿਹਾ ਗਿਆ, ਲੇਕਿਨ ਨੇਕੀ ਚਮਕ ਗਈ। ਜਿਉਂ-ਜਿਉਂ ਸਮਾਂ ਲੰਘਦਾ ਹੈ, ਉਹਦੀ ਚਮਕ ਵਧਦੀ ਜਾਂਦੀ ਹੈ। ਸੰਸਾਰ ਤੇ ਤਾਂ ਰਹਿਣਾ ਕਿਸੇ ਨੇ ਨਹੀਂ ਸੀ, ਨਾ ਉਨ੍ਹਾਂ ਨੇ ਨਾ ਉਨ੍ਹਾਂ ਨੇ। ਲੇਕਿਨ ਇਕ ਨਾਟਕ ਸੀ ਇਕ ਲੋਕ ਪ੍ਰਿਅ ਹੋ ਗਿਆ, ਇਕ ਲੋਕਾਂ ਦੀ ਨਫਰਤ ਦਾ ਕਾਰਨ ਬਣ ਗਿਆ। ਸੰਸਾਰ ਤੋਂ ਤਾਂ ਫੇਰ ਵੀ ਉਨ੍ਹਾਂ ਨੇ ਚਲੇ ਹੀ ਜਾਣਾ ਸੀ। ਸੋ ਆਪਾਂ ਥੋੜ੍ਹੀ ਜਿਹੀ ਵਿਚਾਰ ਕਰਨੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਬਦੀ ਦੀਆਂ ਸ਼ਕਤੀਆਂ ਨੇਕੀ ਨਾਲ ਟਕਰਾਈਆਂ। ਗੁਰਸਿੱਖੀ ਦਾ ਜੋ ਰਾਹ ਸੀ ਗੁਰੂ ਨਾਨਕ ਨੇ ਲਿਆਂਦਾ, ਇਹਨੂੰ ਧਰਮ ਦਾ ਮਾਲਕ ਕਹਿੰਦੇ ਨੇ, ਧਰਮ ਦਾ ਪੰਥ ਕਹਿੰਦੇ ਨੇ। ਇਹਦਾ ਸੰਘਰਸ਼ ਹੋਇਆ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*
*ਅੰਗ - ੧੪੫*

ਗੁਰੂ ਨਾਨਕ ਨੇ ਗੁੰਮ ਹੋਇਆ ਹੋਇਆ ਪ੍ਰਕਾਸ਼ ਸੰਸਾਰ 'ਚ ਲਿਆਉਣ ਦਾ ਬਾਨਣੂੰ ਬੰਨ੍ਹਿਆ। ਦੂਜੇ ਪਾਸੇ ਹਨ੍ਹੇਰੇ ਵਾਲਿਆਂ ਨੇ ਹਨ੍ਹੇਰੇ ਨੂੰ ਹੋਰ ਫੈਲਾਉਣ ਦਾ ਬਾਨਣੂੰ ਬੰਨ੍ਹਿਆ ਕਿਉਂਕਿ ਉਨ੍ਹਾਂ ਦਾ ਫਾਇਦਾ ਹਨ੍ਹੇਰੇ ਵਿਚ ਸੀ। ਗੁਰੂ ਨਹੀਂ ਸੀ ਚਾਹੁੰਦੇ ਕਿ ਹਨ੍ਹੇਰਾ ਵਧੇ, ਕਿਉਂਕਿ -

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥*
*ਅੰਗ - ੩੨੫*

ਹਨ੍ਹੇਰਾ ਹੋ ਜਾਵੇ ਦੋਵੇਂ ਰੋਂਦੇ ਨੇ। ਰਾਜਾ ਵੀ ਰੋਏਗਾ, ਗਰੀਬ ਵੀ ਰੋਏਗਾ ਕਿਉਂਕਿ ਜਦੋਂ ਪ੍ਰਕਾਸ਼ ਹੀ ਨਹੀਂ ਹੈ। ਗੁਰੂ ਨਾਨਕ ਚਾਹੁੰਦੇ ਸੀ ਕਿ ਪ੍ਰਕਾਸ਼ ਹੋਵੇ ਸੰਸਾਰ ਦੇ ਉਤੇ, ਸ਼ਾਂਤੀ ਆਵੇ, ਇਨਸਾਫ ਹੋਵੇ, ਮਨੁੱਖੀ ਅਧਿਕਾਰ ਪੂਰੀ ਤਰ੍ਹਾਂ ਨਾਲ ਮਿਲਣ, ਕੋਈ ਧਰਮ ਕਿਸੇ ਨੂੰ ਪਸੰਦ ਹੈ, ਉਹਦੇ ਵਿਚ ਉਹ ਜੀਵੇਂ। ਕਿਸੇ ਨੂੰ ਪੂਜਾ ਪਸੰਦ ਹੈ, ਕਰੇ ਆਪਣੀ ਪੂਜਾ,

ਕਿਸੇ ਨੂੰ ਕੋਈ ਬੁੱਤ ਪਸੰਦ ਹੈ, ਉਹਨੂੰ ਪ੍ਰਮੇਸ਼ਰ ਦਾ ਰੂਪ ਸਮਝ ਕੇ ਉਹਦੇ ਅੱਗੇ ਬੇਨਤੀਆਂ ਕਰਦਾ ਹੈ। ਰੋਂਦਾ ਹੈ, ਰੋ-ਰੋ ਕੇ ਕਹਿੰਦਾ ਹੈ ਹੇ ਪ੍ਰਭੂ ਪ੍ਰਸ਼ਾਦਾ ਛਕ ਲਓ, ਸਾਮ੍ਹਣੇ ਕੀ ਹੈ ਇਕ ਪੱਥਰ ਪਿਆ ਹੈ, ਹੋਇਆ ਕੀ ਇਕ ਪੱਥਰ ਦੇ ਵਿਚੋਂ –

*ਮਿਲੇ ਪਰਤਖਿ ਗੁਸਾਈਆ ਧੰਨਾ ਵਡਭਾਗਾ॥*

ਪਰਤੱਖ ਹੋ ਗਿਆ। ਰੋਟੀ ਵੀ ਖਾਂਦਾ ਹੈ ਤੇ ਲੱਸੀ ਵੀ ਪੀਂਦਾ ਹੈ। ਫੇਰ ਉਹਦੀ ਭਗਤੀ ਦੇ ਵਿਚ ਕਿਉਂ ਰੁਕਾਵਟ ਪਾਈ ਜਾਵੇ। ਉਹਦਾ ਆਪਣਾ ਨਿਜ ਦਾ ਸਬੰਧ ਹੈ ਰੱਬ ਦੇ ਨਾਲ। ਰੱਬ ਦਾ collective ਸਬੰਧ ਨਹੀਂ ਹੋਇਆ ਕਰਦਾ। ਜੇ ਕੋਈ ਬੰਦੇ ਇਕੱਠੇ ਹੋ ਕੇ ਕਹਿਣ ਕਿ ਰੱਬ ਨੂੰ ਐਉਂ ਮੰਨ ਬਿਲਕੁਲ ਗਲਤ ਹੈ। ਪਿਆਰ ਜਿਹੜਾ ਹੈ ਕਿਸੇ ਦੀ ਗਾਈਡੈਂਸ ਨਹੀਂ ਮੰਗਦਾ। ਪਿਆਰ ਆਪਣੇ ਆਪ ਹਿਰਦੇ ਵਿਚੋਂ ਨਿਕਲਦਾ ਹੈ, ਉਹਦੇ ਆਪਣੇ ਰਸਤੇ ਨੇ, ਆਪਣਿਆ ਰਾਹਾਂ ਤੇ ਉਹ ਚਲਦਾ ਹੈ। ਪਿਆਰ ਨੂੰ ਜੇ ਕਹੋ ਕਿ ਆਹ-ਆਹ ਰਸਤੇ ਤੋਂ ਚੱਲ, ਬਿਲਕੁਲ ਨਹੀਂ ਚਲਦਾ। ਪਿਆਰ ਤਾਂ ਇਕ ਜਜ਼ਬਾ ਹੈ ਓਵਰ ਪਾਵਰ ਕਰਦਾ ਹੈ ਉਹ। ਸੋ ਪੱਥਰ ਦੇ ਸਾਮ੍ਹਣੇ ਹੀ ਉਹਨੇ ਕਰ ਲਿਆ। ਨਾਮਦੇਵ ਜੀ ਬੈਠ ਗਏ ਦੁੱਧ ਪਿਲਾਉਣ ਤੋਂ ਬਿਨਾਂ ਉਠੇ ਹੀ ਨਾ। ਕਿਸੇ ਨੇ ਕਿਸੇ ਤਰੀਕੇ ਨਾਲ ਭਗਤੀ ਕਰੀ, ਕਿਸੇ ਨੇ ਕਿਸੇ ਨਾਲ ਕਰੀ। ਲੇਕਿਨ ਦੂਜੇ ਪਾਸੇ ਇਹ ਜ਼ਬਰ ਚੀਜ਼ ਹੈ ਕਿ ਨਹੀਂ ਕਰਨ ਦੇਣੀ ਅਸੀਂ ਐਸ ਤਰ੍ਹਾਂ ਭਗਤੀ। ਜੋ ਤਰੀਕਾ ਅਸੀਂ ਦੱਸਦੇ ਹਾਂ ਓਸ ਤਰੀਕੇ ਨਾਲ ਚੱਲੋ। ਮਸਜਿਦ ਵਿਚ ਆਓ, ਪੰਜ ਵਾਰੀ ਨਮਾਜ਼ ਪੜ੍ਹੋ। ਜੋ ਤਰੀਕੇ ਸਾਡੇ ਨੇ ਉਹ ਵਰਤੋ, ਆਹ ਤਰੀਕੇ ਅਸੀਂ ਚੱਲਣ ਨਹੀਂ ਦੇਣੇ। ਕੁਫਰ ਨਹੀਂ ਅਸੀਂ ਸੰਸਾਰ ਵਿਚ ਚੱਲਣ ਦੇਣਾ। ਕਾਫਰ ਨਹੀਂ ਵਧਣ ਦੇਣੇ ਇਹ ਮਾਰ ਦੇਣੇ ਨੇ ਖਤਮ ਕਰ ਦੇਣੇ ਨੇ। ਜਦੋਂ ਧਰਮ ਇਹ ਰੂਪ ਅਖਤਿਆਰ ਕਰ ਜਾਵੇ ਫੇਰ ਉਹ ਧਰਮ ਨਹੀਂ ਅਧਰਮ ਹੋਇਆ ਕਰਦਾ ਹੈ। ਬਦੀ ਦਾ ਸੂਚਕ ਹੋ ਜਾਇਆ ਕਰਦਾ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਭਗਤੀ ਕਰਨ ਦਾ ਜੋ ਨਿੱਜੀ ਭਾਵ ਹੈ ਉਹ ਬਹੁਤ ਹੀ ਪਤਲਾ ਜਜ਼ਬਾ ਹੈ, ਉਹਦੇ ਵਿਚ ਦਖਲ ਅੰਦਾਜ਼ੀ ਹੈ, ਪਿਆਰ ਦੇ ਵਿਚ ਕਿਸੇ ਦਾ ਦਖਲ ਸਹਿਨ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ, ਪਿਆਰ ਦੀ ਆਪਣੀ ਮੌਜ ਹੈ, ਆਪਣਾ ਰਾਹ ਹੈ, ਆਪਣਾ ਤਰੀਕਾ ਹੈ। ਉਹਦੇ ਨਾਲ ਉਹਨੇ ਉਹਨੂੰ ਮਿਲਾਉਣਾ ਹੈ। ਉਹਨੂੰ ਜੇ ਰਾਹ ਕੱਢੋ, ਲਕੀਰਾਂ ਕੱਢੋ ਨਹੀਂ ਪਿਆਰ ਚੱਲਿਆ ਕਰਦਾ ਕਿਉਂਕਿ ਇਹ ਆਦਿ ਜੁਗਾਦਿ ਤੋਂ ਚਲੀ ਹੋਈ ਚੀਜ਼ ਹੈ।

ਸੋ ਐਸਾ ਰੌਲਾ ਰੱਪਾ ਸੀ ਇਕ ਪਾਸੇ ਉਹ ਚੀਜ਼ ਸੀ, ਹਨ੍ਹੇਰਾ ਸੀ, ਇਕ ਪਾਸੇ ਗੁਰੂ ਨਾਨਕ ਪਾਤਸ਼ਾਹ ਪ੍ਰਕਾਸ਼ ਲਿਆਉਣਾ ਚਾਹੁੰਦੇ ਸੀ। ਮਨੁੱਖੀ ਅਧਿਕਾਰ ਲਿਆਉਣਾ ਚਾਹੁੰਦੇ ਸੀ। ਦੁਨੀਆਂ ਨੂੰ ਚਾਹੁੰਦੇ ਸੀ ਕਿ ਆਪਣੇ ਤਰੀਕੇ ਨਾਲ ਅਮਨ ਤੇ ਅਮਾਨ ਨਾਲ ਵੱਸਣ, ਰਾਜਾ ਜਿਹੜਾ ਹੈ ਉਹ ਸਾਰੀ ਪਰਜਾ ਦੇ ਵਾਸਤੇ ਇਕੋ ਜਿਹੇ ਕਾਨੂੰਨ ਬਣਾਵੇ। ਉਹ ਇਹ ਨਾ ਕਹੇ ਕਿ ਹਿੰਦੂ ਜਿਹੜਾ ਹੈ ਇਹ ਜੀਉਣ ਦਾ ਟੈਕਸ ਦੇਵੇਗਾ। ਹਿੰਦੂ ਜੇ ਕਿਸੇ ਤੀਰਥ ਤੇ ਜਾ ਰਿਹਾ ਹੈ ਤਾਂ ਤੀਰਥ ਦਾ ਟੈਕਸ ਦੇਵੇਗਾ, ਪੈਸੇ ਦੇਵੇਗਾ ਤਾਂ ਜਾ ਕੇ ਨਾਹ ਸਕਦਾ ਹੈ, ਪੈਸੇ ਦੇਵੇਗਾ ਤਾਂ ਕਿਸੇ ਮੂਰਤੀ ਨੂੰ ਜਾ ਕੇ ਮੱਥਾ ਟੇਕ ਸਕਦਾ ਹੈ। ਪਾਬੰਦੀਆਂ ਲਾ ਦਿਤੀਆਂ ਗਈਆਂ, ਗੁਰੂ ਨਹੀਂ ਸੀ ਚਾਹੁੰਦਾ ਕਿ ਇਹ ਪਾਬੰਦੀਆਂ ਲੱਗਣ। ਸੱਚ ਦੇ ਰਸਤੇ ਤੇ ਦੁਨੀਆਂ ਜੀਵੇ, ਭਰਾਤਰੀ ਭਾਵ ਹੋਵੇ ਜਦੋਂ ਇਕ ਰੱਬ ਨੂੰ ਮੰਨਦੇ ਹਾਂ, ਫੇਰ ਇਹ ਕਹੋ-

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ - ੯੭*

ਅਸੀਂ ਤਾਂ ਸਾਰੇ ਇਕ ਦੇ ਉਪਾਸ਼ਕ ਹਾਂ, ਇਕ ਨੂੰ ਮੰਨਦੇ ਹਾਂ ਕੋਈ ਅਰਬੀ ਬੋਲਦਾ ਹੈ, ਕੋਈ ਫਾਰਸੀ ਬੋਲਦਾ ਹੈ, ਕੋਈ ਸੰਸਕ੍ਰਿਤ 'ਚ ਕਰਦਾ ਹੈ, ਕੋਈ ਹਿੰਦੀ ਬੋਲਦਾ ਹੈ, ਆਪਣੀ ਬੋਲੀ 'ਚ ਗੱਲ ਕੀਤੀ ਜਾਂਦੀ ਹੈ। ਕਿਉਂ ਬੋਲੀ ਮਜ਼ਬੂਰ ਕਰਦੇ ਹੋਂ ਕਿ ਸਾਰੇ ਅਰਬੀ ਦੇ ਵਿਚ ਜਾ ਕੇ ਇਬਾਦਤ ਕਰੋ। ਅਰਬੀ ਨਾਲ ਦਿਲ ਨਹੀਂ ਮਿਲਦਾ ਆਪਣੀ ਬੋਲੀ ਨਾਲ ਮਿਲਦਾ ਹੁੰਦਾ ਹੈ। ਸੋ ਮਹਾਰਾਜ ਦਾ ਇਹ ਜੋ ਤੌਰ ਤਰੀਕਾ ਸੀ ਇਹ ਚੁੱਭਦਾ ਸੀ। ਹਨ੍ਹੇਰਾ ਨਹੀਂ ਸੀ ਚਾਹੁੰਦਾ ਕਿ ਪ੍ਰਕਾਸ਼ ਦੀ ਕਿਰਨ ਆ ਜਾਵੇ। ਸੋ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਪ੍ਰਕਾਸ਼ ਦੇ ਪ੍ਰਤੀਕ ਸੀ। ਉਨ੍ਹਾਂ ਦੇ ਰਸਤੇ ਵਿਚ ਥਾਂ-ਥਾਂ ਤੇ ਹਨ੍ਹੇਰੇ ਨੇ ਰੋੜ੍ਹੇ ਅਟਕਾਏ। ਹਉਮੈ ਨੇ, ਮਾਇਆ ਨੇ ਰੋੜੇ ਅਟਕਾਏ, ਚਾਹੇ ਭਰਾ ਸੀ ਉਹ ਵੀ ਮਾਇਆਧਾਰੀ, ਚਾਹੇ ਸਮਾਜ ਸੀ ਉਹ ਵੀ ਮਾਇਆਧਾਰੀ, ਏਧਰ ਪ੍ਰਕਾਸ਼ ਸੀ ਓਧਰ ਹਨ੍ਹੇਰਾ ਸੀ।

ਗੁਰੂ ਮਹਾਰਾਜ ਜੀ ਅੰਮ੍ਰਿਤਸਰ ਨੇ, ਅਕਬਰ ਦਾ ਇਕ ਵਜ਼ੀਰ ਸੀ, ਉਹਦਾ ਨਾਉਂ ਸੀ ਬੀਰਬਲ। ਉਹਨੂੰ ਹੁਕਮ ਹੋਇਆ ਕਿ ਯੂਸਨ ਦਈਆਂ ਦੀ ਬਗਾਵਤ ਦਬਾਉਣ ਵਾਸਤੇ ਫੌਜ ਲੈ ਕੇ ਜਾਵੇ ਕਿਉਂਕਿ ਪਹਿਲੇ ਕਮਾਂਡਰ ਮਾਰੇ ਜਾ ਚੁੱਕੇ ਸੀ, ਨਾਲ ਜਰਨੈਲ ਸੀ, ਸਾਰੀ ਫੌਜ ਦਾ ਜ਼ਿੰਮੇਵਾਰ ਬਣਾ ਕੇ ਉਸਨੂੰ ਭੇਜਿਆ। ਉਹਨੇ ਇਕ ਅਕਬਰ ਤੋਂ ਪਰਵਾਨਾ ਲਿਖਾ ਕਹਿਣ ਲੱਗਿਆ ਮਹਾਰਾਜ! ਮੈਂ ਬ੍ਰਾਹਮਣ ਜਾਤ ਹਾਂ। ਤੁਹਾਡੀ ਸੇਵਾ ਦੇ ਵਿਚ ਰਹਿ ਕੇ ਮੈਂ ਦੱਛਣਾ ਨਹੀਂ ਲੈ ਸਕਿਆ, ਜਜ਼ਮਾਨਾਂ ਤੋਂ। ਤੁਸੀਂ ਇਕ ਪਰਵਾਨਾ ਲਿਖ ਦਿਓ ਕਿ ਬੀਰਬਲ ਪੰਜਾਬ ਦਾ ਬ੍ਰਾਹਮਣ ਹੈ। ਸਾਰੇ ਪੰਜਾਬ ਦਾ। ਇਹ ਦੱਛਣਾ ਲੈ ਸਕਦਾ ਹੈ ਸਾਰਿਆਂ ਤੋਂ,

ਕਿਉਂਕਿ ਮੰਗਤ ਬਿਰਤੀ ਸੀ। ਦਿੱਲੀ ਤੋਂ ਚਲ ਪਿਆ, ਬੜੇ-ਬੜੇ ਚੌਧਰੀ ਆਏ, ਬੜੇ-ਬੜੇ ਬਿਜ਼ਨਸਮੈਨ ਆਏ, ਸਾਰਿਆਂ ਤੋਂ ਦੱਛਣਾ ਲੈਂਦਾ-ਲੈਂਦਾ ਜਦੋਂ ਅੰਮ੍ਰਿਤਸਰ ਪਹੁੰਚਦਾ ਹੈ, ਉਥੇ ਵੀ ਸੁਨੇਹਾ ਭੇਜ ਦਿਤਾ ਗੁਰੂ ਮਹਾਰਾਜ ਨੂੰ ਕਿ ਮੈਂ ਬ੍ਰਾਹਮਣ ਹਾਂ, ਲਿਖ ਕੇ ਦਿਤਾ ਕਿ ਮੈਂ ਸਾਰੇ ਪੰਜਾਬ ਦਾ ਬ੍ਰਾਹਮਣ ਤੇ ਤੁਸੀਂ ਮੈਨੂੰ ਕਦੇ ਦੱਛਣਾ ਨਹੀਂ ਦਿਤੀ, ਐਨੇ ਲੱਖ ਰੁਪਈਆ ਮੈਨੂੰ ਦੱਛਣਾ ਦੇਵੋ।

ਗੁਰੂ ਮਹਾਰਾਜ ਕੋਲ ਅਹਦੀਏ ਜਾਂਦੇ ਨੇ, ਮਹਾਰਾਜ ਨੇ ਕਿਹਾ ਕਿ ਸਾਡਾ ਤਾਂ ਕੋਈ ਪੰਡਤ ਹੀ ਨਹੀਂ ਹੈ, ਸਾਡਾ ਤਾਂ ਜਿਹੜਾ ਪੰਡਤ ਹੈ ਉਹ ਵਾਹਿਗੁਰੂ ਹੀ ਹੈ, ਅਸੀਂ ਤਾਂ ਉਹਨੂੰ ਹੀ ਦੱਛਣਾ ਭੇਂਟ ਕਰਨੀ ਹੈ। ਸਾਡੀ ਦੱਛਣਾ ਜਿਹੜੀ ਹੈ ਉਹ ਲੰਗਰਾਂ ਦੇ ਰੂਪ ਵਿਚ ਹੈ। ਧਰਮਸਾਲਾ ਦੇ ਰੂਪ ਵਿਚ ਲੱਗ ਰਹੀ ਹੈ। ਅਸੀਂ ਕੋਈ ਵਪਾਰੀ ਬੰਦੇ ਨਹੀਂ ਹਾਂ, ਜ਼ਿੰਮੀਦਾਰ ਨਹੀਂ ਹਾਂ ਸਾਡੇ ਤਾਂ ਪਹਿਲਾਂ ਲਗ ਰਹੀ ਹੈ ਜੋ ਵੀ ਹੈ। ਸੋ ਅਸੀਂ ਬ੍ਰਹਮ ਦੇ ਬੰਦਿਆਂ ਦੇ ਵਾਸਤੇ ਹੀ ਸਾਰਾ ਖਰਚ ਕਰ ਰਹੇ ਹਾਂ। ਕਹਿਣ ਲੱਗਿਆ, ਨਹੀਂ ਮੈਂ ਦੱਛਣਾ ਲੈਣੀ ਹੈ। ਓਧਰੋਂ ਕਾਹਲੀ ਸੀ ਜਾਣ ਵਾਸਤੇ, ਸੁਨੇਹਾ ਭੇਜ ਦਿਤਾ ਮਹਾਰਾਜ ਜੀ ਨੂੰ ਕਿ ਤਿਆਰ ਰਹਿਓ, ਮੈਂ ਹੁਣੇ ਜੰਗ ਜਿੱਤ ਕੇ ਆਇਆ ਤੇ ਮੈਂ ਸਮੇਤ ਵਿਆਜ ਦੱਛਣਾ ਤੁਹਾਡੇ ਤੋਂ ਵਸੂਲ ਕਰਕੇ ਦਿਖਾਵਾਂਗਾ ਕਿ ਕਿਵੇਂ ਕਰੀਦੀ ਹੈ। ਮਹਾਰਾਜ ਕਹਿੰਦੇ ਪਿਆਰਿਆ! ਅਭਿਮਾਨ ਨਹੀਂ ਕਰੀਦਾ, ਕਿਉਂਕਿ ਅਭਿਮਾਨ ਕਰਨ ਵਾਲੇ ਦੀ ਹਮੇਸ਼ਾ ਹੀ ਸ਼ਿਕਸ਼ਤ ਹੋਇਆ ਕਰਦੀ ਹੈ। ਜਿਸਦੇ ਅੰਦਰ ਅਹੰਕਾਰ ਹੈ ਮਹਾਰਾਜ ਕਹਿੰਦੇ -

*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ ॥*
*ਅਹੰਕਾਰਿ ਮੁਏ ਸੇ ਵਿਗਤੀ ਗਏ*
*ਮਰਿ ਜਨਮਹਿ ਫਿਰਿ ਆਵਹਿ ॥ ਅੰਗ - ੧੦੮੯*

ਮਹਾਰਾਜ ਨੂੰ ਦਿਖਾਇਆ ਜਾ ਕੇ ਕਿ ਸੱਚੇ ਪਾਤਸ਼ਾਹ! ਬੜਾ ਬੁਰਾ ਮੰਨਿਆ ਉਸ ਨੇ ਆਪ ਦੇ ਬਚਨਾਂ ਨੂੰ। ਕਹਿਣ ਲੱਗਿਆ ਕਿ ਮੈਨੂੰ ਕਾਹਲੀ ਹੈ, ਨਹੀਂ ਤਾਂ ਮੈਂ ਹੁਣੇ ਵਸੂਲ ਕਰਦਾ, ਮੈਂ ਹੁਣ ਆ ਕੇ ਦੱਸਾਂਗਾ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ ਉਹਦਾ ਤਾਂ ਕਾਗਜ਼ ਉਥੇ ਪਾਟ ਜਾਣਾ ਹੈ ਦੱਸੇਗਾ ਕੀਹਨੂੰ ਆ ਕੇ। ਉਹ ਤਾਂ ਧੁਰ ਦਰਗਾਹ ਤੋਂ ਚਿੱਠੀ ਪਾੜ ਦਿਤੀ ਇਹਦੀ। ਇਹ ਜਾ ਹੀ ਉਥੇ ਮਰਨ ਵਾਸਤੇ ਰਿਹਾ ਹੈ। ਐਡਾ ਅਹੰਕਾਰ ਮਨ ਵਿਚ, ਕਿਉਂਕਿ ਕਾਲ ਨੂੰ ਭੁਲਿਆ ਹੋਇਆ ਹੈ। ਜੋ ਬੰਦਾ ਕਾਲ ਨੂੰ ਭੁੱਲ ਜਾਂਦਾ ਹੈ ਉਹਦੇ ਅੰਦਰ ਅਭਿਮਾਨ ਹੁੰਦਾ ਹੈ। ਜਿਹਦੇ ਕਾਲ ਯਾਦ ਰਹਿੰਦਾ ਹੈ ਉਹ ਨਹੀਂ ਮਾਣ ਕਰਿਆ ਕਰਦਾ। ਯੂਸਵ ਦੇਈ ਦੇ ਪਠਾਣਾਂ ਦੇ ਨਾਲ ਲੜਦਾ ਹੋਇਆ, ਸਮੇਤ ਜਰਨੈਲ ਦੇ ਆਪਣੇ ਦੇ ਉਥੇ ਮਾਰਿਆ ਜਾਂਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਇਹ ਜੀਵਨ ਦੇ ਨਾਲ ਸੰਘਰਸ਼ ਹੁੰਦਾ ਹੈ ਨੇਕੀ ਦਾ ਤੇ ਬਦੀ ਦਾ। ਬਦੀ ਚਾਹੁੰਦੀ ਹੈ ਕਿ ਮੇਰੇ ਤਰੀਕੇ ਨਾਲ ਚੱਲੇ, ਜੋ ਕੁਛ ਮੈਂ ਕਹਾਂ ਉਵੇਂ ਜਿਵੇਂ ਕਰੇ। ਜਿਥੇ ਪ੍ਰਕਾਸ਼ ਹੁੰਦਾ ਹੈ ਉਹ ਕਹਿੰਦੇ ਇਹ ਤਾਂ ਖੂਹ ਵਿਚ ਗਿਰਦੇ ਨੇ, ਅਸੀਂ ਖੂਹ ਵਿਚ ਕਿਉਂ ਗਿਰੀਏ। ਇਥੋਂ ਰੌਲਾ ਪੈ ਜਾਂਦਾ ਹੈ।

ਰਿਸ਼ਤੇ ਦੀ ਬਾਤ ਦੂਸਰੀ ਇਸ ਕੜੀ ਦੀ ਘਟਨਾ ਹੈ। ਚੰਦੂ ਲਾਗੀ ਭੇਜਦਾ ਹੈ, ਉਨ੍ਹਾਂ ਦਿਨਾਂ 'ਚ ਲਾਗੀ ਭੇਜੇ ਜਾਂਦੇ ਸੀ ਕਿ ਮੈਨੂੰ ਤੁਸੀਂ ਜਾਣਦੇ ਹੋਂ, ਕਿ ਮੇਰੇ ਵਰਗਾ ਹੀ, ਸਾਡੇ ਖਾਨਦਾਨ ਵਰਗਾ ਹੀ ਹੋਵੇ, ਉਥੇ ਜਾ ਕੇ ਰਿਸ਼ਤਾ ਕਰ ਆਇਓ। ਇਕ ਰੁਪਈਆ ਦੇ ਦਿੰਦੇ ਸੀ, ਉਸ ਰੁਪਈਏ ਦਾ ਮਤਲਬ ਸੀ ਰਿਸ਼ਤਾ ਹੋ ਗਿਆ, ਹੁਣ ਨਹੀਂ ਇਹ ਟੁੱਟ ਸਕਦਾ। ਜਾਂ ਸੇਧ ਕਰ ਆਵੇ, ਬਚਨ ਤੋਂ ਨਹੀਂ ਫਿਰਿਆ ਕਰਦੇ, ਬਚਨ ਕਮਾਇਆ ਕਰਦੇ ਸੀ। ਜੇ ਕਿਸੇ ਲੜਕੀ ਦਾ ਰਿਸ਼ਤਾ ਨਾ ਹੋਵੇ, ਕੀਤਾ ਹੋਇਆ ਟੁੱਟ ਜਾਵੇ ਉਹ ਲੜਕੀ ਸਾਰੀ ਜ਼ਿੰਦਗੀ ਵਿਆਹ ਨਹੀਂ ਸੀ ਕਰਾਇਆ ਕਰਦੀ ਕਿ ਮੇਰਾ ਤਾਂ ਰਿਸਤਾ ਹੋ ਗਿਆ ਸੀ ਟੁੱਟ ਗਿਆ।

ਸੋ ਏਸ ਤਰ੍ਹਾਂ ਦੇ ਨਾਲ ਲਾਗੀ ਵਗੈਰਾ ਆਉਂਦੇ ਨੇ, ਉਨ੍ਹਾਂ ਨੇ ਜਾ ਕੇ ਚੰਦੂ ਨੂੰ ਦੱਸਿਆ ਕਿ ਸ਼ਾਹ ਜੀ! ਬਹੁਤ ਵੱਡਾ ਘਰ ਅਸੀਂ ਦੇਖਿਆ ਹੈ, ਐਨਾ ਹੋਣਹਾਰ ਸ਼ਹਿਜ਼ਾਦਾ ਹੈ ਗੁਰੂ ਹਰਿਗੋਬਿੰਦ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਦਾ ਪੁੱਤਰ, ਬਹੁਤ ਸੋਹਣੀ ਕੁਲ ਦੇ ਖੱਤਰੀ ਨੇ ਉਹ। ਸੋਢੀ ਨੇ ਤੇ ਬੜਾ ਚੰਗਾ ਤੁਹਾਡਾ ਮੇਲ ਹੋਏਗਾ। ਸੁਣਦੇ ਸਾਰ ਸਿਰ ਹਿਲਾਉਣ ਲਗ ਗਿਆ। ਕਹਿੰਦਾ ਤੁਸੀਂ ਬੜਾ ਮਾੜਾ ਕੰਮ ਕਰਿਆ, ਉਹ ਫਕੀਰ ਨੇ ਮੈਂ ਬਾਦਸ਼ਾਹ ਦਾ ਵੱਡਾ ਅਹਿਲਕਾਰ ਹਾਂ ਤੇ ਫੇਰ ਮੇਰੀ ਕੁਲ ਵੀ ਬੜੀ ਵੱਡੀ ਹੈ, ਤੁਸੀਂ ਤਾਂ ਬੜੀ ਛੋਟੀ ਥਾਂ ਤੇ ਰਿਸ਼ਤਾ ਦੇ ਆਏ। ਇਹ ਨਹੀਂ ਸੀ ਚਾਹੀਦਾ। ਪਰ ਮੈਂ ਹੁਣ ਤੁਹਾਡਾ ਕੀਤਾ ਹੋਇਆ ਤਾਂ ਬਦਲ ਨਹੀਂ ਸਕਦਾ, ਜਿਥੇ ਕਰ ਦਿਤਾ ਉਥੋਂ ਬਦਲਿਆ ਨਹੀਂ ਜਾ ਸਕਦਾ। ਸ਼ਗਨ ਭੇਜਣ ਦੀ ਤਿਆਰੀ ਕਰ ਲਈ। ਓਧਰ ਇਹਦੇ ਬਚਨ ਜਾ ਕੇ ਸੰਗਤ ਨੂੰ ਪਤਾ ਲੱਗਿਆ, ਬੜਾ ਭਾਰਾ ਇਕੱਠ ਹੋਇਆ ਦਿੱਲੀ ਦੇ ਅੰਦਰ ਕਿ ਐਸ ਤਰ੍ਹਾਂ ਰਿਸ਼ਤਾ ਹੋ ਰਿਹਾ ਹੈ, ਇਹ ਹੰਕਾਰੀ ਹੈ ਤੇ ਕੰਨਿਆ ਦੇ ਅੰਦਰ ਵੀ ਇਹਦਾ ਅੰਸ ਹੋਣਾ ਅਹੰਕਾਰ ਦਾ, ਮਾਤਾ ਹੋਣਾ ਹੈ ਉਨ੍ਹਾਂ ਨੇ ਸਾਡੀ, ਜਗਤ ਮਾਤਾ ਹੋਣਾ ਹੈ, ਕਿਸ ਤਰ੍ਹਾਂ ਦੇ ਨਾਲ ਬਾਤ ਹੋਏਗੀ, ਗੁਰੂ ਸਾਹਿਬ ਨੂੰ ਭਾਵੇਂ ਅੰਤਰਜਾਮੀ ਨੇ ਖਬਰ ਕਰ ਦਿਤੀ ਜਾਵੇ। ਉਸ ਵੇਲੇ ਇਕ ਚਿੱਠੀ ਲਿਖੀ ਜਾਂਦੀ ਹੈ, ਚਿੱਠੀ ਦਾ ਸਾਰ ਅੰਸ਼ ਹੈ ਕਿ

ਮਹਾਰਾਜ –

*ਆਪ ਹੰਕਾਰੀ ਬਨਜੋ ਚੁਬਾਰਾ*
*ਤੁਮਹਿ ਕਹਜੋ ਮੋਰੀ ਸੰਕਾਸ॥*
*ਬਿਨ ਸ਼ਰਧਾ ਤੇ ਮੂਰਖ ਬੋਲੋ*
*ਇੱਤਜਾਦਿਕ ਨਿੰਦਾ ਕਰਿ ਰਾਸ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 2241***

ਪਾਤਸ਼ਾਹ ਗੁਰੂ ਦੀ ਗੱਦੀ ਨੂੰ ਨਿੰਦਿਆ ਹੈ ਏਸ ਪਾਪੀ ਨੇ। ਕਹਿੰਦਾ ਹੈ ਕਿ ਮੇਰੀ ਜੋ ਕੰਨਿਆ ਸੀ ਉਹ ਤਾਂ ਚੌਬਾਰੇ ਦੀ ਇੱਟ ਸੀ, ਤੁਸੀਂ ਤਾਂ ਮੋਰੀ 'ਚ ਲਾ ਦਿਤੀ। ਬੜਾ ਮਾੜਾ ਕੰਮ ਕਰਿਆ, ਚਿੱਠੀ ਆ ਜਾਂਦੀ ਹੈ। ਓਸ ਵੇਲੇ ਲਾਗੀਆਂ ਨੂੰ ਮਹਾਰਾਜ ਨੇ ਜਵਾਬ ਦਿਤਾ ਕਿ ਅਸੀਂ ਰਿਸ਼ਤਾ ਨਹੀਂ ਲੈਣਾ ਕਿਉਂਕਿ ਸੰਗਤ ਦੇ ਬਚਨ ਅਸੀਂ ਟਾਲ ਨਹੀਂ ਸਕਦੇ। ਜੋ ਕੁਛ ਉਨ੍ਹਾਂ ਨੇ ਬੇਨਤੀ ਕਰ ਦਿਤੀ ਸਿੱਖਾਂ ਦੀ ਬੇਨਤੀ ਸਾਡੇ ਤੋਂ ਨਹੀਂ ਟਾਲੀ ਜਾਣੀ। ਸਾਡੇ ਬਚਨ ਨੂੰ ਗੁਰਸਿੱਖ ਇਕੱਠੇ ਹੋ ਟਾਲ ਸਕਦੇ ਨੇ, ਪਰ ਗੁਰਸਿੱਖਾਂ ਦਾ ਜੋ ਬਚਨ ਹੈ ਓਸ ਨੂੰ ਟਾਲ੍ਹਣ ਤੋਂ ਮੈਂ ਅਸਮਰਥ ਹਾਂ।

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*

***ਅੰਗ – ੧੨੫੩***

ਦੂਸਰੀ ਘਟਨਾ ਇਸ ਕੜੀ ਦੀ ਬਣ ਗਈ, ਨਾਲ ਪ੍ਰਿਥੀ ਚੰਦ ਰਲ ਗਿਆ ਦੋਹਾਂ ਦੀ ਚੌਕੜੀ ਬਣ ਗਈ, ਹਾਂ ਇਸ ਤਰ੍ਹਾਂ ਹੀ ਇਹ ਕਰਦੇ ਨੇ, ਬੜਾ ਅਭਿਮਾਨ ਹੈ ਇਨ੍ਹਾਂ ਨੂੰ। ਜਹਾਂਗੀਰ ਪੰਜਾਬ ਆਇਆ ਮਾਇਆ ਟੋਲ੍ਹਦਾ ਹੈ, ਤਾਂ ਖਜ਼ਾਨੇ ਦਾ ਜੋ ਮਾਲਕ ਸੀ ਉਸ ਨੇ ਕਿਹਾ ਕਿ ਮਹਾਰਾਜ! ਖਜ਼ਾਨੇ ਦੀ ਚੋਰੀ ਹੋਈ ਸੀ, ਓਸ ਚੋਰੀ ਦੇ ਵਿਚ ਆਪ ਦੀ ਮਾਲਾ ਵਿਚ ਚਲੀ ਗਈ। ਕਹਿਣ ਲੱਗੇ, ਕੌਣ ਹੈ ਐਸਾ ਬੰਦਾ ਜੋ ਮੇਰੇ ਰਾਜ ਵਿਚ ਰਹਿ ਕੇ ਇਹੋ ਜਿਹੇ ਕੰਮ ਕਰ ਸਕਦਾ ਹੈ। ਕਹਿਣ ਲੱਗੇ, ਕਿ ਮਹਾਰਾਜ! ਹੋਰ ਕੌਣ ਹੋ ਸਕਦਾ ਹੈ, ਸਿਰਫ ਐਥੇ ਇਕ ਗੁਰੂ ਅਰਜਨ ਦੇਵ ਹੈ ਜਿਹਦੇ ਵਿਚ ਐਨੀ ਤਾਕਤ ਹੈ ਕਿ ਬਾਦਸ਼ਾਹ ਨਾਲ ਤਾਕਤ ਲੈ ਸਕਦਾ ਹੈ। ਉਹਦੇ ਕੋਲ ਬੜੇ ਚੋਰ ਤੇ ਧਾੜਵੀ, ਨਾਮੀ ਚੋਰ ਰਹਿੰਦੇ ਨੇ, ਮਾਲ ਲੁਟਦੇ ਨੇ, ਉਹਦੇ ਖਜ਼ਾਨੇ ਵਿਚ ਜਮ੍ਹਾਂ ਕਰ ਦਿੰਦੇ ਨੇ, ਬੇਅੰਤ ਧਨ ਹੈ ਉਥੇ ਹੋਈ ਹਿਸਾਬ ਕਿਤਾਬ ਹੈ। ਤੁਸੀਂ ਹੁਣੇ ਹੀ ਲਓ, ਫੌਜ ਦਿਓ ਹੁਣੇ ਜਾ ਕੇ ਲੈ ਆਂਦੇ ਹਾਂ, ਘਰ ਬਾਰ ਜ਼ਬਤ ਕਰ ਲੈਂਦੇ ਹਾਂ, ਵਿਚੋਂ ਹੀ ਨਿਕਲ ਆਏਗੀ ਤੁਹਾਡੀ ਮਾਲਾ। ਲੇਕਿਨ ਜਹਾਂਗੀਰ ਚੁੱਪ ਕਰ ਰਿਹਾ ਕਿ ਐਹੋ ਜਿਹੀ ਗੱਲ ਤਾਂ ਨਹੀਂ ਹੋ ਸਕਦੀ, ਇਹ ਤਾਂ ਵਾਧੂ ਦੀਆਂ ਗੱਲਾਂ ਮੇਰੇ ਨਾਲ ਕਰਦੇ ਨੇ। ਪਰ ਐਉਂ ਕਹਿ ਦਿਤਾ ਕਿ ਉਨ੍ਹਾਂ ਕੋਲ ਬੰਦਾ ਭੇਜ ਦਿਓ ਕੋਈ, ਦੱਸ ਵੀਹ ਬੰਦੇ ਇਕੱਠੇ ਹੋ ਜਾ ਆਓ, ਹੋਏਗੀ ਤਾਂ ਉਹ ਜ਼ਰੂਰ ਦੇ ਦੇਣਗੇ, ਪਰ ਮੇਰਾ ਮਨ ਨਹੀਂ ਮੰਨਦਾ ਕਿ ਉਹ ਐਸੀ ਗੱਲ ਕਰ ਦੇਣਗੇ। ਇਸ਼ਾਰਾ ਹੋ ਗਿਆ, ਉਸ ਵੇਲੇ ਸੁਲਭੀ ਖਾਂ ਨੂੰ ਭੇਜ ਦਿਤਾ ਦੋ ਸੌ ਸਵਾਰ ਦੇ ਕੇ। ਮਹਾਰਾਜ ਜੀ ਨੂੰ ਦੱਸਿਆ ਕਹਿੰਦੇ ਕੋਈ ਨਾ ਪਿਆਰਿਓ! ਇਥੇ ਤੱਕ ਨਹੀਂ ਉਹ ਪਹੁੰਚ ਸਕਦਾ। ਬਿਆਸਾ ਦੇ ਕੰਢੇ ਆ ਕੇ ਇਕ ਸੱਯਦ ਨੇ ਤਨਖਾਹ ਲੈਣੀ ਸੀ ਉਸ ਨੇ ਓਸ ਨੂੰ ਮਾਰ ਦਿਤਾ। ਹਸਨ ਅਲੀ ਸੀ ਸੱਯਦ ਦਾ ਨਾਮ। ਉਹਨੇ ਕਿਹਾ ਕਿ ਤੂੰ ਤਨਖਾਹ ਨਹੀਂ ਤੂੰ ਮੇਰੀ ਦਿਤੀ ਝਗੜਾ ਹੋ ਗਿਆ, ਤਲਵਾਰ ਸੀ ਉਹਦੇ ਕੋਲ ਉਹਨੇ ਉਥੇ ਹੀ ਮਾਰ ਦਿਤਾ। ਉਸ ਤੋਂ ਸੁਲਹੀ ਖਾਨ ਪ੍ਰਿਥੀਏ ਦਾ ਮਿਤਰ ਸੀ। ਓਸ ਨੂੰ ਕਿਹਾ ਗਿਆ ਕਿ ਹੁਕਮ ਤਾਂ ਹੋਇਆ ਹੋਇਆ ਹੈ, ਤੂੰ ਲੈ ਕੇ ਆਹ। ਘਰ-ਬਾਰ ਲੁੱਟ ਲੈ ਇਹਦਾ, ਨਾਲ ਚੰਦੂ ਰਲਿਆ ਹੋਇਆ ਸੀ। ਹੋ ਸਕੇ ਤਾਂ ਇਹ ਮਾਰ ਹੀ ਦਿਓ। ਮਹਾਰਾਜ ਨੂੰ ਦੱਸਿਆ ਕਿ ਮਹਾਰਾਜ! ਹੁਣ ਤਾਂ ਸੁਲਹੀ ਖਾਨ ਆ ਰਿਹਾ ਹੈ। ਦੱਸੋ ਕੀ ਕਰੀਏ, ਕੋਈ ਬੰਦੇ ਭੇਜੀਏ ਜਾਂ ਚਿੱਠੀ ਲਿਖੀਏ। ਜਾਂ ਕੋਈ ਹੋਰ ਉਪਾਅ ਕਰੀਏ, ਜਾਂ ਪੈਸਾ ਟਕਾ ਦੇਈਏ, ਮਹਾਰਾਜ ਕਹਿੰਦੇ ਭਾਈ ਲੋੜ ਹੀ ਨਹੀਂ ਹੈ ਪ੍ਰਮੇਸਰ ਦੀ ਸ਼ਰਨ ਵਿਚ ਰਹੋ, ਕੁਛ ਨਹੀਂ ਹੋ ਸਕਦਾ। ਜਿਹੜਾ ਗੁਰੂ ਘਰ ਵੱਲ ਗਹਿਰੀ ਅੱਖ ਕਰਕੇ ਆਏਗਾ, ਉਹ ਕਾਮਯਾਬ ਨਹੀਂ ਹੋਏਗਾ, ਸੁਖੀ ਨਹੀਂ ਹੋਏਗਾ।

*ਸੁਖੁ ਨ ਪਾਇਨਿ ਮੁਗਧ*
*ਨਰ ਸੰਤ ਨਾਲਿ ਖਹੰਦੇ ॥* ***ਅੰਗ – ੩੦੬***

ਫੌਜ ਲੈ ਕੇ ਆ ਰਿਹਾ ਹੈ ਤੇ ਜਾਂਦਾ-ਜਾਂਦਾ ਪ੍ਰਿਥੀ ਚੰਦ ਦੇ ਪਿੰਡ, ਨਵਾਂ ਅਬਾਦ ਕੀਤਾ, ਜਿਸਦਾ ਨਾਮ ਕੋਠਾ ਸੀ, ਉਥੇ ਪਹੁੰਚ ਜਾਂਦੇ ਨੇ। ਉਹਨੇ ਬਹੁਤ ਸਾਰੇ ਆਵੇ ਲਾਏ ਹੋਏ ਸੀ, ਦਿਖਾਉਣ ਵਾਸਤੇ ਚਲਿਆ ਜਾਂਦਾ ਹੈ, ਇਕ ਪੰਛੀ ਉਡਿਆ ਤੇ ਘੋੜਾ ਤ੍ਰਬਕ ਗਿਆ, ਤ੍ਰਬਕ ਕੇ ਸਿੱਧਾ ਹੀ ਆਵੇ ਦੇ ਵਿਚ ਚਲਿਆ ਗਿਆ, ਆਵੇ ਨੂੰ ਅੱਗ ਦਿਤੀ ਹੋਈ ਸੀ, ਅੱਗ ਲੱਗ ਗਈ ਤੇ ਉਹ ਗਿਰ ਗਿਆ ਨਾ ਕੋਈ ਚੁੱਕਣ ਨੂੰ ਵਿਚ ਵੜ ਸਕਦਾ ਸੀ, ਅੱਗ ਨਾਲ ਝੁਲਸ ਕੇ ਮਰ ਗਿਆ।

ਸੋ ਐਸੀਆਂ ਘਟਨਾਵਾਂ ਹੋਈ ਜਾਂਦੀਆਂ ਸੀ। ਅਕਬਰ ਬਾਦਸ਼ਾਹ ਦਾ ਜੋ ਰਾਜ ਹੈ ਭਾਰਤ ਵਰਸ਼ ਦੇ ਅੰਦਰ। ਉਹ ਸੁਨਿਹਰੀ ਯੁੱਗ ਕਹਾਉਂਦਾ ਹੈ। ਬਹੁਤ ਚੰਗਾ ਬਾਦਸ਼ਾਹ ਹੋਇਆ ਹੈ ਬਾਵਜੂਦ ਇਸ ਦੇ ਕਿ ਇਸਲਾਮ ਦੇ ਵਿਚ ਹੁੰਦਾ ਹੋਇਆ। ਵੇਦਾਂ ਦੀ ਕਥਾ ਉਸ ਦੇ ਦਰਬਾਰ ਵਿਚ ਹੁੰਦੀ, ਪੁਰਾਣਾਂ ਦੀ ਉਸਦੇ, ਸਾਰੇ ਧਰਮਾਂ ਨੂੰ ਉਹ ਸਮਾਂ ਦਿੰਦਾ ਸੀ, ਗੁਰਸਿੱਖੀ ਦਾ ਉਸ ਦੇ ਉਤੇ ਬਹੁਤ ਵੱਡਾ

ਅਸਰ ਸੀ। ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਸ਼ਨ ਕਰਨ ਜਦੋਂ ਆਇਆ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਨਾਲ ਬਹੁਤ ਸ਼ਰਧਾ ਦਿਖਾਈ ਤੇ ਨਾਲ 12 ਪਿੰਡਾਂ ਦਾ ਪਟਾ ਲਿਖ ਕੇ ਦੇ ਦਿਤਾ, ਲੰਗਰ ਵਾਸਤੇ। ਮਹਾਰਾਜ ਨੇ ਲਿਆ ਨਾ। ਬੀਬੀ ਭਾਨੀ ਦੇ ਨਾਉਂ ਕਰ ਦਿਤਾ ਗਿਆ। ਬਾਬੇ ਫਰੀਦ ਦਾ ਜੋ ਖਾਨਦਾਨ ਸੀ ਚਿਸ਼ਤੀ, ਮਯਉਦੀਨ ਤੋਂ ਸ਼ੁਰੂ ਹੋ ਕੇ ਉਹਦੇ ਨਾਲ ਸਬੰਧ ਰੱਖਦਾ ਸੀ, ਇਸੇ ਕਰਕੇ ਬਾਬੇ ਫਰੀਦ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਉਥੇ ਜਾਇਆ ਕਰਦਾ ਹੈ, ਜਦੋਂ ਪੁੱਤਰ ਕਾਫੀ ਸਮਾਂ ਨਾ ਹੋਇਆ ਤਾਂ ਇਹਨੇ ਮੰਨਤ ਮੰਨੀ ਕਿ ਮੇਰੇ ਪੁੱਤਰ ਦਿਓ ਤਾਂ ਪੁੱਤਰ ਲਈ ਵੀ ਉਥੇ ਕਿੰਨੀ ਸ਼ਰਧਾ ਨਾਲ ਜਾਂਦਾ ਹੈ। ਜਹਾਂਗੀਰ ਦਾ ਜਨਮ ਹੋਇਆ, ਉਸ ਵੇਲੇ ਜਿਹੜਾ ਉਥੇ ਪੀਰ ਸੀ ਉਸ ਦਾ ਨਾਉਂ ਸਲੇਮ ਸੀ, ਫਤਹਿਪੁਰ ਸੀਕਰੀ ਤੋਂ ਪੈਦਲ ਚੱਲਿਆ ਅਜਮੇਰ, ਰੋਜ਼ 17 ਮੀਲ ਸਫਰ ਕੱਢਿਆ ਕਰਦਾ ਸੀ। ਸਲੇਮ ਜਿਹੜਾ ਪੁੱਤਰ ਦਿਤਾ ਉਹ ਵੀ ਨਾਲ ਲਿਆ ਹੋਇਆ ਸੀ ਪਾਲਕੀ ਦੇ ਅੰਦਰ। 17 ਮੀਲ ਤੇ ਕੈਂਪ ਕਰਦੇ ਨੇ, ਕਿੰਨੇ ਦਿਨਾਂ ਦੇ ਅੰਦਰ ਉਥੇ ਪਹੁੰਚਦਾ ਹੈ, ਛਾਲੇ ਪੈ ਗਏ, ਨੰਗੇ ਪੈਰੀਂ ਗਿਆ ਉਥੇ ਉਥੇ ਜਾ ਕੇ ਪੁੱਤਰ ਨੂੰ ਭੇਟਾ ਕੀਤਾ ਤੇ ਪੀਰ ਜੀ ਨੇ ਪੁੱਤਰ ਦੇ ਮਸਤਕ ਤੇ ਹੱਥ ਰੱਖ ਕੇ ਵਾਪਸ ਮੋੜ ਦਿਤਾ। ਸਲੇਮ ਉਸਦਾ ਨਾਉਂ ਰੱਖਿਆ, ਕਿਉਂਕਿ ਉਹਦਾ ਨਾਮ ਵੀ ਸਲੇਮ ਸੀ। ਅਕਬਰ ਜਿਹੜਾ ਬਾਦਸ਼ਾਹ ਸੀ, ਗੁਰੂ ਗ੍ਰੰਥ ਸਾਹਿਬ ਦੀ ਸ਼ਿਕਾਇਤ ਹੋਈ ਜਦੋਂ ਕਿ ਇਹਦੇ ਵਿਚ ਦੂਸਰੇ ਧਰਮਾਂ ਦੀ ਨਿੰਦਿਆ ਕੀਤੀ ਗਈ ਹੈ ਤਾਂ ਉਨ੍ਹਾਂ ਨੇ ਬੁਲਾ ਕੇ, ਗੁਰੂ ਚੌਥੇ ਪਾਤਸ਼ਾਹ ਵੇਲੇ, ਪੰਜਵੇਂ ਪਾਤਸ਼ਾਹ ਵੇਲੇ ਬੁਲਾਇਆ, ਮਹਾਰਾਜ ਜੀ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਭੇਜ ਦਿਤਾ। ਜਿਸ ਪੰਨੇ ਦੇ ਉਤੇ ਉਹ ਹੱਥ ਰੱਖੇ, ਉਹ ਸ਼ਬਦ ਪੜ੍ਹਨ ਸਾਰਾ ਐਸੀ ਹੀ ਬਾਣੀ ਐਸੀ ਆਵੇ, ਪੰਜ ਨਿਵਾਜਾ ਵਖਤ ਪੰਜਾ ਪੰਜੇ ਪੰਜਾ ਨਾਉਂ। ਜਿਥੇ ਕਹੋ ਐਹੇ ਜਿਹੇ ਬਚਨ ਆਉਣ। ਉਹ ਕਹਿਣ ਲੱਗਿਆ ਇਹ ਤਾਂ ਸੁਲਹਕੁਨ ਹੈ। ਕੌਣ ਕਹਿੰਦਾ ਹੈ? ਸੋ ਬੜੀ ਭੇਟਾ ਓਸ ਨੇ ਚਾੜ੍ਹੀ। ਗੁਰੂ ਅਰਜਨ ਪਾਤਸ਼ਾਹ ਦੇ ਦਰਸ਼ਨ ਕਰਨ ਗਿਆ, ਕਾਲ ਪਿਆ ਹੋਇਆ ਸੀ। ਮਹਾਰਾਜ ਜੀ ਕੋਈ ਸੇਵਾ ਬਖਸ਼ੋ ਆਪ। ਮਹਾਰਾਜ ਕਹਿਣ ਲੱਗੇ ਕਿ ਪੰਜਾਬ ਦੇ ਲੋਕ ਕਾਲ ਪੈਣ ਦੇ ਨਾਲ ਗਰੀਬ ਹੋ ਗਏ ਨੇ ਮਾਮਲੇ ਦੇ ਵਿਚ ਛੋਟ ਦੇ ਦਿਓ, ਸੋ ਆਪ ਨੇ ਮਾਮਲੇ ਵਿਚ ਬੜੀ ਭਾਰੀ ਛੋਟ ਦਿਵਾ ਦਿਤੀ। ਸਾਰੇ ਪੰਜਾਬ ਦੇ ਵਿਚ ਗੁਰੂ ਮਹਾਰਾਜ ਦੀ ਮਹਿਮਾ ਤੇ ਬੜੀ ਨੇਕੀ ਦਾ ਕੰਮ ਹੋਇਆ। ਸੋ ਏਸ ਤਰ੍ਹਾਂ ਦਾ ਉਹ ਬਾਦਸ਼ਾਹ ਸੀ, ਸਭ ਧਰਮਾਂ ਦਾ ਸਤਿਕਾਰ ਕਰਦਾ ਸੀ। ਉਹਦੇ ਵਾਸਤੇ ਮੰਦਰ ਵੀ ਓਹੀ ਸੀ, ਮਸਜਿਦ ਵੀ ਓਹੀ ਸੀ। ਜਦੋਂ ਚੜ੍ਹਾਈ ਕੀਤੀ ਉਹਨੇ ਲਿਖਿਆ ਕਿ ਸਿਰ ਕਾਹਬੇ ਵਲ ਨਾ ਕਰਿਆ ਜਾਵੇ, ਮੇਰੇ ਜਿਹੜੇ ਪੈਰ ਨੇ ਉਹ ਕਹਬੇ ਵਲ ਹੋਣ ਮੇਰਾ ਜਿਹੜਾ ਸਿਰ ਹੈ ਉਹ ਜਿਧਰੋਂ ਸੂਰਜ ਚੜ੍ਹਦਾ ਹੈ, ਓਧਰ ਨੂੰ ਹੋਵੇ। ਹੁਣ ਵੀ ਜਾ ਕੇ ਦੇਖ ਲੋ ਉਹ ਸਿਰ ਹੁਣ ਵੀ ਸੂਰਜ ਵਲ ਹੈ। ਅਜੀਬ ਤਰ੍ਹਾਂ ਦਾ ਬਾਦਸ਼ਾਹ ਸੀ, ਏਸੇ ਕਰਕੇ ਉਹਨੂੰ ਸਾਰੇ ਪਿਆਰ ਕਰਦੇ ਸੀ। ਲੇਕਿਨ ਉਹਦੇ ਰਾਜ ਵਿਚ ਇਕ ਸਰਹੰਦ ਵਿਚ ਪੀਰ ਸੀਗਾ, ਅਹਿਮਦ ਉਹਦਾ ਨਾਉਂ ਸੀ। ਉਹ ਬੜਾ ਹੀ ਕੱਟੜ ਬੰਦਾ ਸੀ, ਉਹ ਚਾਹੁੰਦਾ ਸੀ ਕਿ ਸਾਰੇ ਹੀ ਇਸਲਾਮ ਹੀ ਇਸਲਾਮ ਹੋ ਜਾਏ। ਲੇਕਿਨ ਪੰਜਾਬ ਵਿਚ ਹੋਇਆ ਉਹਦੇ ਮਨ ਵਿਚ ਇਹ ਗੱਲ ਰੜਕਦੀ ਸੀ ਕਿ ਜਿੰਨੀ ਦੇਰ ਗੁਰੂ ਨਾਨਕ ਦੀ ਗੱਦੀ ਹੈ ਇਹ ਕੰਮ ਹੋ ਨਹੀਂ ਸਕਣਾ। ਜੱਟ ਤਾਂ ਅੱਧੇ ਆਪੇ ਹੀ ਸਰਵਰੀਏ ਬਣੇ ਹੋਏ ਨੇ, ਭਰਾਈ ਦਾ ਜੂਠਾ ਖਾਂਦੇ ਨੇ, ਨਿਗਾਹੀਏ ਕਹਾਉਂਦੇ ਨੇ, ਸਰਵਰੀਏ ਕਹਾਉਂਦੇ ਨੇ, ਜੇ ਵੱਡੀ ਰੁਕਾਵਟ ਹੈ ਤਾਂ ਗੁਰੂ ਅਰਜਨ ਦੀ ਰੁਕਾਵਟ ਹੈ ਜੇ ਇਹ ਦੂਰ ਹੋ ਜਾਵੇ ਵਿਚੋਂ ਤਾਂ ਫੇਰ ਪੰਜਾਬ ਤਾਂ ਮੁਸਲਮਾਨ ਬਣਿਆ ਹੀ ਬਣਾਇਆ ਹੈ। ਕੱਟੜ ਸੀ। ਜਹਾਂਗੀਰ ਜਦੋਂ ਗੱਦੀ ਤੇ ਬੈਠਿਆ ਇਸਨੇ ਏਸ ਸ਼ਰਤ ਦੇ ਉਤੇ ਇਹਦੀ ਮਦਦ ਕਰੀ ਕਿ ਜੇ ਤੂੰ ਇਸਲਾਮ ਨੂੰ ਫੈਲਾਵੇਂ, ਆਪਣੇ ਬਾਪ ਦੀ policy ਤੋਂ ਬਿਲਕੁਲ ਉਲਟਾ ਕੰਮ ਕਰੇਂ ਤਾਂ



**ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ**

ਸਾਰੇ ਮੋਮਨ ਤੇਰੇ ਨਾਲ ਰਲ ਜਾਣਗੇ। ਹੁਣ ਕਿੰਨਾ ਬੁਰਾ ਹਾਲ ਹੋ ਰਿਹਾ ਹੈ ਜਿਹੜੇ ਮੁਸਲਮਾਨ ਬਣਾਏ ਸੀ ਉਨ੍ਹਾਂ ਨੇ ਫਟਾਫਟ ਜਨੇਊ ਪਾਉਣਾ ਸ਼ੁਰੂ ਕਰ ਦਿਤਾ। ਉਹ ਫੇਰ ਆਪਣੀ ਕੌਮ ਵਿਚ ਜਾ ਰਲੇ। ਇਨ੍ਹਾਂ ਵਿਚ ਜਿਹੜੇ ਵੱਡੇ-ਵੱਡੇ ਰੁਕਾਵਟ ਪਾਉਣ ਵਾਲੇ ਨੇ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ।

ਗੁਰੂ ਅਰਜਨ ਪਾਤਸ਼ਾਹ ਦੇ ਖਿਲਾਫ ਉਸਦੇ ਕੰਨ ਭਰੇ, ਜਹਾਂਗੀਰ ਦੇ ਮਨ ਵਿਚ ਵੀ ਬਦੀ ਸੀ, ਬਹੁਤ ਦੇਰ ਦਾ ਸੁਣਦਾ ਸੀ ਇਹ ਗੱਲਾਂ, 1605 ਵਿਚ ਅਕਬਰ ਕਾਲ ਵਸ ਹੋ ਗਿਆ। ਥੋੜ੍ਹੇ ਮਹੀਨਿਆਂ ਤੋਂ ਬਾਅਦ ਇਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿਤੀ, ਖੁਸਰੋ ਜਿਹੜਾ ਸੀ ਉਹ ਇਕ ਤਰ੍ਹਾਂ ਨਾਲ ਐਉਂ ਹੀ ਕਹਿ ਦਿੰਦਾ ਸੀ ਕਿ ਮੈਂ ਤਾਂ ਗੁਰੂ ਨਾਨਕ ਦਾ ਮੁਰੀਦ ਹਾਂ। ਅੰਮ੍ਰਿਤਸਰ ਵੀ ਆਉਂਦਾ ਸੀ, ਮਹਾਰਾਜ ਤੋਂ ਅਸ਼ੀਰਵਾਦ ਵੀ ਲੈਂਦਾ ਸੀ। ਪਰ ਜਦੋਂ ਬਗਾਵਤ ਕਰੀ ਜਦ ਨਹੀਂ ਗੁਰੂ ਮਹਾਰਾਜ ਨੂੰ ਮਿਲਿਆ। ਇਤਿਹਾਸਾਂ 'ਚ ਕਈ ਗੱਲਾਂ ਆਉਂਦੀਆਂ ਨੇ, ਕਹਿੰਦਾ ਮਿਲ ਆਇਆ ਸੀ, ਕੋਈ ਕਹਿੰਦਾ ਲੰਗਰ 'ਚ ਪ੍ਰਸ਼ਾਦਾ ਛਕ ਆਇਆ ਸੀ, ਕੋਈ ਕਹਿੰਦਾ ਹੈ ਕਿ ਮਹਾਰਾਜ ਨੇ ਉਸ ਨੂੰ ਪੰਜ ਹਜ਼ਾਰ ਰੁਪਿਆ ਵੀ ਦਿਤਾ ਰਾਹ ਦਾ ਖਰਚਾ।

ਸੋ ਮਹਾਰਾਜ ਨੇ ਇਸ ਤੋਂ ਪਹਿਲਾਂ ਜਦੋਂ ਰਾਜ ਬਦਲਿਆ। ਇਕ ਦਿਨ ਗੁਰਸਿੱਖਾਂ 'ਚ ਬੈਠੇ ਸੀ ਸਾਰਿਆਂ ਨੂੰ ਕਹਿਣ ਲੱਗੇ ਕਿ ਹੁਣ ਸਾਡੀ ਟੱਕਰ ਜਿਹੜੀ ਹੈ, ਉਹ ਵੱਡੇ ਹਨ੍ਹੇਰੇ ਨਾਲ ਹੋਣੀ ਹੈ, ਹਨ੍ਹੇਰੇ ਦੇ ਸੈਂਟਰ 'ਚ ਜਾਣਾ ਹੈ ਅਸੀਂ। ਉਥੇ ਪ੍ਰਕਾਸ਼ ਕਰਨਾ ਹੈ, ਉਥੇ ਅਸੀਂ ਉਨ੍ਹਾਂ ਦੀ ਗੱਲ ਨਹੀਂ ਮੰਨਣੀ ਤੇ ਸਾਨੂੰ ਸੀਸ ਦੇਣਾ ਪੈਣਾ ਹੈ ਆਪਣਾ। ਕਿਉਂਕਿ ਸਾਨੂੰ ਦਿਸਦਾ ਹੈ ਅਸੀਂ ਜਾਣਾ ਹੈ, ਗੱਲਬਾਤ ਹੋਣੀ ਹੈ, ਅਕਬਰ ਚੜ੍ਹਾਈ ਕਰ ਗਿਆ, ਨੀਤੀ ਬਦਲ ਗਈ ਰਾਜ ਦੀ। ਉਨ੍ਹਾਂ ਦੀ ਨਿਗ੍ਹਾ ਦੇ ਵਿਚ ਅਸੀਂ ਹੋਰ ਤਰ੍ਹਾਂ ਹਾਂ। ਕਿਉਂਕਿ ਤਉਜਕੇ ਜਹਾਂਗੀਰੀ ਦੇ ਅੰਦਰ ਜਹਾਂਗੀਰ ਨੇ ਆਪ ਬੜੇ ਭੈੜੇ ਅੱਖਰ ਲਿਖੇ ਨੇ। ਜੇ ਕੋਈ ਰੁਕਾਵਟ ਹੈ, ਬੜਾ ਭਾਰਾ ਪਾਖੰਡ ਦਾ ਅੱਡਾ ਹੈ ਤਾਂ ਗੁਰੂ ਅਰਜਨ ਦੇ ਹੇਠ ਚਲ ਰਿਹਾ ਹੈ, ਬੜੇ ਭੈੜੇ ਸ਼ਬਦ ਨੇ ਮੈਂ ਤਾਂ ਕਹਿਣੇ ਨਹੀਂ ਚਾਹੁੰਦਾ। 100% ਖਿਲਾਫ ਸੀ।



ਸ੍ਰੀ ਗੁਰੂ ਅਰਜਨ ਦੇਵ ਜੀ ਇਕ ਅਧਿਆਤਮਿਕ ਗੁਰੂ ਹੋਣ ਦੇ ਨਾਲ ਨਾਲ ਰਾਗਾਂ ਵਿੱਚ ਕੀਰਤਨ ਕਰਨਾਂ ਜਾਣਦੇ ਸਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਸ਼ਾਮਲ ਸਾਰੀ ਬਾਣੀ ਨੂੰ ਉਨ੍ਹਾਂ ਨੇ 31 ਰਾਗਾਂ ਵਿੱਚ ਤਰਤੀਬ ਦੇਕੇ ਉਨ੍ਹਾਂ ਦੇ ਗਾਏ ਜਾਣ ਲਈ ਸੁਰਤਾਲ ਨਿਸ਼ਚਿਤ ਕੀਤੀ।

ਗੁਰੂ ਮਹਾਰਾਜ ਨੇ ਇਹ ਬਚਨ ਪਹਿਲਾਂ ਕਹਿ ਦਿਤੇ ਸੀ। ਅਖੀਰ ਇਹ ਹੋਇਆ ਕਿ ਬਗਾਵਤ ਕਰ ਦਿਤੀ ਖੁਸਰੋ ਨੇ, ਉਹ ਅਪ੍ਰੈਲ 29 ਨੂੰ ਗ੍ਰਿਫਤਾਰ ਹੋ ਜਾਂਦਾ ਹੈ ਤੇ ਉਸ ਤੋਂ ਬਾਅਦ ਜਹਾਂਗੀਰ ਲਾਹੌਰ ਪਹੁੰਚ ਜਾਂਦਾ ਹੈ। ਉਥੇ ਬੁਲਾ ਕੇ ਇਹਦੇ ਸਾਥੀਆਂ ਨੂੰ ਖੱਲਾਂ 'ਚ ਮੜ੍ਹਾ ਦਿਤਾ ਤੇ ਸੂਲੀ ਤੇ ਚਾੜ੍ਹ ਦਿਤਾ। ਇਹਨੂੰ ਦਿਖਾਇਆ ਗਿਆ ਕਿ ਆਹ ਦੇਖ ਲੈ ਤੇਰੇ ਨਾਲਦਿਆਂ ਦਾ ਕੀ ਹਾਲ ਹੋ ਰਿਹਾ ਹੈ, ਖੁਸਰੋ ਦੀਆਂ ਅੱਖਾਂ ਦੇ ਵਿਚ ਇਕ ਦਵਾਈ ਪਾ ਕੇ ਅੰਨ੍ਹਾ ਕਰ ਦਿਤਾ ਗਿਆ, ਉਸ ਤੋਂ ਬਾਅਦ ਦਿੱਲੀ ਲਿਜਾ ਕੇ ਉਸਨੂੰ ਕਤਲ ਕਰ ਦਿਤਾ ਜਾਂਦਾ ਹੈ। ਸੋ ਇਸ ਤਰ੍ਹਾਂ ਉਥੇ ਹੀ ਇਹਦੇ ਕੰਨ ਭਰ ਦਿਤੇ ਕਿ ਮਹਾਰਾਜ! ਗੁਰੂ ਅਰਜਨ ਨੇ ਇਹਦੀ ਸਹਾਇਤਾ ਕਰੀ ਹੈ।

ਉਸ ਵੇਲੇ ਉਸ ਨੇ ਹੁਕਮ ਕਰ ਦਿਤਾ ਕਿ ਗੁਰੂ ਅਰਜਨ ਪਾਤਸ਼ਾਹ ਨੂੰ ਗ੍ਰਿਫਤਾਰ ਕਰਕੇ ਮੇਰੇ ਪੇਸ਼ ਕਰੋ। ਫੌਜ ਚਲੀ ਜਾਂਦੀ ਹੈ ਤੇ ਓਧਰ ਮਹਾਰਾਜ ਜੀ ਨੇ ਭਾਈ ਗੁਰਦਾਸ ਜੀ ਨੂੰ, ਬਾਬਾ ਬੁੱਢਾ ਜੀ ਤੇ ਹੋਰ ਪ੍ਰਮੁੱਖ ਗੁਰਸਿੱਖਾਂ ਨੂੰ ਬੁਲਾਇਆ ਤੇ ਕਹਿਣ ਲੱਗੇ ਦੇਖੋ, ਅਸੀਂ ਲਾਹੌਰ ਜਾਣਾ ਹੈ, ਤੇ ਮੁੜ ਕੇ ਨਹੀਂ ਅਸੀਂ ਆਉਣਾ, ਉਥੇ ਹੀ ਸਾਡਾ ਸੀਸ ਲਗ ਜਾਣਾ ਹੈ।

ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਗੱਦੀ ਦੇ ਦਿਤੀ ਤੇ ਨਾਲ ਹੁਕਮ ਕਰ ਦਿਤਾ ਕਿ ਹੁਣ ਸ਼ਸਤਰ ਸੰਭਾਲਣਾ ਹੈ ਹੁਣ ਸਮਾਂ ਐਸਾ ਆ ਗਿਆ ਕਿ ਆਪਣੀ ਅਣਖ ਵਾਸਤੇ, ਜੀਉਣ ਵਾਸਤੇ ਸ਼ਸਤਰ ਦੀ ਲੋੜ ਹੈ। ਐਵੇਂ ਮੁਰਗੀਆਂ ਵਾਂਗੂੰ ਕਟਾਉਣ ਦੀ ਲੋੜ ਨਹੀਂ ਹੈ। ਕਿਉਂਕਿ ਇਨ੍ਹਾਂ ਦੀ ਆਤਮਾ ਜਾਗਦੀ ਨਹੀਂ। ਮੈਂ ਜਾ ਰਿਹਾ ਹਾਂ, ਇਨ੍ਹਾਂ ਦੀ ਆਤਮਾ ਜਗਾਉਣ ਵਾਸਤੇ। ਪਰ ਐਨਾ ਅੰਧਕਾਰ ਛਾ ਗਿਆ, ਅਨਿਆ ਦਾ ਐਨਾ ਵੱਡਾ ਗੁਬਾਰ ਚੜ੍ਹ ਗਿਆ ਕਿ ਇਹਦੇ ਵਿਚ ਪ੍ਰਕਾਸ਼ ਨਹੀਂ ਹੋ ਸਕਦਾ। ਸੋ ਰਾਖੀ ਵਾਸਤੇ ਸ਼ਸਤਰਾਂ ਦੀ ਲੋੜ ਹੈ। ਸ਼ਸਤਰਧਾਰੀ ਹੋਣਾ ਪੈਣਾ ਹੈ। ਉਸ ਵੇਲੇ ਸਿੱਖੀ ਦਾ ਜਿਹੜਾ ਚਲਣ ਸੀ ਥੋੜ੍ਹਾ ਬਦਲਿਆ।



**ਪੋਥੀ ਪਰਮੇਸਰ ਕਾ ਥਾਨੁ, ਗੁਰੂ ਸਾਹਿਬ, ਬਾਬਾ ਮੋਹਨ ਜੀ ਵੱਲੋਂ ਭੇਜੀਆਂ ਗੁਰਬਾਨੀ ਦੀਆਂ ਪੋਥੀਆਂ ਪ੍ਰਾਪਤ ਕਰ ਰਹੇ ਹਨ।**

ਗੁਰੂ ਮਹਾਰਾਜ ਜੀ ਉਸ ਵੇਲੇ ਪੰਜ ਗੁਰਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਜਾਂਦੇ ਨੇ, ਆਪ ਦੇ ਨਾਲ ਪੰਜ ਗੁਰਸਿੱਖ ਭਾਈ ਪ੍ਰਾਣਾ, ਭਾਈ ਲੰਗਾਹਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਪੰਜਾਂ ਦੇ ਨਾਲ ਭਾਈ ਸੰਧੂ ਦੇ ਘਰ ਚਲੇ ਜਾਂਦੇ ਨੇ। ਕਿਉਂਕਿ ਉਹ ਬਹੁਤ ਦੇਰ ਦਾ ਇੰਤਜ਼ਾਰ ਕਰਦਾ ਸੀ। ਜਦੋਂ ਦਰਬਾਰ ਸਾਹਿਬ ਤੋਂ ਚੱਲਣ ਲੱਗਦੇ ਨੇ ਉਸ ਵੇਲੇ ਆਪ ਨੇ ਮਾਤਾ ਗੰਗਾ ਜੀ ਨਾਲ ਬਾਤ ਕਰੀ ਕਹਿਣ ਲੱਗੇ ਦੇਖੋ ਅਸੀਂ ਹੁਣ ਆਉਣਾ ਨਹੀਂ ਹੈ, ਭਾਣਾ ਵਰਤਣਾ ਹੈ, ਤੁਸੀਂ ਸਾਹਿਬਜ਼ਾਦੇ ਦਾ ਪਿਛੋਂ ਧਿਆਨ ਰੱਖਣਾ ਹੈ। ਐਸ ਤਰ੍ਹਾਂ ਸਿੱਖੀ ਚਲਾਉਣੀ ਹੈ, ਸਾਰੀਆਂ ਹਦਾਇਤਾਂ ਦੇ ਦਿਤੀਆਂ।

ਸੋ ਮਾਤਾ ਜੀ ਕਹਿਣ ਲੱਗੇ ਪਾਤਸ਼ਾਹ! ਬਹੁਤ ਮੁਸ਼ਕਲ ਹੈ, ਨੇਤਰ ਭਰ ਗਏ, ਬੋਲਿਆ ਨਹੀਂ ਜਾਂਦਾ, ਕਹਿੰਦੇ ਕਿਵੇਂ ਹੋਏਗਾ?

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***
***ਅੰਗ - ੭੦੮***

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥***
***ਅੰਗ - ੮੩***

ਵਿਛੋੜਾ ਨਹੀਂ ਮੇਰੇ ਤੋਂ ਸਹਿ ਹੋਣਾ, ਅੱਛਾ ਹੈ ਕਿ ਮੇਰੇ ਪ੍ਰਾਣ ਪੰਖੇਰੂ ਤੁਹਾਡੇ ਸਾਮ੍ਹਣੇ ਹੀ ਉਡਾਰੀ ਮਾਰ ਜਾਣ। ਕਹਿਣ ਲੱਗੇ, ਦੇਖੋ ਸੰਸਾਰ ਤੇ ਜੋ ਵੀ ਆਇਆ ਹੈ ਉਸ ਨੇ ਜਾਣਾ ਹੀ ਜਾਣਾ ਹੈ। ਪਹਿਲਾ ਲੇਖ ਇਹ ਲਿਖਿਆ ਜਾਂਦਾ ਹੈ ਕਿ ਐਨੀ ਦੇਰ ਇਹ ਰਹੇਗਾ ਸੰਸਾਰ ਤੇ, ਐਸ ਕਾਰਨ ਨਾਲ, ਐਸ ਦਿਨ, ਐਸ ਥਾਂ ਦੇ ਉਤੇ ਆਹ ਘਟਨਾ ਵਾਪਰੇਗੀ, ਜਿਹਦੇ ਨਾਲ ਇਹ ਵਾਪਸ ਆ ਜਾਏਗਾ।

ਸੋ ਸੰਸਾਰ ਤੇ ਧਿਆਨ ਦੇ ਲਓ ਵੱਡੇ-ਵੱਡੇ ਆਏ ਨੇ। ਕੋਈ ਰਿਹਾ ਹੈ ਇਸ ਅਸਥਾਨ ਤੇ ਉਤੇ? ਵਿਚਾਰ ਦੇ ਨਾਲ ਗੱਲ ਸੋਚੋ -

***ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,***

***ਭ੍ਰਮ ਹੀ ਤੇ ਹੁਇਕੈ ਫੇਰੇ ਭ੍ਰਮ ਹੀ ਮਿਲਏ ਹੈਂ॥***

ਕਹਿਣ ਲੱਗੇ ਵਿਚਾਰ ਕਰੋ, ਸੰਸਾਰ ਤੇ ਕੋਈ ਨਹੀਂ ਰਿਹਾ ਆਹ ਨਛੱਤਰ ਵੀ ਚਲੇ ਜਾਣੇ ਨੇ, ਧਰਤੀ ਵੀ ਚਲੀ ਜਾਣੀ ਹੈ, ਸੂਰਜ ਵੀ ਚਲਿਆ ਜਾਣਾ ਹੈ, ਚੰਦਰਮਾ ਵੀ ਚਲਿਆ ਜਾਣਾ ਹੈ, ਸਮੁੰਦਰ ਨੇ ਵੀ ਖਤਮ ਹੋ ਜਾਣਾ ਹੈ, ਪਹਾੜਾਂ ਨੇ ਵੀ ਖਤਮ ਹੋ ਜਾਣਾ ਹੈ।

ਇਹ ਤਾਂ ਸਾਰਾ ਕਾਲ ਵਿਚ ਲੀਨ ਹੋ ਜਾਣਾ ਹੈ, ਮੁੜ ਕੇ ਕੋਈ ਆਉਂਦਾ ਨਹੀਂ, ਆਪਣਾ ਆਪਣਾ ਹੈ, ਜੋ part ਦਿਤਾ ਹੋਇਆ ਹੈ ਪ੍ਰਭੂ ਨੇ ਉਹ ਪੂਰਾ ਕਰਕੇ ਚਲੇ ਜਾਣਾ ਹੈ। ਸੋ ਏਸ ਗੱਲ ਦਾ ਤੁਸੀਂ ਮਨ ਵਿਚ ਨਾ ਕਰੋ। ਵਿਚਾਰ ਦੇ ਨਾਲ ਰਹੋ। ਸੋ ਇਸ ਤਰ੍ਹਾਂ ਨਾਲ ਸਮਝਾ ਕੇ ਆਪ ਪੰਜ ਪ੍ਰਕਰਮਾ ਦਰਬਾਰ ਸਾਹਿਬ ਦੀਆਂ ਕੀਤੀਆਂ, ਮਸਤਕ ਨਿਵਾਇਆ, ਉਸ ਤੋਂ ਬਾਅਦ ਬਹੁਤ ਸੰਗਤ ਨਾਲ ਚੱਲ ਪਈ, ਉਹ ਵਾਪਸ ਭੇਜ ਦਿਤੀ ਗਈ। ਕੇਵਲ ਪੰਜ ਗੁਰਸਿੱਖਾਂ ਨੂੰ ਹੀ ਨਾਲ ਲੈ ਕੇ ਲਾਹੌਰ ਨੂੰ ਜਾਂਦੇ ਹਨ।



**ਸ੍ਰੀ ਗੁਰੂ ਅਰਜਨ ਦੇਵ ਜੀ ਰਾਮਸਰ ਦੇ ਕੰਢੇ, ਭਾਈ ਗੁਰਦਾਸ ਜੀ, ਜੋ ਸਿੱਖ ਧਰਮ ਦੇ ਮਹਾਨ ਵਿਦਵਾਨ ਅਤੇ ਵਿਆਖਿਆਕਾਰ ਸਨ, ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ (ਉਸ ਵੇਲੇ ਪੋਥੀ ਸਾਹਿਬ) ਵਿੱਚ ਪਵਿੱਤਰ ਸ਼ਬਦ ਲਿਖਵਾਉਂਦੇ ਹੋਏ।**

ਮਹਾਰਾਜ ਜੀ ਨੇ ਅਰਥਮੱਲ ਜੀ ਨੂੰ ਸੁਨੇਹਾ ਭੇਜ ਦਿਤਾ, ਜੋ ਬਾਬਾ ਅਮਰਦਾਸ ਜੀ ਦੇ ਖਾਨਦਾਨ 'ਚੋਂ ਸੀਗੇ ਕਿ ਸਾਨੂੰ ਲਾਹੌਰ ਮਿਲੋ। ਲਾਹੌਰ ਉਸ ਗੁਰਸਿੱਖ ਦੇ ਜੋ ਪਪੀਹੇ ਵਾਂਗੂੰ ਇਨ੍ਹਾਂ ਦੇ ਦਰਸ਼ਨਾਂ ਨੂੰ ਤਰਸਦਾ ਸੀ, ਉਥੇ ਚਲੇ ਗਏ। ਉਥੇ ਹੀ ਅਰਥਮੱਲ ਜੀ ਆ ਗਏ। ਦੱਸਿਆ ਕਿ ਅਸੀਂ ਭਾਣਾ ਵਰਤਾਉਣਾ ਹੈ। ਕਹਿਣ ਲੱਗੇ, ਮਹਾਰਾਜ! ਐਸਾ ਭਾਣਾ ਨਾ ਵਰਤਾਓ। ਕਹਿੰਦੇ ਜ਼ਰੂਰੀ ਹੈ ਇਹ ਵਰਤਾਉਣਾ।

ਅਰਥਮੱਲ ਜੀ ਨੇ ਕਿਹਾ ਕਿ ਤੁਸੀਂ ਸਮਰੱਥ ਪੁਰਸ਼ ਹੋਂ, ਟਾਲ ਵੀ ਸਕਦੇ ਹੋਂ ਇਹਨੂੰ, ਕੋਈ ਔਖੀ ਗੱਲ ਨਹੀਂ ਹੈ। ਐਨਾ ਕਸ਼ਟ ਸਰੀਰ ਤੇ ਸਹੋਂਗੇ?

ਕਹਿੰਦੇ, ਹਾਂ ਇਹ ਸਾਨੂੰ ਸਹਿਣਾ ਪੈਣਾ ਹੈ ਕਿਉਂਕਿ ਸਾਡੇ ਪਿਛੋਂ ਜੋ ਗੁਰਸਿੱਖੀ ਦੀ ਲੜੀ ਚੱਲਣੀ ਹੈ, ਉਹਦੇ ਵਿਚ ਸ਼ਹਾਦਤ ਜਿਹੜੀ ਹੈ ਉਹ ਅਵੱਸ਼ ਦੇਣੀ ਪੈਣੀ ਹੈ। ਬੇਅੰਤ ਸ਼ਹਾਦਤਾਂ ਦੇਣੀਆਂ ਪੈਣੀਆਂ ਨੇ। ਜਦੋਂ ਅਸੀਂ ਦੇਵਾਂਗੇ, ਸਾਨੂੰ ਦੇਖ ਕੇ ਉਨ੍ਹਾਂ ਦਾ ਹੌਂਸਲਾ ਬੁਲੰਦ ਹੋਏਗਾ, ਉਹ ਵੀ ਸ਼ਹਾਦਤ ਦੇ ਦੇਣਗੇ। ਸੱਚ ਦੀ ਗਵਾਹੀ ਦੇਣੀ ਹੈ। ਸਰੀਰ ਨਿਛਾਵਰ ਕਰਨਾ ਹੈ, ਕੁਰਬਾਨ ਕਰਨਾ ਹੈ। ਸੋ ਇਸ ਕਰਕੇ ਸਾਨੂੰ ਇਹ ਸਾਰੀ ਖੇਲ੍ਹ ਕਰਨੀ ਪੈਣੀ ਹੈ, ਮਹਾਰਾਜ ਕਹਿੰਦੇ ਫੇਰ ਮੈਂ ਵੀ ਤੁਹਾਡੇ ਨਾਲ ਹੀ ਚਲਦਾ ਹਾਂ, ਕਹਿੰਦੇ ਨਹੀਂ। 40 ਦਿਨ ਅਜੇ ਤੁਹਾਡੇ ਬਚਦੇ ਨੇ, ਤੁਸੀਂ 40 ਦਿਨ ਹੋਰ ਠਹਿਰੋ, ਫੇਰ ਤੁਸੀਂ ਆ ਜਾਣਾ। ਅਸੀਂ ਕੱਲ੍ਹ ਨੂੰ ਜਾਣਾ ਹੈ ਫੇਰ ਵਾਪਸ ਨਹੀਂ ਆਉਣਾ, ਫੇਰ ਮਿਲਣਾ ਨਹੀਂ ਹੈ। ਉਥੇ ਹੀ ਭਾਣਾ ਵਰਤਣਾ ਹੈ।

ਸੋ ਮਹਾਰਾਜ ਜੀ ਦੀ ਦੂਸਰੇ ਦਿਨ ਪੇਸ਼ੀ ਹੁੰਦੀ ਹੈ ਕਿ ਤੁਹਾਡੇ ਪਾਸ ਚੋਰ ਰਹਿੰਦੇ ਨੇ। ਮਹਾਰਾਜ ਕਹਿੰਦੇ ਸਾਡੇ ਪਾਸ ਤਾਂ ਸਾਰੇ ਸਾਧੂ ਨੇ। ਸਾਡੇ ਕੋਲ ਤਾਂ ਆ ਕੇ ਡਾਕੂ ਵੀ, ਚੋਰ ਵੀ ਸਾਧੂ ਬਣ ਜਾਂਦੇ ਨੇ। ਇਹ ਦਰ ਹੀ ਐਸਾ ਹੈ ਇਥੇ ਜੋ ਵੀ ਆਇਆ ਸਾਧੂ ਬਣ ਗਿਆ। ਡਾਕੇ ਮਾਰਦੇ ਨੇ, ਚੋਰੀਆਂ ਕਰਦੇ ਨੇ, ਮਹਾਰਾਜ ਕਹਿੰਦੇ ਚੋਰੀਆਂ ਧਨ ਦੀਆਂ ਨਹੀਂ ਕਰਦੇ। ਸੱਚੇ ਧਨ ਦੀਆਂ ਕਰਦੇ ਨੇ। ਜਦੋਂ ਸੰਸਾਰ ਸੁੱਤਾ ਪਿਆ ਹੁੰਦਾ ਹੈ, ਅੰਮ੍ਰਿਤ ਵੇਲੇ ਜਾਗਦੇ ਨੇ, ਇਸ਼ਨਾਨ ਕਰਦੇ ਨੇ, ਉਸ ਵੇਲੇ ਚੌਂਕੜੀ ਮਾਰ ਕੇ ਨਾਮ ਧਨ ਖੱਟਦੇ ਨੇ। ਸੰਸਾਰ ਦੀਆਂ ਚੋਰੀਆਂ ਇਨ੍ਹਾਂ ਨੇ ਕੀ ਕਰਨੀਆਂ ਨੇ, ਡਾਕੇ ਕੀ ਮਾਰਨੇ ਨੇ।

ਕਹਿਣ ਲੱਗੇ, ਤੁਸੀਂ ਖੁਸਰੋ ਨੂੰ ਮਦਦ ਦਿਤੀ ਹੈ?

ਮਹਾਰਾਜ ਕਹਿੰਦੇ, ਗੁਰੂ ਨਾਨਕ ਦਾ ਲੰਗਰ ਸਭ

ਵਾਸਤੇ ਖੁਲ੍ਹਾ ਹੈ। ਤੁਹਾਡੇ ਦਾਦਾ ਜੀ, ਤੁਹਾਡੇ ਪਿਤਾ ਜੀ ਵੀ ਇਥੇ ਪ੍ਰਸ਼ਾਦਾ ਛਕਦੇ ਰਹੇ, ਬੜੀ ਸ਼ਰਧਾ ਦੇ ਨਾਲ। ਤੁਸੀਂ ਵੀ ਏਸ ਘਰ ਨੂੰ ਜਾਣਦੇ ਹੋਂ, ਤੁਸੀਂ ਵੀ ਜਾਣਦੇ ਹੋਂ, ਇਹ ਗੁਰੂ ਨਾਨਕ ਦਾ ਘਰ ਹੈ, ਜਿਹਨੇ ਬਰਕਤ ਕੀਤੀ ਹੈ। ਜਿਹਨੇ ਤੁਹਾਨੂੰ ਭਾਰਤ ਵਰਸ਼ ਦਾ ਰਾਜ ਦੁਆਇਆ। ਬਚਨ ਲਿਆ ਸੀ ਕਿ ਤੁਸੀਂ ਨੇਕ ਕਦਮ ਚੱਲਿਓ, ਸਾਰਿਆਂ ਨੂੰ ਇਕ ਅੱਖ ਦੇ ਨਾਲ ਦੇਖਿਓ। ਫਰਕ ਨਾ ਪਾਇਓ ਕਿ ਇਹ ਹਿੰਦੂ ਹੈ ਇਹ ਮੁਸਲਮਾਨ ਹੈ, ਇਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਦੇਈਏ। ਪਰ ਨਾਲ ਇਹ ਗੱਲ ਕਹੀ ਸੀ ਕਿ ਰਾਜਾ ਜਦੋਂ ਤਖਤ ਤੇ ਬੈਠਦਾ ਹੈ, ਉਹ ਦੈਂਤ ਬਣ ਜਾਂਦਾ ਹੈ। ਉਸ ਵੇਲੇ ਰਾਖਸ਼ਸ਼ ਬਣ ਜਾਂਦਾ ਹੈ ਅਸੀਂ ਫੇਰ ਆਪਣੇ ਸੀਸ ਦੇ ਕੇ ਗੱਦੀ ਵਾਪਸ ਲੈ ਲਵਾਂਗੇ। ਸੋ ਹੁਣ ਅਨਿਆ ਹੋ ਰਿਹਾ ਹੈਂ, ਵਿਤਕਰਾ ਸ਼ੁਰੂ ਹੋ ਗਿਆ, ਪਿਤਾ ਦੀ ਤੁਹਾਡੇ ਜੋ policy ਸੀ ਉਹਨੂੰ ਉਲੰਘਣਾ ਸ਼ੁਰੂ ਕਰ ਦਿਤਾ। ਸੋ ਇਹ ਗੱਲ ਕੋਈ ਅੱਛੀ ਨਹੀਂ ਹੈ। ਖੁਸਰੋ ਹੈ ਉਹ ਪਹਿਲਾਂ ਵੀ ਆਇਆ ਹੈ, ਹੁਣ ਵੀ ਪ੍ਰਸ਼ਾਦਾ ਛਕ ਗਿਆ ਲੰਗਰ 'ਚ। ਛਕ ਗਿਆ ਜਾਂ ਨਾ ਛਕ ਗਿਆ, ਕਿਉਂਕਿ ਅਸੀਂ ਤਾਂ ਅੰਮ੍ਰਿਤਸਰ ਸੀ, ਤਰਨ ਤਾਰਨ ਦੇ ਕੋਲ ਦੀ ਲੰਘਿਆ ਉਹ ਗੋਇੰਦਵਾਲ ਦੇ ਪੱਤਣ ਤੋਂ। ਸਾਡਾ ਉਹਦੇ ਨਾਲ ਤੁਅਲਕ ਨਹੀਂ।

ਫੇਰ ਕਹਿੰਦੇ ਤੁਸੀਂ, ਧਰਮ ਪੁਸਤਕ ਬਣਾਈ ਹੈ?

ਨਾਲ ਦਾ ਕਹਿਣ ਲੱਗਿਆ ਕਿ ਉਹ ਪੁਸਤਕ ਦੇ ਵਿਚ ਤੁਸੀਂ ਮੁਹੰਮਦ ਸਾਹਿਬ ਦੀ ਤਾਰੀਫ ਲਿਖ ਦਿਓ। ਮਹਾਰਾਜ ਕਹਿੰਦੇ ਅਸੀਂ ਤਾਂ ਨਹੀਂ ਬਣਾਈ, ਇਹ ਜਿਵੇਂ ਪੈਗੰਬਰ ਨੂੰ ਫਰਿਸ਼ਤੇ ਦੇ ਰਾਹੀਂ ਸੁਨੇਹਾ ਆਉਂਦਾ ਸੀ ਪ੍ਰਮੇਸ਼ਰ ਦਾ ਇਹ ਜੋ ਬਾਣੀ ਹੈ, ਇਹ ਕਿਸੇ ਦੀ ਕਿਰਤ ਨਹੀਂ ਹੈ।

ਬੜਾ ਫਰਕ ਹੈ ਅੱਜਕਲ੍ਹ ਦੇ ਜਿਹੜੇ ਬੁੱਧੀਜੀਵੀ ਨੇ, ਪਤਾ ਨਹੀਂ ਤਾਂ ਇਨ੍ਹਾਂ ਨੂੰ ਗਿਆਨ ਨਹੀਂ ਹੈ, ਗੁਰੂ ਸਾਹਿਬ ਨੂੰ ਕਵੀ ਲਿਖੀ ਜਾਂਦੇ ਨੇ। ਕਿਵੇਂ ਸਮਝਾਵੇ ਇਨ੍ਹਾਂ ਬੰਦਿਆਂ ਨੂੰ, ਕਲਮਾਂ ਇਨ੍ਹਾਂ ਦੇ ਹੱਥਾਂ ਵਿਚ ਆ ਗਈਆਂ, ਸਿੱਖੀ ਦਾ ਸਤਿਨਾਸ ਕਰ ਦੇਣਗੇ। ਉਹ ਕਹਿੰਦੇ ਨੇ ਕਿ ਸੰਤ ਕਰ ਰਹੇ ਨੇ ਸਿੱਖੀ ਦਾ ਨਾਸ਼। ਉਨ੍ਹਾਂ ਨੂੰ ਪੁੱਛੋ ਕਿ ਤੁਸੀਂ ਕਿਸੇ ਇਕ ਬੰਦੇ ਨੂੰ ਵੀ ਅੰਮ੍ਰਿਤ ਛਕਾਇਆ ਹੈ, ਕਿ ਇਥੇ ਹੀ ਕੁਰਸੀਆਂ ਮੇਜ਼ਾਂ ਤੇ ਬੈਠ ਕੇ ਰੌਲਾ ਪਾਈ ਜਾਂਦੇ ਓਂ। ਸੰਤ ਦਿਨ ਰਾਤ ਲੰਗਰ ਚਲਾਉਂਦੇ ਨੇ, ਦਿਨ ਰਾਤ ਤੁਰੇ ਫਿਰਦੇ ਨੇ। ਕੋਈ ਤਨਖਾਹ ਨਹੀਂ ਲੈਂਦੇ, ਕੋਈ personal ਜਾਇਦਾਦ ਨਹੀਂ ਬਣਾਉਂਦੇ। ਸਾਰੀ ਜਾਇਦਾਦ ਸਾਂਝੀ ਬਣਾ ਕੇ ਦਿੰਦੇ ਨੇ, ਨੇਕ ਕੰਮ ਚਲ ਰਹੇ ਨੇ, ਕਿਤੇ ਹਸਪਤਾਲ ਚਲ ਰਹੇ ਨੇ, ਕਿਸੇ ਸਕੂਲ ਚਲ ਰਹੇ ਨੇ, ਕਿਤੇ ਲੰਗਰ ਚਲ ਰਹੇ ਨੇ, ਕਿਸੇ ਜਿਨ੍ਹਾਂ ਬਿਰਧਾਂ ਨੂੰ ਥਾਂ ਨਹੀਂ ਉਹ ਦਿੰਦੇ ਨੇ, ਉਹ ਸਿੱਖੀ ਦਾ ਸਤਿਆਨਾਸ਼ ਕਰਦੇ ਨੇ ਤੇ ਤੁਸੀਂ ਜਿਹੜੇ ਕੁਰਸੀਆਂ ਤੇ ਬੈਠ ਕੇ ਕਲਮਾਂ ਘਸਾਉਂਦੇ ਓਂ ਤੁਸੀਂ ਕੀ ਭਲਾ ਕਰ ਰਹੇ ਹੋਂ। ਮਾੜਾ ਜਿਹਾ ਲੇਖ ਲਿਖਣਾ ਪੈ ਜਾਏ, ਕਹਿਣਗੇ 1500 ਦਿਓ ਸਾਡਾ।



ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗ੍ਰੰਥ ਸਾਹਿਬ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਪਹਿਲੀ ਅਗਸਤ 1604 ਵਿੱਚ ਪੂਰਾ ਕੀਤਾ ਅਤੇ ਪਵਿੱਤਰ ਗਰੰਥ ਦਾ ਬਾਕਾਇਦਾ ਮਰਿਯਾਦਾ ਨਾਲ 16 ਅਗਸਤ 1604 ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਗਿਆ।

ਸੋ ਇਸ ਤਰ੍ਹਾਂ ਉਲਟ-ਪੁਲਟ ਗੱਲਾਂ ਸੰਸਾਰ ਦੇ ਅੰਦਰ ਹੁੰਦੀਆਂ ਨੇ ਤੇ ਗੁਰੂਆਂ ਨੂੰ ਕਵੀ ਕਹਿੰਦੇ ਨੇ। ਕਵੀ ਹੁੰਦਾ ਹੈ ਜਿਹਦੀ ਪਹੁੰਚ ਬੁੱਧੀ ਮੰਡਲ ਤੱਕ ਹੋਵੇ। ਉਹ ਕਵਿਤਾ ਲਿਖਦਾ ਹੈ, ਉਹਦੀ ਕਵਿਤਾ ਦੇ ਵਿਚ ਕਾਂਟ-ਛਾਂਟ ਹੋਏਗੀ, ਲਿਖੇਗਾ ਫੇਰ ਕੱਟੇਗਾ ਕਿ ਇਹ ਸਹੀ ਨਹੀਂ ਲਿਖਿਆ ਗਿਆ, ਲਾਈਨ ਬਦਲੇਗਾ। ਇਹ ਜਿਹੜੀ ਬਾਣੀ ਹੈ ਇਹ ਕਵਿਤਾ ਨਹੀਂ ਹੈ। ਇਹ ਤਾਂ ਬਾਣੀ ਆਉਂਦੀ ਹੈ,

ਘਟਨਾ ਤੋਂ 13 ਸਾਲ ਪਹਿਲਾਂ ਹੀ ਆਈ ਸੀ -


***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ - ੭੨੨***

ਜਿਸ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਸੀ -

***ਕਾਇਆ ਕਪੜੁ ਟੁਕੁ ਟੁਕੁ ਹੋਸੀ***
***ਹਿਦੁਸਤਾਨੁ ਸਮਾਲਸੀ ਬੋਲਾ ॥***
***ਆਵਨਿ ਅਠਤਰੈ ਜਾਨਿ ਸਤਾਨਵੈ***
***ਹੋਰੁ ਭੀ ਉਠਸੀ ਮਰਦ ਕਾ ਚੇਲਾ ॥***
***ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥***
***ਅੰਗ -੭੨੩***

ਬਾਣੀ ਆ ਗਈ ਤੇਰਾ ਸਾਲ ਪਹਿਲਾਂ, 13 ਸਾਲ ਪਹਿਲਾਂ ਲਿਖ ਦਿਤੀ। ਇਹਨੂੰ ਇਲਹਾਮ ਕਹਿੰਦੇ ਨੇ, ਧੁਰ ਤੋਂ ਦਰਗਾਹ ਤੋਂ ਆਉਂਦੇ ਨੇ। ਆਪੇ ਰਚੀ ਹੋਈ ਕਵਿਤਾ ਜਿਹੜੀ ਹੈ, ਡਾ. ਸਵਾਮੀ ਜੀ ਲਿਖਦੇ ਨੇ ਕਿ ਮੈਂ ਟੈਗੋਰ ਦੇ ਕੋਲ ਕਾਫੀ ਦੇਰ ਰਿਹਾ, ਗੀਤਾਂਜਲੀ ਉਨ੍ਹਾਂ ਦੀ ਬੜੀ ਮਸ਼ਹੂਰ ਪੁਸਤਕ ਸੀ। ਕਹਿੰਦੇ, ਉਹ ਜਦੋਂ ਲਿਖਦੇ ਸੀ, ਲਿਖਦੇ-ਲਿਖਦੇ ਲਾਈਨ ਕੱਟ ਦੇਣੀ, ਫੇਰ ਅਗਲੀ ਲਿਖ ਦਿਤੀ ਉਹ ਵੀ ਕੱਟ ਦਿਤੀ, ਰਾਤ ਨੂੰ ਰੱਖ ਦਿਤੀ, ਸਵੇਰੇ ਉਠ ਕੇ ਸਾਰੀ ਹੀ ਕੱਟ ਦਿਤੀ। ਨਵੀਂ ਲਿਖ ਦਿਤੀ। ਇਹ ਤਾਂ ਹੁੰਦੀ ਹੈ ਕਵਿਤਾ। ਜਿਹੜੀ ਬਾਣੀ ਹੈ ਇਹ ਤਾਂ ਆਈ ਜਾਂਦੀ ਹੈ, ਮਰਦਾਨਾ ਰਬਾਬ ਵਜਾ ਰਿਹਾ ਹੈ, ਗੁਰੂ ਨਾਨਕ ਮਹਾਰਾਜ ਦੀ ਪਵਿੱਤਰ ਰਸਨਾ ਤੋਂ ਬਾਣੀ ਦਾ ਉਚਾਰਨ ਹੋ ਰਿਹਾ ਹੈ, ਬਾਣੀ ਆ ਰਹੀ ਹੈ ਉਹ ਬੋਲ ਰਹੇ ਨੇ।

ਕਹਿਣ ਲੱਗੇ, ਇਹ ਤਾਂ ਦਰਗਾਹ ਦੀ ਹੈ। ਜੇ ਦਰਗਾਹ ਦੇ ਵਿਚੋਂ ਮੁਹੰਮਦ ਸਾਹਿਬ ਆਉਂਦਾ ਜ਼ਰੂਰ ਲਿਖਿਆ ਜਾਂਦਾ ਪਰ ਇਹ ਤਾਂ ਸਾਰੀ ਰੂਹਾਨੀ ਚੀਜ਼ ਹੈ, ਕਿਸੇ ਦਾ ਵੀ ਨਹੀਂ ਲਿਖਿਆ ਹੋਇਆ ਇਹਦੇ ਵਿਚ ਕੁਛ ਵੀ। ਸੋ ਇਸ ਤਰ੍ਹਾਂ ਦੇ ਬਚਨ ਬਿਲਾਸ ਤੋਂ ਬਾਅਦ ਮਹਾਰਾਜ ਨੂੰ ਸਜ਼ਾ ਸੁਨਾ ਦਿਤੀ। ਯਾਸ਼ਾ ਦੀ। ਯਾਸ਼ਾ ਇਕ ਕਾਨੂੰਨ ਸੀ ਕਿ ਐਸੇ ਤਰੀਕੇ ਨਾਲ ਮਾਰਿਆ ਜਾਵੇ, ਖ਼ੂਨ ਨਾ ਉਸ ਦਾ ਨਿਕਲੇ। ਚਾਹੇ ਭੁੱਖਾ ਰੱਖ ਕੇ, ਚਾਹੇ ਕਿਸੇ ਹੋਰ ਢੰਗ ਨਾਲ, ਚਾਹੇ ਪਾਣੀ ਵਿਚ ਡੁਬੋ ਕੇ, ਚਾਹੇ ਤੱਤੀਆਂ ਤਵੀਆਂ ਤੇ ਬਿਠਾ ਕੇ, ਉਬਲਦੇ ਬਾਣੀ ਵਿਚ ਮਾਰਿਆ ਜਾਵੇ। ਕਿਉਂਕਿ ਉਹਦੇ ਵਿਚ ਇਕ 'ਅ' ਸੀ ਕਿ ਸਾਧੂ ਸੰਤ ਦਾ ਖ਼ੂਨ ਡੁੱਲ੍ਹ ਜਾਵੇ ਤਾਂ ਦੋਸ਼ ਲਗੇਗਾ, ਖ਼ੂਨ ਨਹੀਂ ਡੁਲ੍ਹਣ ਦੇਣਾ। ਸੋ ਯਾਸ਼ਾ ਦੇ ਕਾਨੂੰਨ ਦੇ ਮੁਤਾਬਿਕ ਸਜ਼ਾ ਦਿਤੀ ਜਾਂਦੀ ਹੈ, ਬੜਾ ਜੰਗਲੀ ਕਾਨੂੰਨ ਹੈ।



**ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੇ ਇੱਕ ਬਹੁਤ ਹੀ ਸਨਮਾਨਿਤ ਮੁਸਲਿਮ ਸੂਫੀ ਸੰਤ, ਹਜ਼ਰਤ ਮੀਆਂ ਮੀਰ ਕੋਲੋਂ ਹੋਰ ਕਈ ਧਰਮਾਂ ਦੇ ਪਵਿੱਤਰ ਸੰਤਾਂ ਦੀ ਮੌਜੂਦਗੀ ਵਿੱਚ , ਅੰਮ੍ਰਿਤਸਰ ਵਿੱਚ 28 ਦਸੰਬਰ 1588 ਨੂੰ ਹਰਿਮੰਦਰ ਸਾਹਿਬ (ਪਰਮਾਤਮਾ ਦਾ ਮੰਦਰ) ਦੀ ਨੀਂ ਰਖਵਾ ਰਹੇ ਹਨ।**

ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੂੰ ਇਹ ਲੈ ਜਾਂਦਾ ਹੈ, ਉਥੇ ਜਾ ਕੇ ਚੰਦੂ ਨੇ ਫੇਰ ਕਿਹਾ ਕਿ ਦੇਖੋ, ਗੱਲ ਸਾਰੀ ਹੋ ਸਕਦੀ ਹੈ, ਅਜੇ ਵੀ ਲੜਕੀ ਦਾ ਰਿਸ਼ਤਾ ਲੈ ਲਓ, ਕੁਆਰੀ ਹੈ ਉਹ। ਮਹਾਰਾਜ ਕਹਿੰਦੇ, ਜਿਹੜਾ ਬਚਨ ਅਸੀਂ ਇਕ ਵਾਰੀ ਕਹਿਣਾ ਸੀ ਕਹਿ ਦਿਤਾ, ਹੁਣ ਤੂੰ ਕਿਉਂ ਵਿਚ ਲਿਆਉਂਦਾ ਹੈਂ। ਠੀਕ ਹੈ ਸਜ਼ਾ ਉਥੋਂ ਹੋਈ, ਤੂੰ ਭੁਗਤਾਉਣ ਦਾ ਜ਼ਿੰਮਾ ਲਿਆ ਹੈ, ਤੂੰ ਆਪਣਾ ਕੰਮ ਕਰ।

ਉਹਦੇ ਮੁਤਾਬਿਕ ਹੁਕਮ ਦੇ ਦਿਤਾ ਕਿ ਇਨ੍ਹਾਂ ਨੂੰ ਖੜ੍ਹੇ ਰੱਖਿਆ ਜਾਵੇ, ਧੁੱਪ ਵਿਚ। ਪਾਣੀ ਨਾ ਦਿਤਾ ਜਾਵੇ, ਪ੍ਰਸ਼ਾਦਾ ਨਾ ਦਿਤਾ ਜਾਵੇ, ਪ੍ਰਸ਼ਾਦਾ ਨਾ ਦਿਤਾ ਜਾਵੇ। ਸਾਰੀ ਰਾਤ, ਸਾਰਾ ਦਿਨ, ਦੋ ਦਿਨ ਇਸ ਤਰ੍ਹਾਂ ਲੰਘਾ ਦਿਤੇ। ਉਸ ਤੋਂ ਬਾਅਦ ਤੀਸਰਾ ਦਿਨ ਹੋਇਆ, ਸਜ਼ਾ ਬਦਲ ਦਿਤੀ, ਵੱਡਾ ਦੇਗਾ ਮੰਗਾ ਲਿਆ, ਪਾਣੀ ਨਾਲ

ਭਰ ਲਿਆ, ਪਾਣੀ ਉਬਲਣ ਲਗ ਗਿਆ ਤੇ ਹੁਕਮ ਕਰਿਆ ਨੌਕਰਾਂ ਨੂੰ ਕਿ ਏਸ ਨੂੰ ਫੜ ਕੇ ਪਾਣੀ ਦੀ ਦੇਗ ਵਿਚ ਬਿਠਾ ਦਿਓ।

ਮਹਾਰਾਜ ਕਹਿੰਦੇ, ਫੜਦੇ ਕਿਉਂ ਹੋ, ਮੈਂ ਨੱਠਣਾ ਹੈਂ ਇਥੋਂ? ਮੈਂ ਆਪੇ ਹੀ ਬਹਿ ਜਾਨਾਂ। ਉਬਾਲੇ ਖਾਂਦੀ ਦੇਗ ਵਿਚ ਆਪੇ ਹੀ ਬਹਿ ਗਏ। ਨਾਲ ਬਚਨ ਕਰਿਆ –

***ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ॥***
***ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥***
***ਅੰਗ – ੯੯੩***

ਹੇ ਪ੍ਰਭੂ! ਜਿਥੇ ਤੇਰੀ ਮਰਜ਼ੀ ਹੈ ਬਿਠਾਉਣ ਦੀ ਮੈਂ ਬੈਠ ਜਾਂਦਾ ਹਾਂ, ਚਾਹੇ ਤਖਤ ਤੇ ਬਿਠਾ ਦੇ, ਚਾਹੇ ਉਬਲਦੇ ਪਾਣੀ ਵਿਚ ਬਿਠਾ ਦੇ। ਸੋ ਇਸ ਤਰ੍ਹਾਂ ਆਪ ਉਬਲਦੇ ਪਾਣੀ ਵਿਚ ਬੈਠ ਜਾਂਦੇ ਨੇ।



ਸ੍ਰੀ ਗੁਰੂ ਅਰਜਨ ਦੇਵ ਜੀ, ਆਮ ਆਦਮੀ ਅਤੇ ਕਿਸਾਨਾਂ ਦੀ ਉਨਤੀ ਲਈ ਲਗਾਤਾਰ ਕੰਮ ਕਰਦੇ ਰਹੇ ਹਨ, ਉਨ੍ਹਾਂ ਨੇ ਖੂਹ ਖੁਦਵਾਏ ਅਤੇ ਪਾਣੀ ਦੇ ਸਰੋਵਰ ਬਣਾਏ, ਸ਼ਹਿਰ ਵਸਾਏ ਅਤੇ ਬੀਮਾਰਾਂ ਅਤੇ ਜ਼ਰੂਰਤਮੰਦਾਂ ਲਈ ਸੰਸਥਾਵਾਂ ਕਾਇਮ ਕੀਤੀਆਂ। ਅੰਮ੍ਰਿਤਸਰ ਨੇੜੇ 1590 ਵਿੱਚ ਇਕ ਬਹੁਤ ਵੱਡਾ ਸਰੋਵਰ ਬਣਵਾਉਣਾ ਸ਼ੁਰੂ ਕੀਤਾ, ਜਿਸ ਦੇ ਦੁਆਲੇ ਬਾਅਦ ਵਿੱਚ ਸ੍ਰੀ ਤਰਨਤਾਰਣ ਦਾ ਪਵਿੱਤਰ ਸ਼ਹਿਰ ਵਸਿਆ। 1596 ਵਿੱਚ ਉਨ੍ਹਾਂ ਨੇ ਇਥੇ ਕੋਹੜੀਆਂ ਲਈ ਸ਼ਰਣਗਾਹ ਕਾਇਮ ਕੀਤੀ, ਜਿਨ੍ਹਾਂ ਦੀ ਉਹ ਆਪ ਪਿਆਰ ਨਾਲ ਸੇਵਾ ਕਰਿਆ ਕਰਦੇ ਸਨ।

ਇਥੇ ਇਕ ਵੀਚਾਰ ਆਉਂਦੀ ਹੈ, ਉਹ ਵਿਚਾਰ ਇਹ ਆਉਂਦੀ ਹੈ ਕਿ ਕਬੀਰ ਸਾਹਿਬ ਨੂੰ ਜਦੋਂ ਪਾਣੀ ਦੇ ਵਿਚ ਡੋਬਿਆ ਗਿਆ, ਸੰਗਲ ਬੰਨ੍ਹ ਕੇ, ਪੱਥਰ ਬੰਨ੍ਹ ਦਿਤੇ ਸੰਗਲਾਂ ਦੇ ਨਾਲ, ਕਿਸ਼ਤੀ ਦੇ ਵਿਚੋਂ ਚੁੱਕ ਕੇ, ਕਬੀਰ ਸਾਹਿਬ ਨੂੰ ਪਾਣੀ ਦੀ ਮੰਝਲੀ ਧਾਰ ਵਿਚ ਗੰਗਾ ਦੇ ਸੁੱਟ ਦਿਤਾ। ਉਥੇ ਕੀ ਹੋਇਆ ਕਿ ਇਕ ਵਾਰੀ ਕਬੀਰ ਸਾਹਿਬ ਥੱਲੇ ਨੂੰ ਗਏ, ਸੰਗਲ ਵਗੈਰਾ ਕੋਈ ਵੀ ਨਾ ਰਿਹਾ ਤੇ ਦੇਖਦੇ ਕੀ ਨੇ, ਕਬੀਰ ਸਾਹਿਬ ਇਕ ਪਾਣੀ ਦੇ ਉਤੇ ਇਕ ਆਸਣ ਵਿਛਿਆ ਹੋਇਆ ਹੈ, ਉਹਦੇ ਉਤੇ ਚੌਂਕੜਾ ਮਾਰੀਂ ਬੈਠੇ ਨੇ–

***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥***
***ਮ੍ਰਿਗਛਾਲਾ ਪਰ ਬੈਠੇ ਕਬੀਰ ॥ ਅੰਗ – ੧੧੬੨***

ਇਹ ਗੱਲ ਜਦੋਂ ਸਾਡੇ ਸਾਮ੍ਹਣੇ ਆਉਂਦੀ ਹੈ ਕਿ ਇਹ ਫਰਕ ਕੀ ਹੋਇਆ? ਇਹ ਉਬਲਦੀ ਦੇਗ ਹੈ। ਜੇ ਗੁਰੂ ਮਹਾਰਾਜ ਚਾਹੁੰਦੇ ਤਾਂ ਮਰਦਾਨੇ ਨੂੰ ਜਿਸ ਵਕਤ ਸੁੱਟਣ ਲੱਗਿਆ ਕੌਡਾ ਰਾਕਸ਼ ਉਬਲਦੇ ਕੜਾਹੇ ਵਿਚ, ਗੁਰੂ ਨਾਨਕ ਦੀ ਨਿਗ੍ਹਾ ਹੀ ਪਈ ਹੈ ਤੇ ਕੜਾਹਾ ਠੰਢਾ, ਸ਼ਾਂਤ ਹੋ ਗਿਆ। ਹੱਥ ਲਾ ਕੇ ਦੇਖਿਆ ਕਿਥੇ ਉਬਲਦਾ ਸੇਕ ਮਾਰਦਾ ਸੀ, ਕਿੱਥੇ ਬਰਫ ਨਾਲੋਂ ਵੀ ਠੰਢਾ ਹੋ ਗਿਆ। ਕਹਿਣ ਲੱਗਿਆ, ਕੀ ਗੱਲ ਹੋ ਗਈ? ਉਚਾ ਦੇਖਿਆ ਤਾਂ ਗੁਰੂ ਨਾਨਕ ਪਾਤਸ਼ਾਹ ਖੜ੍ਹੇ ਨੇ। ਉਨ੍ਹਾਂ ਦੀ ਨਿਗ੍ਹਾ ਦੇ ਨਾਲ ਉਬਲਦਾ ਕੜਾਹਾ ਠੰਢਾ ਹੋ ਗਿਆ ਤੇ ਹੁਣ ਉਹੀ ਗੁਰੂ ਨਾਨਕ ਪੰਜਵੇਂ ਜਾਮੇ ਦੇ ਅੰਦਰ, ਉਹੀ ਹਾਲਾਤ ਨੇ ਕੀ ਹੁਣ ਸ਼ਕਤੀ ਘਟ ਗਈ ਉਨ੍ਹਾਂ ਦੀ ਕਿ ਕੌਤਕ ਕੋਈ ਹੋਰ ਵਰਤ ਗਿਆ। ਇਹ ਵਿਚਾਰ ਹੈ ਜਿਹੜੀ ਆਮ ਸਾਰਿਆਂ ਦੇ ਦਿਲਾਂ 'ਚ ਆਉਂਦੀ ਹੈ ਕਿ ਉਬਲਦਾ ਪਾਣੀ ਨਹੀਂ ਸੀ ਚਾਹੀਦਾ, ਹੱਥ ਲਾ ਕੇ ਦੇਖਦੇ ਬਰਫ ਵਰਗਾ ਹੋ ਜਾਣਾ ਚਾਹੀਦਾ ਸੀ। ਸਰੀਰ ਤੇ ਕੋਈ ਅਸਰ ਨਹੀਂ ਸੀ ਹੋਣਾ ਚਾਹੀਦਾ ਕਿਉਂਕਿ –

***ਜਲ ਅਗਨੀ ਵਿਚਿ ਘਤਿਆ***
***ਜਲੈ ਨ ਡੁਬੈ ਗੁਰ ਪਰਸਾਦਿ॥ ਭਾਈ ਗੁਰਦਾਸ ਜੀ***

ਨਾਮ ਜਪਣ ਵਾਲੇ ਨੂੰ ਨਾ ਜਲ ਨੇ ਡੋਬਿਆ ਨਾ ਅੱਗ ਨੇ ਸਾੜਿਆ, ਅੱਗ ਦੇ ਵਿਚੋਂ ਪ੍ਰਹਿਲਾਦ ਉਸੇ ਤਰ੍ਹਾਂ ਨਿਕਲ ਆਇਆ, ਕਬੀਰ ਸਾਹਿਬ ਨੂੰ ਅੱਗ ਦੇ ਵਿਚ ਬਿਠਾ ਦਿਤਾ, ਕਹਿੰਦੇ ਮਹਾਰਾਜ ਕੁਛ ਕਰੋ? ਕਹਿੰਦੇ ਕੀ ਕਰਨਾ ਹੈ?

***ਆਪੇ ਪਾਵਕੁ ਆਪੇ ਪਵਨਾ ॥***
***ਜਾਰੈ ਖਸਮੁ ਤ ਰਾਖੈ ਕਵਨਾ ॥ ਅੰਗ – ੩੨੯***

ਕਹਿੰਦੇ ਪ੍ਰਮੇਸ਼ਰ ਰੂਪ ਹੈ ਇਹ ਅੱਗ। ਐਸਾ ਸਾਖੀ ਰੂਪ

ਵਿਚ ਆਉਂਦਾ ਹੈ ਕਿ ਅੱਗ ਜਲ ਗਈ, ਲੱਕੜਾਂ ਜਲ ਗਈਆਂ, ਕਬੀਰ ਸਾਹਿਬ ਉਠ ਕੇ ਰਾਮ-ਰਾਮ ਕਰਦੇ ਬਾਹਰ ਨਿਕਲ ਆਏ। ਇਸੇ ਤਰ੍ਹਾਂ ਨਾਲ ਬਹੁਤ ਮਿਸਾਲਾਂ ਨੇ।

ਨਾਮਦੇਵ ਜੀ ਨੂੰ ਹਾਥੀ ਦੇ ਅੱਗੇ ਸੁੱਟ ਦਿਤਾ। ਕਬੀਰ ਸਾਹਿਬ ਨੂੰ ਹਾਥੀ ਦੇ ਅੱਗੇ ਸੁੱਟ ਦਿਤਾ। ਉਹ ਮੱਥੇ ਟੇਕੀ ਜਾਂਦਾ ਹੈ, ਹੈਰਾਨ ਹੁੰਦੀ ਹੈ ਕਿ ਉਹਦਾ ਸੁਭਾਅ ਬਦਲ ਗਿਆ, ਭਗਤ ਨੂੰ ਦੇਖ ਕੇ, ਸੰਤ ਨੂੰ ਦੇਖ ਕੇ? ਇਹਦਾ ਜਵਾਬ ਤਾਂ ਸਾਡੇ ਕੋਲ ਹੈਗਾ ਕਿ ਉਹਦੀ ਦ੍ਰਿਸ਼ਟੀ ਐਸੀ ਹੁੰਦੀ ਹੈ ਕਿ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਜਿਧਰ ਦੇਖ ਲੈਣ ਉਹਦੇ ਹਿਰਦੇ 'ਚੋਂ ਪਾਪ ਸਾਰੇ ਖਤਮ ਕਰ ਦੇਂਦੇ ਨੇ।

ਇਹ ਜੋ ਗੁਰੂ ਮਹਾਰਾਜ ਨੇ ਕੌਤਕ ਰਚਿਆ ਹੈ, ਇਹਦੇ ਬਾਰੇ ਬਹੁਤ ਮੁਸ਼ਕਲ ਹੈ ਬਚਨ ਕਰਨਾ। ਕਿਉਂਕਿ ਆਮ ਆਦਮੀ ਇਹੀ ਕਹੇਗਾ ਕਿ ਗੁਰੂ ਸਾਹਿਬ ਸਮਰੱਥ ਸੀਗੇ, ਸਮਰੱਥ ਹੁੰਦੇ ਹੋਏ ਇਹ ਕੀ ਗੱਲ ਕਰੀ। ਕਿਉਂ ਛਾਲੇ ਪੈ ਗਏ? ਸਾਡੇ ਨਿਹਚੇ ਹੋਰ ਤਰ੍ਹਾਂ ਨੇ ਅਸੀਂ ਨਹੀਂ ਇਨ੍ਹਾਂ ਗੱਲਾਂ ਨੂੰ ਮੰਨਦੇ। ਅਸੀਂ ਕਹਿੰਦੇ ਹਾਂ ਕਿ ਦਿਸਣ ਵਾਸਤੇ ਹੋਣੇ ਨੇ ਲੇਕਿਨ ਐਸਾ ਬਹੁਤ ਇਤਿਹਾਸਾਂ 'ਚ ਆਉਂਦਾ ਹੈ ਕਿ ਮਾਇਆ ਦਾ ਸਰੀਰ ਮਹਾਤਮਾ ਪੇਸ਼ ਕਰ ਦਿੰਦੇ ਨੇ ਕਿ ਇਹਨੂੰ ਕਰੀ ਜਾਓ ਜਿਹੜਾ ਕੁਛ ਕਰਨਾ ਹੈ, ਆਪ ਅਲੋਪ ਹੋ ਜਾਂਦੇ ਨੇ। ਗੁਰੂ ਮਹਾਰਾਜ ਨੇ ਐਸਾ ਵੀ ਨਹੀਂ ਕਰਿਆ, ਪਰਤੱਖ ਰੂਪ ਵਿਚ ਆਪ ਜਿਸ ਵਕਤ ਤੱਤੀ ਤਵੀ ਤੇ ਬੈਠਦੇ ਨੇ ਤਾਂ ਉਸ ਵੇਲੇ ਭਾਈ ਪ੍ਰਾਨਾਂ ਜਿਹੜਾ ਹੈ ਉਸ ਤੋਂ ਸਹਿਆ ਨਾ ਗਿਆ। ਦੋਵੇਂ ਬਾਹਾਂ ਚੁੱਕ ਲਈਆਂ ਤਾਲੀ ਮਾਰਨ ਲੱਗਿਆ, ਮਹਾਰਾਜ ਦੀ ਨਿਗ੍ਹਾ ਪੈ ਗਈ। ਕਹਿੰਦੇ ਕੀ ਕਰਦਾ ਹੈਂ? ਕਹਿਣ ਲੱਗਿਆ, ਮੈਂ ਨਹੀਂ ਦੇਖ ਸਕਦਾ, ਮੈਂ ਲਾਹੌਰ ਗਰਕ ਕਰ ਦੇਣਾ ਹੈ ਸਾਰਾ। ਐਨੀ-ਐਨੀ ਸਮਰੱਥਾ ਦੇ ਗੁਰਸਿੱਖ ਸੀਗੇ ਉਸ ਵੇਲੇ, ਜਿਹੜੇ ਇਕ ਨਿਗ੍ਹਾ ਇਕਹਿਰੀ ਕਰਕੇ ਸਾਰੇ ਸ਼ਹਿਰ ਨੂੰ ਗਰਕ ਕਰ ਦਿੰਦੇ। ਮਹਾਰਾਜ ਕਹਿੰਦੇ, ਦੇਖ ਇਹ ਸਾਡਾ ਜੋ ਚੱਲ ਰਿਹਾ ਹੈ ਨਾ ਸਬਕ ਇਹਦੇ ਵਿਚ ਤੂੰ ਨਹੀਂ ਦਖਲ ਦੇਣਾ।

ਭਾਈ ਪ੍ਰਾਣਾ! ਸਾਡੀ ਕ੍ਰਿਆ 'ਚ ਤੂੰ ਨਹੀਂ ਦਖਲ ਦੇਣਾ। ਕਿਸੇ ਨੇ ਵੀ ਨਹੀਂ ਦੇਣਾ, ਇਹ ਜੋ ਕੁਛ ਹੋਇਆ ਹੈ -

***ਜੋ ਤੁਧੁ ਕਰਣਾ ਸੋ ਕਰਿ ਪਾਇਆ ॥***
***ਭਾਣੇ ਵਿਚਿ ਕੋ ਵਿਰਲਾ ਆਇਆ ॥***
***ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥***
***ਅੰਗ - ੧੦੬੩***

***ਹਮਨੇ ਇਮ ਹੀ ਕਾਰਨ ਕਰਨਾ॥***
***ਤੂੰ ਨਹਿਂ ਲਖੈਂ ਏਵ ਆਚਰਨਾ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 2365***

ਸੋ ਉਸ ਵੇਲੇ ਮਹਾਰਾਜ ਜੀ ਨੂੰ ਪਾਣੀ ਦੇ ਵਿਚੋਂ ਕੱਢਿਆ ਗਿਆ। ਲੇਕਿਨ ਜਿਹੜੀ ਸੁਰਤ ਹੈ ਉਹ ਚੜ੍ਹਦੀ ਕਲਾ ਵਿਚ ਹੈ ਉਵੇਂ ਜਿਵੇਂ।

ਕਹਿੰਦੇ ਜਿਵੇਂ ਪੱਥਰ ਨੂੰ ਕੋਈ ਹਿਲਾ ਨਹੀਂ ਸਕਦਾ, ਪਹਾੜ ਨੂੰ ਐਵੇਂ ਕਿਸੇ ਦੀ ਤਾਕਤ ਨਹੀਂ ਸੀ ਕਿ ਉਨ੍ਹਾਂ ਨੂੰ ਹਿਲਾ ਦਿੰਦਾ।

ਉਸ ਵੇਲੇ ਮੀਆਂ ਮੀਰ ਨੂੰ ਜਦੋਂ ਪਤਾ ਲੱਗਿਆ ਮਹਾਰਾਜ ਜੀ ਦੇ ਕੋਲ ਆ ਗਿਆ। ਕਹਿਣ ਲੱਗਿਆ, ਦੇਖਦੇ ਸਾਰ ਕਿ ਇਹ ਕੀ? ਦੋਵੇਂ ਬਾਹਾਂ ਚੁੱਕ ਲਈਆਂ। ਮਹਾਰਾਜ ਕਹਿੰਦੇ ਕੀ ਗੱਲ ਪੀਰ ਜੀ? ਕਹਿੰਦੇ ਮੈਂ ਨਹੀਂ ਦੇਖ ਸਕਦਾ ਮੈਂ ਇਸ ਲਾਹੌਰ ਸ਼ਹਿਰ ਨੂੰ ਗਰਕ ਕਰ ਦੇਵਾਂਗਾ। ਮਹਾਰਾਜ ਕਹਿੰਦੇ ਨਾ-ਨਾ ਇਸ ਤਰ੍ਹਾਂ ਨਹੀਂ ਕਰਨਾ। ਕਾਹਦੇ ਵਾਸਤੇ ਤੁਸੀਂ ਕਰਦੇ ਓਂ? ਆਤਮਾ ਸਦਾ



**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ, ਰਤਵਾੜਾ ਸਾਹਿਬ ਦੀ ਤਪੋਭੂਮੀ ਉਪਰ ਆਤਮ ਅਨੰਦ ਵਿੱਚ ਲੀਨ**

ਅਸੰਗ ਹੈ।

ਕਹਿਣ ਲੱਗਿਆ, ਧੰਨ ਹੋ ਮਹਾਰਾਜ! ਜੋ ਤੁਸੀਂ ਸੁਖਮਨੀ ਸਾਹਿਬ ਵਿਚ ਵਰਣਨ ਕਰਿਆ ਹੈ –

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥*
*ਅੰਗ – ੨੭੨*

ਕੋਈ ਧਰਤੀ ਨੂੰ ਪੁੱਟਦਾ ਹੈ, ਕੋਈ ਚੰਦਨ ਨੂੰ ਲੇਪ ਕਰਦਾ ਹੈ, ਬ੍ਰਹਮਗਿਆਨੀ ਐਸੀ ਧੀਰਜ ਹੈ ਕੋਈ ਇੱਟਾਂ ਵੱਟੇ ਮਾਰਦਾ ਹੈ, ਤੱਤੀਆਂ ਤਵੀਆਂ ਤੇ ਬਿਠਾਉਂਦਾ ਹੈ, ਮਸਤਕ ਨਿਵਾਉਂਦਾ ਹੈ, ਭੇਟਾ ਚਾੜ੍ਹਦਾ ਹੈ, ਤਾਂ ਵੀ ਧੀਰਜ ਦੋਵੇਂ ਪਾਸੇ ਹੀ।

ਮਹਾਰਾਜ ਕਹਿੰਦੇ, ਪੀਰ ਜੀ! ਤੁਸੀਂ ਅਰਥ ਪੁੱਛੇ ਸੀ, ਤੁਹਾਨੂੰ ਕਿਹਾ ਸੀ ਕਿ ਕੋਈ ਸਮਾਂ ਆਏਗਾ, ਪ੍ਰਤੱਖ ਰੂਪ ਵਿਚ ਦਿਖਾਵਾਂਗੇ। ਉਹ ਇਹ ਹੈ –

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥ ਅੰਗ – ੨੭੫*

ਵਾਹਿਗੁਰੂ ਦੀ ਜਿਹੜੀ ਆਤਮਾ ਹੋਵੇਗੀ, ਉਹਨੂੰ ਆਤਮਾ ਹਿਤ ਦੇ ਨਾਲ ਮੰਨ ਲਵੇ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ*
*ਕਹੀਐ ਜੀਵਨ ਮੁਕਤਿ ॥ ਅੰਗ – ੨੭੫*

ਸੋ ਸ਼ਕਤੀ ਨਹੀਂ ਦਿਖਾਉਂਦੇ। ਤਵੀ ਗਰਮ ਕਰ ਦਿਤੀ, ਵੱਡਾ ਤਵਾ ਸੀ, ਪਲੇਟ ਸੀ ਵੱਡੀ। ਲੱਕੜਾਂ ਬੇਅੰਤ ਜਾਲ ਦਿਤੀਆਂ, ਲਾਲ ਸੁਰਖ ਕਰ ਦਿਤੀ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਇਹਦੇ ਉਤੇ ਬੈਠੋ, ਨਹੀਂ ਤਾਂ ਅਸੀਂ ਬਿਠਾ ਦੇਵਾਂਗੇ। ਮਹਾਰਾਜ ਕਹਿੰਦੇ, ਤੁਹਾਨੂੰ ਕੀ ਬਿਠਾਉਣ ਦੀ ਲੋੜ ਹੈ। ਅਸੀਂ ਆਪ ਹੀ ਬੈਠ ਜਾਂਦੇ ਹਾਂ, ਓਧਰ ਤੱਤੀ ਤਵੀ ਤੇ ਪੈਰ ਧਰ ਕੇ ਚੌਂਕੜਾ ਮਾਰਦੇ, ਓਧਰ ਮੁਖ ਤੋਂ ਇਹ ਬਚਨ ਨਿਕਲਦੇ ਨੇ –

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥*
*ਅੰਗ – ੩੯੪*

ਅਜਰ ਨੂੰ ਜਰ ਜਾਣ ਦੀ ਕਹਿੰਦੇ ਐਸੀ ਅਉਧ ਦਿਖਾਈ ਕਿ ਸਵਰਗ ਲੋਕਾਂ 'ਚ ਜਿੰਨੇ ਵੀ ਵੀ ਸੀ ਤਖਤ ਹਿੱਲ ਗਏ ਸਾਰਿਆਂ ਦੇ। ਉਸ ਵੇਲੇ ਇੰਦਰ ਸਮੇਤ ਦੇਵਤਿਆਂ ਦੇ ਨਮਸਕਾਰਾਂ ਕਰਦਾ ਹੈ –

*ਅਜਰ ਜਰਨਿ ਕੀ ਔਧਿ ਜਨਾਈ।*
*ਇਤੇ ਕਸ਼ਟ ਤੇ ਨਹੀਂ ਦਿਖਾਈ।*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 2369***

ਸ਼ਕਤੀ ਨਹੀਂ ਦਿਖਾਈ। ਨਾ ਕਿਸੇ ਨੂੰ ਦਿਖਾਉਣ ਦਿਤੀ ਹੈ ਸ਼ਕਤੀ।

*ਇੰਦ੍ਰ ਆਦਿ ਜੇਤਿਕ ਸੁਰ ਸਾਰੇ।*
*ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 2369***

ਹੈਰਾਨ ਹੋਏ ਬੈਠੇ ਨੇ, ਕਿਉਂਕਿ ਪਹਿਲਾਂ ਕਦੇ ਇਹੋ ਜਿਹਾ ਹੋਇਆ ਹੀ ਨਹੀਂ ਸੀ। ਰਿਸ਼ੀਆਂ ਮੁਨੀਆਂ ਨੂੰ ਕੋਈ ਛੇੜ ਸਕਦਾ ਸੀ? ਇਕ ਚੂਲੀ ਭਰ ਕੇ ਸਰਾਫ ਦਿੰਦੇ ਸੀ ਗਰਕ ਕਰ ਦਿੰਦੇ ਸੀ ਸਾਰਿਆਂ ਨੂੰ। ਡਰਦੇ ਸੀ ਸਾਰੇ। ਇਹ ਸਬਕ ਹੀ ਹੋਰ ਦੇਣਾ ਸ਼ੁਰੂ ਕਰ ਦਿਤਾ ਗੁਰੂ ਮਹਾਰਾਜ ਨੇ, ਸਮੇਂ ਦੇ ਮੁਤਾਬਿਕ। ਉਹ ਹੈਰਾਨ ਹੁੰਦੇ ਨੇ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਜੇ ਇਕ ਫੁਰਨਾ ਕਰ ਦੇਣ, ਸੰਸਾਰ ਹੀ ਖਤਮ ਹੋ ਜਾਵੇ ਸਾਰਾ, ਕੁਛ ਨਾ ਰਹੇ। ਐਡੀ ਸ਼ਕਤੀ ਦੇ ਬਾਵਜੂਦ ਤੱਤੀਆਂ ਤਵੀਆਂ ਤੇ ਬੈਠ ਰਹੇ ਨੇ।

*ਧੰਨਜ ਧੰਨਜ ਸਭਿ ਕਰਹਿਂ ਬਖਾਨਾ।*
*ਇਨ ਤੇ ਬਿਨਾ ਨ ਐਸੋ ਆਨਾ।*

ਕੋਈ ਹੋਰ ਕਰ ਹੀ ਨਹੀਂ ਸੀ ਸਕਦਾ। ਸੋ ਐਸ ਤਰ੍ਹਾਂ ਦੀ ਘਟਨਾ ਨੇ ਸਿੱਧ ਵੀ ਹਿਲਾ ਦਿਤੇ ਤੇ ਸਮਾਧੀਆਂ ਦੇ ਅੰਦਰੋਂ ਗੋਰਖ ਆ ਗਿਆ, ਗੋਰਖ ਦਾ ਸੁਭਾਅ ਸੀ, ਸ਼ਕਤੀਆਂ ਵਾਲਾ ਸੀ, ਆਇਆ, ਆਉਂਦੇ ਨੇ ਹੀ ਸਾਰੇ ਪਹਿਰੇਦਾਰ ਬੇਹੋਸ਼ ਕਰ ਦਿਤੇ, ਮਹਾਰਾਜ ਕੋਲ ਆ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਤੁਸੀਂ ਕੀ ਕਰ ਰਹੇ ਹੋਂ। ਇਹ ਤਾਂ ਇਹ ਚਾਮਲ ਜਾਣਗੇ, ਜੇ ਨਾ ਦਿਖਾਇਆ ਤਾਂ ਇਹ ਤਾਂ ਸਾਰੇ ਸੰਤਾਂ ਨੂੰ ਕਸ਼ਟ ਦੇਣ ਲਗ ਜਾਣਗੇ। ਇਨ੍ਹਾਂ ਨੂੰ ਤਾਂ ਸਬਕ ਦੇਣਾ ਚਾਹੀਦਾ। ਮੈਨੂੰ ਇਹ ਆਗਿਆ ਦੇਵੋ ਕਿ ਮੈਂ ਇਸ ਸ਼ਹਿਰ ਨੂੰ, ਇਸ ਹਵੇਲੀ ਨੂੰ ਹੀ ਗਰਕ ਕਰ ਦੇਵਾਂ। ਮੀਆਂ ਮੀਰ ਵੀ ਆ ਗਏ ਮਹਾਰਾਜ! ਕ੍ਰਿਪਾ ਕਰੋ।

ਮਹਾਰਾਜ ਕਹਿਣ ਲੱਗੇ, ਮੀਆਂਮੀਰ! ਗੋਰਖ! ਕਬੀਰ ਸਾਹਿਬ ਦਾ ਅੱਗ ਵਿਚ ਨਿਕਲ ਆਉਂਣਾ, ਠੀਕ ਹੈ ਉਨ੍ਹਾਂ ਦਾ ਨਿੱਜੀ ਕੰਮ ਸੀ। ਉਥੇ ਸਵਾਲ ਹੋਰ ਸੀ। ਸਾਡੇ ਵਾਲਾ ਨਹੀਂ ਸੀ। ਉਥੇ ਇਹ ਸੀ ਕਿ ਸੰਤ ਦਾ ਰਾਜਸੀ ਸ਼ਕਤੀ ਨਾਲ ਵਾਹ ਪਿਆ ਹੈ ਤੇ ਉਥੇ ਅਕਾਲ ਪੁਰਖ ਦਾ ਜਿਹੜਾ

ਅਸੂਲ ਹੈ ਉਹ ਇਹ ਹੈ -

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*
*ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥*
*ਅੰਗ - ੫੧੯*

ਉਥੇ ਇਹ ਅਸੂਲ ਕੰਮ ਕਰਦਾ ਸੀ। ਭਗਤਾਂ ਨੂੰ ਦੁਖੀ ਕੀਤਾ ਜਾਵੇ ਪ੍ਰਮੇਸ਼ਰ ਉਨ੍ਹਾਂ ਦੀ ਰਖਸ਼ਾ ਕਰਦਾ ਸੀ। ਚਾਹੇ ਪ੍ਰਹਿਲਾਦ ਵੇਲੇ ਥੰਮ ਦੇ ਵਿਚੋਂ ਪ੍ਰਗਟ ਹੋ ਗਿਆ ਸੀ, ਚਾਹੇ ਕਬੀਰ ਸਾਹਿਬ ਨੇ ਉਹ ਨਾ ਜਲਣ ਦਿਤੇ, ਨਾ ਪਾਣੀ ਵਿਚ ਡੁਬਣ ਦਿਤੇ। ਨਾ ਧਰਤੀ ਵਿਚ ਦਬਣ ਦਿਤੇ, ਚਾਹੇ ਨਾਮਦੇਵ ਜੀ ਨੇ, ਕੋਈ ਹੈ ਵਾਹਿਗੁਰੂ ਜੀ ਨੇ ਸੰਤਾਂ ਦੇ ਰਖਸ਼ਾ ਕਰਨੀ ਹੀ ਕਰਨੀ ਹੈ। ਪਰ ਇਹ ਜਿਹੜਾ ਅਸੀਂ ਇਕ ਸਬਕ ਦੇ ਰਹੇ ਹਾਂ ਸਬਰ ਤੇ ਸ਼ੁਕਰ ਦਾ। ਐਸੇ ਹਾਲਾਤ ਵਿਚ ਕਿਵੇਂ ਸਬਰ ਤੇ ਸ਼ੁਕਰ ਰੱਖਿਆ ਜਾ ਸਕਦਾ ਹੈ, ਸਾਰੀਆਂ ਸ਼ਕਤੀਆਂ ਦੇ ਹੁੰਦੇ ਹੋਏ।

ਸ਼ਕਤੀ ਗੁਰੂ ਘਰ 'ਚ ਘੱਟ ਹੈ? ਬਗਦਾਦ ਦੇ ਪੀਰ ਨੇ ਸਾਰੇ ਬਗਦਾਦ ਨੂੰ ਕਹਿ ਦਿਤਾ ਕਿ ਪੱਥਰ ਮਾਰ ਕੇ ਮਾਰ ਦਿਓ, ਸੰਗ ਸਾਰ ਕਰ ਦਿਓ ਗੁਰੂ ਨਾਨਕ ਸਾਹਿਬ ਨੂੰ। ਸਾਰਾ ਬਗਦਾਦ ਪੱਥਰ ਚੁੱਕੀਂ ਆਉਂਦਾ ਹੈ, ਮਰਦਾਨਾ ਕਹਿੰਦਾ ਸੱਚੇ ਪਾਤਸ਼ਾਹ! ਦੇਖੋ ਕਿੰਨੇ ਬੰਦਿਆਂ ਦੇ ਹੱਥ ਵਿਚ ਪੱਥਰ ਨੇ। ਕਹਿੰਦੇ, ਤੈਨੂੰ ਕੀ ਫਿਕਰ ਹੈ? ਦੇਖ ਨਿਰੰਕਾਰ ਦੇ ਰੰਗ।

ਇਕ ਦਮ ਬਾਹਾਂ ਚੁੱਕ ਕੇ ਜਦੋਂ ਸਭ ਮਾਰਨ ਲੱਗੇ, ਪੱਥਰ ਹੱਥਾਂ ਨਾਲ ਹੀ ਚਿੰਬੜ ਗਏ, ਬਾਹਾਂ ਉਪਰ ਹੀ ਰਹਿ ਗਈਆਂ ਸਭ ਦੀਆਂ। ਉਹ ਕਹਿੰਦੇ ਇਹ ਸਮਾਂ ਹੀ ਐਸਾ ਸੀ, ਉਥੇ ਖੇਲ੍ਹ ਹੀ ਐਸੀ ਹੋਣੀ ਸੀ।

ਇਹ ਤਾਂ ਹੁਣ ਬਦੀ ਤੇ ਨੇਕੀ ਦਾ ਬੜਾ ਭਾਰਾ ਸੰਘਰਸ਼ ਹੈ। ਇਹ ਕਿਤੇ ਹਟਣ ਵਾਲਾ ਹੈ ਇਹ ਤਾਂ ਚੱਲਣਾ ਹੈ। ਬਹੁਤ ਦੇਰ ਤੱਕ ਚਲਣਾ ਹੈ, ਸੋ ਅਸੀਂ ਗਾਈਡ ਲਾਈਨਜ਼ ਦੇ ਰਹੇ ਹਾਂ ਸਾਰਿਆਂ ਵਾਸਤੇ, ਜਿਹੜੀਆਂ ਆਉਣ ਵਾਲੀਆਂ ਨਸਲਾਂ ਨੇ, ਗੁਰਸਿੱਖ ਨੇ ਉਨ੍ਹਾਂ ਨੇ ਬੇਅੰਤ ਕਸ਼ਟਾਂ ਵਿਚੋਂ ਆਪਣੇ ਆਪ ਨੂੰ ਲੰਘਾਉਣਾ ਹੈ। ਉਹ ਥਿਰ ਨਹੀਂ ਰਹਿਣੇ ਫੇਰ ਗੋਰਖ ਡੋਲ ਜਾਣਗੇ ਸਾਰੇ। ਸੋ ਅਸੀਂ ਸਬਰ ਤੇ ਸ਼ੁਕਰ ਦਾ ਸਬਕ ਦੇ ਰਹੇ ਹਾਂ।

ਇਕ ਵਾਰੀ ਈਰਾਨ ਦੇ ਬਾਦਸ਼ਾਹ ਨੂੰ ਇਹਦੇ ਮਾਇਅਨੇ ਸਮਝਣ ਦੀ ਲੋੜ ਪਈ, ਪਤਾ ਲੱਗਿਆ ਕਿ ਦਿੱਲੀ ਔਰੰਗਜ਼ੇਬ ਦੀ ਕੈਦ ਵਿਚ ਪੂਰਨ ਤੱਤ ਬੇਤਾ ਮਹਾਂਪੁਰਸ਼ ਕੈਦ ਹੈ। ਉਹ ਇਹਦੇ ਅਰਥ ਸਹੀ ਕਰ ਸਕਦਾ ਹੈ। ਕਾਜ਼ੀਆਂ ਮੁਲਾਣਿਆਂ ਤੋਂ ਨਹੀਂ ਹੋ ਸਕਦਾ। ਅਬੈਂਸਡਰ ਭੇਜ ਦਿਤਾ ਗਿਆ ਤੇ ਉਥੇ ਗਿਆ ਤਾਂ ਸੱਤ ਤਾਲਿਆਂ ਦੇ ਅੰਦਰ ਬੰਦ ਹੈ। ਜਾਂਦੇ ਸਾਰ ਸਾਰੇ ਤਾਲੇ ਖੁਲ੍ਹ ਗਏ, ਅੰਦਰ ਗਿਆ ਦੇਖਿਆ ਤਾਂ ਫਕੀਰ ਬੈਠਾ ਹੈ ਜੇਲ੍ਹ ਦੇ ਵਿਚ। ਕਹਿਣ ਲੱਗਿਆ, ਕਿਵੇਂ ਆਏ? ਉਸ ਨੇ ਕਿਹਾ ਕਿ ਮੈਨੂੰ ਬਾਦਸ਼ਾਹ ਨੇ ਭੇਜਿਆ ਹੈ, ਈਰਾਨ ਦੇ ਨੇ। ਇਨ੍ਹਾਂ ਤੋਂ ਮੈਂ ਮਨਜ਼ੂਰੀ ਲਈ ਹੈ ਤੇ ਮੈਂ ਸਬਰ ਤੇ ਸ਼ੁਕਰ ਦਾ ਅਰਥ ਪੁੱਛਣ ਆਇਆ ਹਾਂ। ਕਹਿੰਦੇ ਜੇ ਪੁੱਛਣਾ ਹੈ ਤਾਂ ਦੋ ਗਜ਼ ਕੱਪੜਾ ਲੈ ਕੇ ਆਈਂ, ਇਕ ਮਸਕ ਪਾਣੀ ਦੀ ਲਿਆਈਂ ਇਸ਼ਨਾਨ ਕਰਿਆ ਨੂੰ ਬੜੀ ਦੇਰ ਹੋ ਗਈ, ਸੈਲ 'ਚ ਪਾ ਛੱਡਿਆ ਇਸ ਮੂਰਖ ਬਾਦਸ਼ਾਹ ਨੇ। ਦੂਸਰੇ ਦਿਨ ਅਬੈਂਸਡਰ ਆਇਆ ਕੱਪੜਾ ਤੇੜ ਪਹਿਨ ਲਿਆ, ਬੈਠ ਗਏ ਐਨੇ ਨੂੰ ਕੋਰੜੇ ਮਾਰਨ ਵਾਲਾ ਆ ਗਿਆ, 101 ਕੋਰੜਾ ਰੋਜ਼ ਮਾਰਿਆ ਕਰਦੇ ਸੀ, ਜਦੋਂ ਸ਼ੁਰੂ ਕਰਿਆ ਪਹਿਲੇ ਕੋਰੜੇ ਤੇ ਹੀ ਆਪ ਉਂਗਲੀ ਹਿਲਾਉਣ ਲੱਗ ਗਏ ਉਪਰ ਨੂੰ ਦੇਖ ਕੇ। 51 ਲੱਗ ਗਏ। ਜਲਾਦ ਪਰ੍ਹੇ ਹੱਟ ਗਿਆ, ਥੋੜ੍ਹੀ ਦੇਰ ਦਮ ਲੈਣ ਲਗ ਗਿਆ। ਸੁਰਮੱਦ ਕਹਿਣ ਲੱਗਿਆ ਕਿ ਸਮਝ ਵਿਚ ਆਇਆ ਤੇਰੇ ਕੁੱਛ? ਉਸ ਨੇ ਕਿਹਾ ਕਿ ਨਾ ਮਹਾਰਾਜ! ਮੇਰੇ ਕੁਛ ਨਹੀਂ ਸਮਝ ਆਇਆ।

ਕਹਿੰਦੇ, ਹੁਣ ਸਮਝੀਂ ਅਸੀਂ ਤੈਨੂੰ ਉਹ ਨੇਤਰ ਦੇ ਦਿੰਦੇ ਹਾਂ ਜਿਹੜੇ ਗੈਬ ਵਿਚ ਝਾਕ ਸਕਣ। ਜਦੋਂ ਪੰਜਾਹ ਦੂਜੀ ਵਾਰੀ ਮਾਰੇ, ਕੀ ਦੇਖਦਾ ਹੈ, ਸਾਰੀਆਂ ਸ਼ਕਤੀਆਂ, ਅਸਮਾਨੀ ਫਰਿਸ਼ਤੇ ਖੜ੍ਹੇ ਹੱਥ ਬੰਨ੍ਹੀਂ ਖੜ੍ਹੇ ਨੇ ਕਿ ਹੁਕਮ ਕਰੋ, ਅਸੀਂ ਇਹਦਾ ਮੂਲ ਹੀ ਪੁੱਟ ਦੇਈਏ, ਖਤਮ ਕਰ ਦੇਈਏ। ਸੁਰਮੱਦ ਨਾ-ਨਾ ਕਰੀ ਜਾਂਦਾ ਹੈ। ਜਦੋਂ ਪੂਰੇ ਲੱਗ ਚੁੱਕੇ ਤਾਂ ਕਹਿੰਦੇ ਹੁਣ ਤੇਰੀ ਸਮਝ ਵਿਚ ਆਇਆ ਕੁਛ?

ਕਹਿੰਦਾ ਨਹੀਂ ਮਹਾਰਾਜ! ਤੁਸੀਂ ਸਮਝਾਓ। ਮੇਰੀ ਸਮਝ ਵਿਚ ਨਹੀਂ ਆਇਆ।

ਕਹਿੰਦੇ ਦੇਖ, ਐਨੀਆਂ ਗੈਬੀ ਸ਼ਕਤੀਆਂ ਮੇਰੇ ਹੱਥ ਵਿਚ ਨੇ। ਜੇ ਮੈਂ ਇਕ ਫੁਰਨਾ ਕਰ ਦੇਵਾਂ ਔਰੰਗਜ਼ੇਬ ਦਾ ਰਾਜ ਐਉਂ ਉਡ ਜਾਏਗਾ ਜਿਵੇਂ ਰੂੰ ਦੇ ਫੰਬੇ ਉਡ ਜਾਂਦੇ ਨੇ। ਕੁਛ ਨਹੀਂ ਬਚਣਾ। ਲੇਕਿਨ ਮੈਂ ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, 101 ਕੋਰੜਾ ਰੋਜ਼ ਖਾ ਰਿਹਾ ਹੈ, ਇਹਨੂੰ ਸਬਰ ਕਹਿੰਦੇ ਨੇ।

ਐਨੇ ਨੂੰ ਪਿਆਲਾ ਆ ਗਿਆ ਪਾਣੀ ਪੀਣ ਵਾਲਾ। ਨਮਕ ਪਾਇਆ ਹੋਇਆ। ਉਸ ਵੇਲੇ ਕੀ ਦੇਖਦਾ ਹੈ ਅਸਮਾਨੀ ਸ਼ਕਤੀਆਂ ਹੱਥ ਬੰਨ੍ਹਦੀਆਂ ਨੇ, ਪੀਰ ਜੀ! ਆਹ ਚੀਜ਼ਾਂ ਅਸੀਂ ਤੁਹਾਡੇ ਵਾਸਤੇ ਲੈ ਕੇ ਆਏ ਹਾਂ, ਤੁਸੀਂ ਅੰਗੀਕਾਰ ਕਰੋ। ਰਿੱਧੀਆਂ ਸਿੱਧੀਆਂ 36 ਪ੍ਰਕਾਰ ਦੇ ਭੋਜਨ ਲਈ ਖੜ੍ਹੀਆਂ ਨੇ। ਕਹਿੰਦੇ, ਨਹੀਂ। ਪਿਆਲਾ ਪੀ ਕੇ ਕਹਿਣ

ਲੱਗੇ ਕਿ ਅੱਲਾਹ ਤਾਲਾ! ਤੇਰੇ ਸ਼ੁਕਰ ਹੈ, ਤੂੰ ਭੇਜਦਾ ਤਾਂ ਹੈਂ ਨਾ ਪਾਣੀ। ਚਾਹੇ ਨਮਕ ਵਾਲਾ ਹੀ ਭੇਜੇ।

ਸੋ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਅਸੀਂ ਤਾਂ ਸਬਕ ਦੇ ਰਹੇ ਹਾਂ, ਸਬਰ ਤੇ ਸ਼ੁਕਰ ਦਾ। ਓਸ ਵੇਲੇ ਗੋਰਖ ਕਹਿਣ ਲੱਗਿਆ ਕਿ ਠੀਕ ਹੈ ਮਹਾਰਾਜ। ਲੇਕਿਨ ਇਹ ਖੇਲ੍ਹ ਬੜੀ ਔਖੀ ਹੈ, ਆਉਣ ਵਾਲੇ ਸੰਤਾਂ ਨੂੰ ਇਹ ਬੜਾ ਦੁਖ ਦੇਣਗੇ ਇਹ ਲੋਕ। ਤੁਸੀਂ ਸਰਾਫ ਦੇ ਦਿਓ, ਸ਼ਕਤੀ ਵਰਤ ਲਓ। ਮਹਾਰਾਜ ਕਹਿੰਦੇ ਕੀਹਨੂੰ ਸਰਾਫ ਦੇ ਲਈਏ–

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***

***ਤ੍ਵਪ੍ਰਸਾਦਿ ਕਬਿੱਤ***

ਕਹਿਣ ਲੱਗੇ, ਮਹਾਂਪੁਰਸ਼ੋ! ਸਰਾਫ ਤਾਂ ਦਿਤਾ ਜਾਂਦਾ ਹੈ, ਜੇ ਇਥੇ ਕੋਈ ਹੋਰ ਹੋਵੇ।

***ਮਨਿ ਸਾਚਾ ਮੁਖਿ ਸਾਚਾ ਸੋਇ ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥***

***ਅੰਗ - ੨੭੨***

ਇਹ ਤਾਂ ਆਪੇ ਹੀ ਹੈ।

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥***

***ਅੰਗ - ੯੩੦***

ਮਹਾਰਾਜ ਕਹਿੰਦੇ ਨੇ ਕਿ ਪਛਾਣ ਵੀ ਹੈ ਕਿ ਐਵੇਂ ਹੀ ਕਹੀ ਜਾਂਦਾ ਹੈ ਕਿ ਰੱਬ ਹੀ ਐਥੇ।

ਇਹ ਇਕ ਅਵਸਥਾ ਹੈ ਜੋ ਗੁਰੂ ਨਾਨਕ ਪਾਤਸ਼ਾਹ ਨੇ ਤੱਤੀਆਂ ਤਵੀਆਂ ਤੇ ਬੈਠ ਕੇ ਪ੍ਰਤੱਖ ਰੂਪ ਵਿਚ ਉਹਦਾ ਹੱਲ ਕਰ ਦਿਤਾ।

ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਐਲਾਨ ਕਰ ਦਿਤਾ ਕਿ ਅਸੀਂ ਫਲਾਣੀ ਤਰੀਕ ਨੂੰ ਚਲੇ ਜਾਣਾ, ਸੰਗਤਾਂ ਇਕੱਠੀਆਂ ਹੋ ਗਈਆਂ, ਬਹੁਤ ਬਿਰਹਾ ਹੋਣ ਲਗ ਗਿਆ। ਉਸ ਵੇਲੇ ਬਾਬਾ ਜੀ ਦੇ ਪਾਸ ਛੋਟੇ ਸੰਤ ਬਾਬਾ ਲਾਲ ਸਿੰਘ ਜੀ ਸੰਗਤ ਨੂੰ ਲੈ ਕੇ, ਬਾਬਾ ਜੀ ਤੁਸੀਂ ਸਮਰੱਥ ਪੁਰਸ਼ ਹੋਂ। ਹੋਰ ਠਹਿਰੋ। ਕਹਿੰਦੇ, ਲਾਲ ਸਿੰਘਾ! ਫੇਰ ਐਉਂ ਕਰ ਜਾਂਦੇ ਹਾਂ, ਦੋ ਸਾਲ, ਦੋ ਮਹੀਨੇ, ਦੋ ਦਿਨ ਤੇਰਾ ਸਮਾਂ ਰਹਿੰਦਾ ਹੈ, ਅਸੀਂ ਤੇਰੇ ਵਾਲੇ ਸਮਾਂ ਲੈ ਲੈਂਦੇ ਹਾਂ, ਤੂੰ ਸਾਡੇ ਵਾਲਾ ਲੈ ਲੈ, ਕਹਿੰਦੇ ਸਾਢੇ ਚਾਰ ਵਜੇ ਵਾਸਤੇ ਤਿਆਰ ਹੋ ਜਾ, ਸਾਢੇ ਚਾਰ ਠੀਕ ਅਸੀਂ ਚਲੇ ਜਾਣਾ ਹੈ ਇਥੋਂ। ਬਾਬਾ ਜੀ ਇਸ਼ਨਾਨ ਕਰਕੇ ਲੰਗਰ ਵਰਤਾਉਂਦੇ ਸੀ। ਚਾਰ ਵਜੇ ਇਸ਼ਨਾਨ ਕਰਕੇ ਪਹੁੰਚ ਕੇ ਬਹੁਤ ਬੇਨਤੀ ਦੇ ਸ਼ਬਦ ਪੜ੍ਹਨ ਤੋਂ ਬਾਅਦ ਚਾਰ ਵਜ ਕੇ 25 ਮਿੰਟ ਤੇ ਜਪੁਜੀ ਸਾਹਿਬ ਦਾ ਭੋਗ ਪੈ ਕੇ ਬਕਸੇ ਵਿਚ ਪੈ ਗਏ। ਅੰਦਰ ਹੀ ਬੇਨਤੀਆਂ ਕਰਦੇ ਨੇ, ਬਾਬਾ ਕਰਮ ਸਿੰਘ ਜੀ ਕਹਿਣ ਲੱਗੇ, ਭਾਈ ਸਾਢੇ ਚਾਰ ਹੋ ਗਏ ਦੇਖੋ ਜਾ ਬਾਬਾ ਲਾਲ ਸਿੰਘ ਉਹਨੇ ਚਲੇ ਗਏ। ਗੋਰੇ ਵੀ ਬੈਠੇ ਨੇ ਜਰਨੈਲ ਉਥੇ, ਸਾਰੀ ਦੁਨੀਆਂ ਬੈਠੀ ਹੈ। ਹੱਥ ਲਾਇਆ, ਉਥੇ ਕੁਛ ਨਹੀਂ ਹੈ।

ਅੱਜਕਲ੍ਹ ਦਾ ਜ਼ਮਾਨਾ ਹੁੰਦਾ ਤਾਂ ਕਹਿੰਦੇ ਬਕਸੇ ਦੇ ਥੱਲੇ ਬਿਜਲੀ ਲਾਈ ਹੋਣੀ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਗੁਰਮੁਖ ਆਵੈ ਜਾਏ ਨਿਸੰਗੁ॥***

ਸਰੀਰ ਛੱਡਣ ਤੋਂ ਬਾਅਦ ਫੇਰ ਆ ਜਾਂਦਾ ਹੈ। ਸਵਾਮੀ ਰਾਮ ਜੀ ਲਿਖਦੇ ਨੇ 'ਹਿਮਾਲੀਅਨ ਯੋਗੀ ਦੇ ਸੰਗ' ਵਿਚ ਇਕ ਸੰਤ ਕੋਲ ਇਨ੍ਹਾਂ ਦੇ ਗੁਰੂ ਜੀ ਨੇ ਭੇਜਿਆ ਕਿ ਜਾਹ ਉਹਦੇ ਕੋਲ ਤੇ ਜਾ ਕੇ ਪੁਛ ਕਿ ਉਹ ਕਿਵੇਂ ਭਜਨ ਕਰਦੇ ਨੇ। ਸਵਾਮੀ ਜੀ ਲਿਖਦੇ ਨੇ ਕਿ 89 ਸੰਤਾਂ ਦੇ ਕੋਲ ਮੈਂ ਗਿਆ, ਉਨ੍ਹਾਂ ਦੇ ਭਗਤੀ ਦੇ ਤਰੀਕੇ, ਉਨ੍ਹਾਂ ਦੀਆਂ ਗੱਲਾਂ ਸਾਰੀਆਂ ਦਾ ਅਨੁਭਵ ਹੈ। ਜਦੋਂ ਉਥੇ ਗਿਆ, 9 ਮੀਲ ਦੂਰ ਸੀ, ਉਥੇ ਉਨ੍ਹਾਂ ਨੇ ਪ੍ਰਸ਼ਾਦਾ ਭੇਜ ਦਿਤਾ 9 ਮੀਲ ਤੇ। ਜਿਹੜਾ ਲੈ ਕੇ ਆਇਆ, ਉਸ ਨੇ ਕਿਹਾ ਕਿ ਤੁਸੀਂ ਆ ਰਹੇ ਸੀ, ਉਨ੍ਹਾਂ ਨੇ ਕਿਹਾ ਕਿ ਉਹ ਭੁੱਖਾ ਹੈ, ਜਾਹ 9 ਮੀਲ ਚਲਿਆ ਜਾਹ, ਉਥੇ ਜਾ ਕੇ ਪ੍ਰਸ਼ਾਦਾ ਦੇ ਦੇਈਂ ਫਲਾਣੇ ਰਸਤੇ ਆ ਜਾਈਂ। ਉਹ ਕਹਿਣ ਲੱਗੇ ਕਿ ਮੈਂ ਏਸ ਗੱਲ ਨੂੰ ਕੋਈ ਬਹੁਤਾ ਨਾ ਗੋਲਿਆ। ਕਿਉਂਕਿ ਅਸੀਂ ਵੀ sense ਕਰ ਜਾਂਦੇ ਹਾਂ ਕਿ ਫਲਾਣਾ ਬੰਦਾ ਆ ਰਿਹਾ ਹੈ। ਇਹ ਕੋਈ ਵੱਡੀ ਗੱਲ ਨਹੀਂ ਹੈ ਸਾਧਾਰਣ ਗੱਲ ਹੈ ਯੋਗ ਦੇ ਅੰਦਰ। ਉਸ ਤੋਂ ਬਾਅਦ ਜਦੋਂ ਮੈਂ ਚਲਿਆ ਗਿਆ ਉਥੇ ਤਾਂ ਮੈਂ ਜਾ ਕੇ ਉਹਨੂੰ ਪੁਛਿਆ ਕਿ ਕਿਵੇਂ ਆਏ, ਮੈਂ ਕਿਹਾ ਮੈਂ ਤਾਂ ਤੁਹਾਡੇ ਤੋਂ ਆਹ ਗੱਲਾਂ ਪੁੱਛਣ ਆਇਆ ਸੀ। ਕਹਿਣ ਲੱਗੇ, ਮਿਸਟਰ ਯੂ ਆਰ ਟੂ ਲੇਟ। ਕਿਉਂਕਿ ਮੈਂ ਫੈਸਲਾ ਕਰ ਲਿਆ ਸੰਸਾਰ ਤੋਂ ਜਾਣ ਦਾ। ਸਵੇਰੇ ਮੈਂ ਚਲਿਆ ਜਾਣਾ। ਰਹਿ ਤੂੰ ਇਥੇ। ਕਹਿੰਦੇ, ਮੈਂ ਰਹਿ ਪਿਆ, ਸਵੇਰੇ ਉਹਦੇ ਸਾਰੇ ਸੇਵਕ ਇਕੱਠੇ ਹੋ ਗਏ। ਐਉਂ ਆਰਾਮ ਨਾਲ ਬੈਠਾ ਸੀ, ਬੈਠਾ-ਬੈਠਾ ਕਹਿਣ ਲੱਗਿਆ ਕਿ ਮੈਂ ਤਾਂ ਚੱਲਿਆ। ਵਿਚੋਂ ਸਰੀਰ ਦੇ ਨਿਕਲ ਗਿਆ, ਮੁਰਦਾ ਸਰੀਰ ਹੋ ਗਿਆ, ਝਗੜਾ ਪੈ ਗਿਆ, ਈਸਾਈ ਕਹਿੰਦੇ ਅਸੀਂ ਲੈ ਕੇ ਜਾਣਾ ਹੈ, ਮੁਸਲਮਾਨ

ਕਹਿੰਦੇ ਅਸੀਂ ਕਬਰਸਤਾਨ 'ਚ ਲੈ ਕੇ ਜਾਣਾ ਹੈ, ਹਿੰਦੂ ਕਹਿੰਦੇ ਇਹ ਤਾਂ ਹੈ ਹੀ ਹਿੰਦੂ ਸਵਾਮੀ ਹੈ, ਅਸੀਂ ਤਾਂ ਇਹਨੂੰ ਸ਼ਮਸ਼ਾਨ ਭੂਮੀ 'ਚ ਲੈ ਕੇ ਜਾਣਾ ਹੈ।

ਡੀ.ਸੀ. ਆ ਗਿਆ, ਐਸ.ਪੀ. ਆਗਿਆ, ਪੁਲਿਸ ਆ ਗਈ। ਉਹ ਵੀ ਆਪਣੇ ਸੋਟੇ ਵਗੈਰਾ ਚੁੱਕ ਲਿਆਏ ਕਿ ਅਸੀਂ ਜ਼ਬਰਦਸਤੀ ਚੁੱਕ ਲਿਆਉਣਾ ਹੈ ਸਵਾਮੀ ਜੀ ਨੂੰ। ਚਾਰ ਘੰਟੇ ਰੌਲਾ ਪੈਂਦਾ ਰਿਹਾ। ਜਦੋਂ ਚਾਰ ਘੰਟੇ ਹੋ ਗਏ, ਉਹ ਸਾਰਿਆਂ ਪੁੱਛਣ ਕਿ ਮੁਸਲਮਾਨ ਕਿ ਕਿਵੇਂ ਹੈ। ਈਸਾਈਆਂ ਨੂੰ ਪੁੱਛਣ ਈਸਾਈ ਕਿਵੇਂ ਹੈ, ਉਹ ਕਹਿੰਦੇ ਕਿ ਇਹ ਸਾਨੂੰ ਕੁਰਾਨ ਸ਼ਰੀਫ ਦਾ ਉਪਦੇਸ਼ ਦਿੰਦਾ ਹੈ। ਈਸਾਈ ਕਹਿੰਦੇ ਸਾਨੂੰ ਬਾਈਬਲ ਦਾ ਦਿੰਦਾ ਸੀ। ਹਿੰਦੂਆਂ ਨੂੰ ਪੁਛਿਆ ਉਹ ਕਹਿੰਦੇ ਸਾਨੂੰ ਤਾਂ ਗੀਤਾ ਦਾ, ਵੇਦਾਂ ਦਾ ਉਪਦੇਸ਼ ਦਿੰਦਾ ਸੀ। ਉਪਦੇਸ਼ ਤਾਂ ਮਹਾਤਮਾ ਦਾ ਸਾਂਝਾ ਹੁੰਦਾ ਹੈ, ਉਹਨੂੰ ਚਾਹੇ ਬਾਈਬਲ ਨਾਲ ਜੋੜ ਲਓ, ਚਾਹੇ ਕੁਰਾਨ ਸ਼ਰੀਫ ਨਾਲ ਜੋੜ ਲਓ, ਚਾਹੇ ਗੁਰੂ ਗ੍ਰੰਥ ਸਾਹਿਬ ਨਾਲ ਜੋੜ ਲਓ ਇਕੋ ਹੀ ਗੱਲ ਹੈ। ਤੱਤ ਦੀ ਗੱਲ ਇਕੋ ਹੀ ਹੈ। ਫੈਸਲਾ ਓਹ ਵੀ ਨਾ ਕਰ ਸਕੇ।

ਤਾਂ ਮੈਨੂੰ ਕਹਿਣ ਲੱਗੇ ਕਿ ਸਵਾਮੀ! ਤੂੰ ਦੱਸ ਕਿ ਤੇਰੀ ਕੀ ਰਾਏ ਹੈ। ਮੈਂ ਕਿਹਾ, ਮੈਂ ਤਾਂ ਕੱਲ੍ਹ ਆਇਆ ਸੀ, ਏਸ ਸੰਤ ਨੇ ਤਾਂ ਝਗੜਾ ਹੀ ਪਾ ਦਿਤਾ, ਖਾਹਮਖਾਹ, ਮਰਿਆ ਕਾਹਦਾ ਹੈ। ਕਹਿੰਦਾ, ਮੈਂ ਹੈਰਾਨ ਹੋ ਗਿਆ, ਉਠ ਕੇ ਬੈਠ ਕੇ ਮੈਨੂੰ ਕਹਿੰਦਾ ਕਿ ਕਿਹੜਾ ਝਗੜਾ ਪਾਇਆ ਹੈ ਮੈਂ। ਕਹਿੰਦਾ, ਹਿੰਦੂ ਗੈਟ ਆਉਟ, ਸਾਰਿਆਂ ਨੂੰ ਕੱਢ ਦਿਤਾ, ਮੁਸਲਮਾਨ ਕਹਿੰਦੇ ਅਸੀਂ ਰਹਿ ਗਏ, ਉਨ੍ਹਾਂ ਨੂੰ ਵੀ ਕੱਢ ਦਿਤਾ, ਈਸਾਈ ਵੀ ਕੱਢ ਦਿਤੇ। ਕਹਿੰਦਾ ਕਿੰਨੇ ਮੂਰਖ ਬੰਦੇ ਨੇ। ਹੁਣ ਨਹੀਂ ਤੁਹਾਡੇ ਹੱਥ ਆਉਂਦਾ।

ਮੈਂ ਸੰਤ ਜੀ! ਤੁਸੀਂ ਇਨ੍ਹਾਂ ਨੂੰ ਦੱਸਿਆ ਕਿਉਂ ਨਹੀਂ। ਕਹਿੰਦਾ, ਮੈਂ ਕੀ ਦੱਸਦਾ, ਸੰਤਾਂ ਦੀ ਕੋਈ ਜਾਤ ਹੁੰਦੀ ਹੈ। ਜਿਹੜੇ ਸੰਤ ਦੀ ਜਾਤ ਹੈ ਉਹ ਸੰਤ ਹੀ ਨਹੀਂ ਹੈ।

ਇਹ ਵੀ ਉਚੀ ਗੱਲ ਹੈ ਬਹੁਤ। ਸੰਤ ਦੀ ਜਾਤ ਅੱਲਾਹ ਹੁੰਦੀ ਹੈ, ਵਾਹਿਗੁਰੂ ਹੁੰਦੀ ਹੈ।

ਕਹਿਣ ਲੱਗਿਆ, ਹੁਣ ਮੈਂ ਚਾਰ ਪੰਜ ਦਿਨ ਰੋਰ ਰਹਾਂਗਾ, ਤੂੰ ਪੁੱਛ ਲੈ ਜਿਹੜੀਆਂ ਗੱਲਾਂ ਮੇਰੇ ਤੋਂ ਪੁਛਣੀਆਂ ਨੇ। ਮੈਂ ਬਹੁਤ ਬਚਨ ਉਸ ਤੋਂ ਪੁੱਛੇ। ਪੰਜਵੇਂ ਦਿਨ ਕਹਿੰਦਾ ਕਿ ਚਲ, ਸਵਾਮੀ ਆਪਾਂ ਨਾਹ ਕੇ ਆਈਏ। ਕਹਿੰਦੇ, ਮੈਂ ਤਾਂ ਹੁਣ ਚਲਿਆ ਜਾਣਾ ਹੈ, ਲੱਭਣਾ ਨਹੀਂ ਕਿਸੇ ਨੂੰ ਵੀ ਜ਼ੋਰ ਲਾ ਲੈਣ। ਕਹਿੰਦੇ, ਮੈਂ ਵੀ ਨਾਹ ਰਿਹਾ ਸੀ ਤੇ ਉਹ ਵੀ, ਟੁੱਭੀ ਮਾਰੀ, ਮੁੜ ਕੇ ਨਿਕਲੇ ਹੀ ਨਹੀਂ। ਮੈਂ ਰੌਲਾ ਪਾ ਦਿਤਾ ਕਿ ਤੁਹਾਡਾ ਸੰਤ ਤਾਂ ਗਿਆ।

ਬਥੇਰੇ ਨੱਠੇ ਫਿਰੇ, ਥੋੜ੍ਹਾ-ਥੋੜ੍ਹਾ ਪਾਣੀ ਸੀ, ਪਰ ਲੱਭਿਆ ਹੀ ਨਹੀਂ ਉਹ ਕਿਸੇ ਨੂੰ। ਸਰੀਰ ਹੀ ਗੁੰਮ ਕਰ ਲਿਆ।

ਮੈਂ ਬੇਨਤੀ ਕਰਦਾਂ ਹਾਂ ਕਿ ਚਾਹੇ ਗੁਰੂ ਘਰ ਹੈ ਚਾਹੇ ਹੋਰ ਹੈ ਜਿਹੜੀ ਬਿਰਤੀ ਪਹੁੰਚੀ ਹੋਈ ਹੈ, ਕਾਲ ਉਹਦੇ ਹੱਥ ਵਿਚ ਹੁੰਦਾ ਹੈ ਜਦੋਂ ਜੀਅ ਕਰੇ ਆ ਜਾਵੇ, ਜਦੋਂ ਜੀਅ ਕਰੇ ਚਲਿਆ ਜਾਵੇ। ਚਾਰ ਪੰਜ ਘੰਟੇ ਮਰੇ ਨੂੰ ਹੋ ਗਏ ਸੀ, ਫੇਰ ਉਠ ਕੇ ਬਹਿ ਗਿਆ। ਮਰਜ਼ੀ ਨਾਲ ਫੇਰ ਚਲਿਆ ਗਿਆ।

ਗੁਰੂ ਮਹਾਰਾਜ ਜੀ ਸਾਰੀਆਂ ਤਕਲੀਫਾਂ ਸਹਿ ਰਹੇ ਨੇ ਉਸ ਤੋਂ ਬਾਅਦ ਆਪ ਜੀ ਐਸਾ ਇਤਿਹਾਸ ਲਿਖਦੇ ਨੇ ਕਿ ਮਹਾਰਾਜ ਕਹਿੰਦੇ ਨੇ ਕਿ ਇਸ਼ਨਾਨ ਕਰਨਾ ਹੈ, ਕਈਆਂ ਵਿਚ ਐਉਂ ਲਿਖਿਆ ਹੋਇਆ ਹੈ ਕਿ ਉਥੇ ਬਰੇਤੀ ਤੇ ਹੀ ਉਨ੍ਹਾਂ ਨੂੰ ਰੱਖਿਆ ਗਿਆ, ਉਥੇ ਹੀ ਤੜਫ-ਤੜਫ ਕੇ ਉਨ੍ਹਾਂ ਦਾ ਸਰੀਰ ਛੁਟ ਗਿਆ। ਕਈਆਂ ਵਿਚ ਇਹ ਲਿਖਿਆ ਹੋਇਆ ਹੈ ਕਿ ਉਨ੍ਹਾਂ ਨੂੰ ਹੋਰ ਸਜ਼ਾ ਦੇਣ ਵਾਸਤੇ, ਠੰਢੇ ਪਾਣੀ ਵਿਚ ਗੋਤੇ ਦੇਣ ਲਗ ਗਏ ਕਿ ਛਾਲੇ ਜਿਹੜੇ ਨੇ ਪਏ ਹੋਏ, ਉਹ ਹੋਰ ਦੁਖਣ। ਆਪਣੀ-ਆਪਣੀ ਮੱਤ ਹੈ। ਮਹਿਮਾ ਪ੍ਰਕਾਸ਼ ਨੇ ਕੁਛ ਵੀ ਨਹੀਂ ਲਿਖਿਆ, ਕਿਤੇ ਵੀ ਨਹੀਂ ਕਿ ਤੱਤੀ ਤਵੀ ਤੇ ਬੈਠੇ, ਹੁਣ ਕਿਹੜੇ ਇਤਿਹਾਸ ਨੂੰ ਮੰਨੀਏ ਕਿਹੜੇ ਨੂੰ ਛੱਡੀਏ। ਜੇ ਅਸੀਂ ਆਪਣਾ ਮਤਲਬ ਸਿੱਧ ਕਰਨ ਵਾਸਤੇ ਕਿਸੇ ਦੀ ਬਾਂਹ ਕਿਸੇ ਦੀ ਲੱਤ ਖਿਚਦੇ ਹਾਂ, ਐਉਂ ਕਰਕੇ ਗੁਜ਼ਾਰਾ ਕਰਦੇ ਨੇ ਇਤਿਹਾਸ ਵਿਚ ਤਾਂ ਤੁਹਾਨੂੰ ਸਿੱਧੀ ਗੱਲ ਦੱਸੀਏ। ਇਹ ਤਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਕ੍ਰਿਪਾ ਕਰ ਦਿਤੀ, ਸਿੱਕੇਬੱਧ ਕਰ ਦਿਤਾ, ਇਹਦੇ ਕਰਕੇ ਆਪਾਂ ਬਚੇ ਹੋਏ ਹਾਂ, ਇਤਿਹਾਸ ਨਾਲ ਨਹੀਂ ਸੀ ਬਚਣਾ। ਬਹੁਤ ਗਲਤ ਗੱਲਾਂ ਲਿਖ ਦਿੰਦੇ ਨੇ।

ਖੈਰ, ਗੁਰੂ ਮਹਾਰਾਜ ਨੇ ਸਰੀਰ ਛੱਡ ਦਿਤਾ, ਐਸਾ ਲਿਖਿਆ ਹੋਇਆ ਹੈ ਕਿ ਚੰਦਨ ਦੀ ਚਿਖਾ ਤਿਆਰ ਕਰਕੇ ਉਥੇ ਸਸਕਾਰ ਕੀਤਾ। ਕਈ ਥਾਂ ਤੇ ਐਸਾ ਲਿਖਿਆ ਹੈ ਕਿ ਗੁਰੂ ਮਹਾਰਾਜ ਨੇ ਇਸ਼ਨਾਨ ਕਰਨ ਵਾਸਤੇ ਵੜੇ, ਕਹਿੰਦੇ ਲਓ ਬਈ ਅਸੀਂ ਆਪਣਾ ਸਰੀਰ ਜਿਹੜਾ ਹੈ, ਜਿਵੇਂ ਗੁਰੂ ਨਾਨਕ ਸਾਹਿਬ ਨੇ ਅਲੋਪ ਕਰਿਆ ਸੀ, ਅਸੀਂ ਵੀ ਕਰ ਲੈਂਦੇ ਹਾਂ। ਨਹੀਂ ਤਾਂ ਜੇ ਐਨੀ ਪਬਲਿਕ ਸੀ ਗਈ ਹੋਈ, ਤਾਂ ਪਾਣੀ ਤਾਂ ਡੂੰਘਾ ਨਹੀਂ ਸੀ, ਉਥੇ ਟੋਲ੍ਹ ਟਾਲ ਲੈਣਾ ਸੀ ਕਿ ਆਹ ਗੁਰੂ ਸਾਹਿਬ ਦਾ ਸਰੀਰ ਜਾ ਰਿਹਾ ਹੈ।

ਇਹ ਤਾਂ ਉਨ੍ਹਾਂ ਦੀ ਮੌਜ ਦੀ ਪ੍ਰਗਟ ਕਰ ਲੈਣਾ, ਗੁਪਤ ਹੋ ਜਾਣਾ। ਸਰੀਰ ਗੁਪਤ ਕਰ ਲਿਆ। ਸੋ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਐਸੀ ਜੋ ਘਟਨਾ ਹੈ, ਗੁਰ ਇਤਿਹਾਸ ਦੇ ਅੰਦਰ ਬਹੁਤ ਵੱਡੀ ਘਟਨਾ ਹੈ ਜਿਹੜੀ ਸਾਨੂੰ ਬਹੁਤ ਸਾਰੇ ਸਬਕ ਦਿੰਦੀ ਹੈ। ਕੌਮ ਦੀ ਮਜ਼ਬੂਤੀ ਇਸ ਘਟਨਾ ਤੋਂ ਸ਼ੁਰੂ ਹੁੰਦੀ ਹੈ। ਜੇ ਗੁਰੂ ਮਹਾਰਾਜ ਸ਼ਕਤੀਆਂ ਦਿਖਾ ਦਿੰਦੇ, ਨਾ ਅੱਗ ਜਲਣ ਦਿੰਦੇ, ਨਾ ਪਾਣੀ ਗਰਮ ਹੋਣ ਦਿੰਦੇ, ਨਾ ਉਨ੍ਹਾਂ ਦੀਆਂ ਹਥਕੜੀਆਂ ਰਹਿੰਦੀਆਂ, ਫੇਰ ਕੀ ਹੁੰਦਾ। ਫੇਰ ਤਾਂ ਇਹ ਹੋਣਾ ਸੀ ਕਿ ਉਹ ਸ਼ਕਤੀ ਵਾਲੇ ਸੀ, ਸਾਡੇ ’ਚ ਸ਼ਕਤੀ ਨਹੀਂ ਹੈ, ਇਹ ਸੰਘਰਸ਼ ਨਹੀਂ ਸੀ ਚਲ ਸਕਣਾ। ਕੌਮ ਦਾ ਸੰਘਰਸ਼ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਗੁਰੂ ਅੱਠਵੇਂ ਪਾਤਸ਼ਾਹ, ਗੁਰੂ ਛੇਵੇਂ ਪਾਤਸ਼ਾਹ, ਗੁਰੂ ਪੰਜਵੇਂ ਪਾਤਸ਼ਾਹ, ਹੋਰ ਅਨੇਕਾਂ ਗੁਰਸਿੱਖ ਭਾਈ ਮਨੀ ਸਿੰਘ ਵਰਗੇ, ਭਾਈ ਤਾਰੂ ਸਿੰਘ ਵਰਗੇ ਸ਼ਕਤੀਆਂ ਸੰਪੰਨ ਸੀਗੇ ਸਾਰੇ। ਲੇਕਿਨ ਉਨ੍ਹਾਂ ਨੇ ਇਕ ਲਾਈਨ ਤੋਰ ਦਿਤੀ ਕਿ ਸੱਚ ਦੇ ਉਤੋਂ ਕੁਰਬਾਨ ਹੋਣਾ, ਸੱਚ ਦੀ ਸ਼ਹਾਦਤ ਦੇਣੀ ਅਤੇ ਸੱਚ ਦੀ ਸ਼ਹਾਦਤ ਦਿੰਦੇ ਜੇ ਸਰੀਰ ਜਾਂਦਾ ਹੈ ਤਾਂ ਜਾਣ ਦਿਓ ਕੋਈ ਗੱਲ ਨਹੀਂ ਹੈ। ਕਿਉਂਕਿ ਸਰੀਰ ਨੇ ਤਾਂ ਲੇਖੇ ਲਗਣਾ ਹੀ ਲਗਣਾ ਹੈ। ਇਹ ਗੱਲ ਉਹ ਹੈ ਕਿ –

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*

*ਅੰਗ – ੬੨*

ਪਹਿਲੇ ਸਾਧੂ ਜਦੋਂ ਬ੍ਰਹਮਗਿਆਨ ਹੋ ਜਾਂਦਾ, ਪ੍ਰਕਾਸ਼ ਹੋ ਜਾਂਦਾ, ਉਸ ਤੋਂ ਬਾਅਦ ਸਰੀਰ ਦੀ ਲੋੜ ਨਹੀਂ ਸੀ ਸਮਝਦੇ, ਆਪਣੇ ਆਪ ਹੀ ਛੱਡ ਦਿਆ ਕਰਦੇ ਸੀ, ਕਿ ਹੁਣ ਮੈਨੂੰ ਲੋੜ ਨਹੀਂ ਹੈ, ਜੋ ਕੁਛ ਲੈਣਾ ਸੀ ਮਿਲ ਗਿਆ, ਜੋ ਕੁਛ ਪਾਉਣਾ ਸੀ ਪਾ ਲਿਆ, ਜੋ ਕੁਛ ਜਾਨਣਾ ਸੀ ਜਾਣ ਲਿਆ, ਹੁਣ ਇਸ ਤੋਂ ਅੱਗੇ ਕੋਈ ਚੀਜ਼ ਨਹੀਂ। ਲੇਕਿਨ ਗੁਰੂ ਘਰ ਦੇ ਅੰਦਰ ਹੈ ਕਿ ਬ੍ਰਹਮਗਿਆਨ ਦੀ ਪ੍ਰਾਪਤੀ ਕਰਨ ਤੋਂ ਬਾਅਦ ਇਹ ਸਰੀਰ ਨੂੰ ਸ਼ੁਭ ਲੇਖੇ ਵਿਚ ਲਾਓ। ਚਾਹੇ ਤਾਂ ਸੇਵਾ ਕਰੋ ਸੰਗਤਾਂ ਦੀ, ਚਾਹੇ ਕੀਰਤਨ ਨਾਲ ਸੇਵਾ ਕਰੋ, ਚਾਹੇ ਹੋਰ ਤਰੀਕੇ ਨਾਲ ਸੇਵਾ ਕਰੋ। ਸੇਵਾ ਕਰੋ, ਏਸ ਸਰੀਰ ਨੂੰ ਅੰਤ ਸਮੇਂ ਤੱਕ ਜਦੋਂ ਤਕ ਆਖਰੀ ਸੁਆਸ ਨਹੀਂ ਆਉਂਦਾ ਇਹਨੂੰ ਲੇਖੇ ਵਿਚ ਲਾਓ।

ਸੋ ਗੁਰੂ ਅਰਜਨ ਪਾਤਸ਼ਾਹ ਜੀ ਦੀ ਜੋ ਮਹਿਮਾ ਹੈ, ਉਹਦੇ ਬਾਰੇ ਭੱਟਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਐਸੀ ਸ਼ਰਧਾ ਪ੍ਰਗਟਾਈ ਹੈ।

*ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥*

*ਅੰਗ – ੧੪੦੯*

ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ, ਸੁਣਿਆ ਹੈ, ਉਹਦਾ ਫਲ ਕੀ ਹੋਇਆ ਉਹ ਗਰਬ ਜੂਨ ਦੇ ਵਿਚ ਫੇਰ ਨਹੀਂ ਆਉਂਦੇ, ਦੁਬਾਰਾ ਨਹੀਂ ਨਜ਼ਰ ਵਿਚ ਆਉਣਗੇ –

*ਜਬ ਲਉ ਨਹੀ ਭਾਗ ਲਿਲਾਰ ਉਦੈ*
*ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥*

*ਅੰਗ – ੧੪੦੯*

ਜਿਨ੍ਹਾਂ ਚਿਰ ਮੱਥੇ ਦੇ ਵਿਚ ਭਾਗ ਨਹੀਂ ਸੀ ਲਿਖਿਆ। ਸਾਰੀ ਜ਼ਿੰਦਗੀ ਕੱਢ ਦਿਤੀ ਭਰਮਦਿਆਂ ਨੇ, ਕੋਈ ਥਾਂ ਨਾ ਮਿਲਿਆ,

*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ*
*ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥*
*ਤਤੁ ਬਿਚਾਰੁ ਯਹੈ ਮਥੁਰਾ*
*ਜਗ ਤਾਰਨ ਕਉ ਅਵਤਾਰੁ ਬਨਾਯਉ ॥*

*ਅੰਗ – ੧੪੦੯*

ਤੱਤ ਵਿਚਾਰ ਤਾਂ ਇਹ ਹੈ ਕਿ ਗੁਰੂ ਅਰਜਨ ਪਾਤਸ਼ਾਹ ਜੀ ਨੇ ਨਿਰਗੁਨ ਸਰੂਪ ’ਚੋਂ ਸੰਸਾਰ ਦਾ ਉਧਾਰ ਕਰਨ ਵਾਸਤੇ ਇਹ ਅਵਤਾਰ ਬਣਾਇਆ ਸੀ, ਸਰੀਰ ਬਣਾਇਆ ਸੀ ਤੇ ਹੁਣ ਜਿਨ੍ਹਾਂ ਨੇ ਇਨ੍ਹਾਂ ਦਾ ਧਿਆਨ ਧਰਿਆ ਹੈ –

*ਸ੍ਰੀ ਗੁਰੂ ਹਰਿ ਕ੍ਰਿਸ਼ਨ ਧਿਆਈਐ*
*ਜਿਸੁ ਡਿਠੈ ਸਭੁ ਦੁਖ ਜਾਇ॥*

ਹੁਣ ਜਿਹੜਾ ਗੁਰੂ ਅਰਜਨ ਪਾਤਸ਼ਾਹ ਦਾ ਧਿਆਨ ਕਰਦਾ ਹੈ, ਉਹਦੇ ਨਾਲ ਕੀ ਹੁੰਦਾ ਹੈ।

*ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥*

*ਅੰਗ – ੧੪੦੯*

ਫੇਰ ਨਹੀਂ ਉਹਨੂੰ ਸੰਕਟ ਪੈਣਾ, ਗਰਭ ਜੋਨੀ ’ਚ ਨਹੀਂ ਆਵੇਗਾ ਜਿਨ੍ਹਾਂ ਨੇ ਉਨ੍ਹਾਂ ਦਾ ਜਸ ਸੁਣਿਆ ਹੈ, ਜਸ ਗਾਇਆ ਹੈ, ਜਸ ਨੂੰ ਹਿਰਦੇ ’ਚ ਵਸਾਇਆ ਹੈ ਕਿਉਂਕਿ ਉਹ ਆਪ ਹੀ ਪ੍ਰਮੇਸ਼ਰ ਸੀਗੇ। ਪ੍ਰਮੇਸ਼ਰ ਉਨ੍ਹਾਂ ਦੇ ਸਰੀਰ ’ਚ ਸਾਖਸ਼ਾਤ ਵਸਦਾ ਸੀ, ਉਥੇ ਦੋ ਨਹੀਂ ਸੀਗੇ ਆਪ ਹੀ ਪ੍ਰਮੇਸ਼ਰ ਸੀ।

*ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥*
*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ॥*

*ਅੰਗ – ੧੪੦੯*

ਸੋ ਐਸੇ ਮਹਾਨ ਗੁਰੂਆਂ ਬਾਰੇ ਆਪ ਨੇ ਪੜ੍ਹਿਆ ਹੈ। ਸੋ ਜਿੰਨੀ ਕੁ ਬੁੱਧੀ ਬਖਸ਼ੀ ਹੈ ਉਸਦੇ ਮੁਤਾਬਿਕ ਮੈਂ ਬੇਨਤੀ ਕਰੀ ਹੈ, ਕਿਉਂਕਿ ਸਾਨੂੰ ਸ਼ੱਕ ਪੈ ਜਾਂਦੇ ਨੇ ਕਿ ਗੁਰੂ ਮਹਾਰਾਜ ਨੇ ਸ਼ਕਤੀ ਕਿਉਂ ਨਾ ਦਿਖਾਲੀ। ਆਹ ਬੁੱਧੀਜੀਵੀ

ਲੋਕ ਨੇ ਕਈ ਪ੍ਰੋਫੈਸਰ ਕਹਿੰਦੇ ਨੇ ਕਿ ਸ਼ਕਤੀ ਹੈ ਹੀ ਨਹੀਂ ਸੀ, ਜੇ ਹੁੰਦੀ ਤਾਂ ਦਿਖਾਂਦੇ। ਉਹ ਆਪਣੇ ਹਿਸਾਬ ਨਾਲ ਚੱਲੀ ਜਾਂਦੇ ਨੇ। ਜਗਿਆਸੂ ਡੋਲਦਾ ਹੈ ਕਿ ਜਿਹੜੇ ਆਪਣੀ ਮਦਦ ਨਹੀਂ ਕਰ ਸਕੇ, ਸਾਡੀ ਕੀ ਕਰਨਗੇ। ਡੋਲਦਾ ਹੈ ਨਾ ਕੁਦਰਤੀ ਕਿ ਆਪ ਹੀ ਤੱਤੀਆਂ ਤਵੀਆਂ 'ਤ ਬਹਿ ਗਏ, ਆਪ ਹੀ ਦੇਗਾਂ 'ਚ ਉਬਾਲੇ ਖਾਏ, ਸਾਡੀ ਰਾਖੀ ਕੀ ਕਰਨਗੇ? ਗੁਰੂ ਤਾਂ ਇਹ ਕਹਿੰਦਾ ਹੈ -

***ਰੋਗਨ ਤੇ ਅਰ ਸੋਗਨ ਤੇ***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

ਲੱਖ ਬੰਦਾ ਬਰਖਿਲਾਫ ਹੋਵੇ, ਜੇ ਗੁਰੂ ਵਲ ਹੈ ਤਾਂ ਉਸ ਦਾ ਕੁਛ ਨਹੀਂ ਵਿਗੜਦਾ। ਪਰ ਇਥੇ ਅਸੀਂ ਦੇਖਦੇ ਹਾਂ ਕਿ ਗੁਰੂ ਆਪ ਹੀ ਤੱਤੀਆਂ ਤਵੀਆਂ ਤੇ ਬੈਠ ਗਏ।

ਨਹੀਂ ਸਾਧਸੰਗਤ ਜੀ! ਇਹ ਗੁਰੂ ਦਾ ਆਪਣਾ part ਸੀ ਜਿਹੜਾ ਉਨ੍ਹਾਂ ਨੇ ਕੌਮ ਦੀ ਉਸਾਰੀ ਵਾਸਤੇ ਕਰਨਾ ਹੀ ਕਰਨਾ ਸੀ। ਇਹਦੇ ਵਿਚ ਸ਼ਰਧਾ ਤੋੜ ਕੇ, ਇਸ ਤਰ੍ਹਾਂ ਦੀ ਗਲਤ ਸੋਚ ਨਹੀਂ ਸੋਚਣੀ ਚਾਹੀਦੀ। ਗੁਰੂ ਮਹਾਰਾਜ ਸਮਰੱਥ ਸੀਗੇ, ਜੋ ਕੁਛ ਕਰਨਾ ਚਾਹੁੰਦੇ ਕਰ ਸਕਦੇ ਸੀ, ਕਿਹਦੀ ਤਾਕਤ ਸੀ ਉਨ੍ਹਾਂ ਵਲ ਝਾਕਣ ਦੀ। ਕਿਉਂਕਿ ਗੁਰੂ ਤੇ ਪ੍ਰਮੇਸ਼ਰ 'ਚ ਫਰਕ ਨਹੀਂ ਹੁੰਦਾ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਉਹ ਤਾਂ ਮਹਾਨ ਸ਼ਕਤੀਆਂ ਦੇ ਮਾਲਕ ਹੁੰਦੇ ਨੇ, ਫੁਰਨਾ ਕਰਨ ਦੀ ਲੋੜ ਹੈ, ਕੁਛ ਵੀ ਨਹੀਂ ਰਹਿੰਦਾ। ਲੇਕਿਨ ਉਨ੍ਹਾਂ ਨੇ ਆਉਣ ਵਾਲੀ ਜਿਹੜੀ ਕੌਮ ਸੀ ਉਹਦੇ ਵਿਚ ਜਾਨ ਭਰਨ ਵਾਸਤੇ, ਉਹਦੇ ਵਿਚ ਤਕਲੀਫਾਂ ਨੂੰ ਸਹਿ ਲੈਣ ਵਾਸਤੇ ਆਪ ਨੇ ਇਕ ਮਾਰਗ ਦਰਸ਼ਨ ਦਿਤਾ।

ਫੌਜ ਦੇ ਅੰਦਰ ਜਿਹੜਾ ਪੀ ਟੀ ਮਾਸਟਰ ਹੁੰਦਾ ਹੈ, ਜਾਂ ਦੂਸਰਾ ਹੁੰਦਾ ਹੈ ਉਹ ਪਹਿਲਾਂ ਆਪ ਕਰਕੇ ਦਿਖਾਉਂਦਾ ਹੈ, ਚਾਹੇ ਉਹਨੂੰ ਕਰਨ ਦੀ ਲੋੜ ਨਹੀਂ ਕੋਈ ਹੁੰਦੀ, ਕਿਉਂਕਿ ਉਹਦੀ ਡਿਊਟੀ ਲੱਗੀ ਹੋਈ ਹੈ ਕਿ ਇਹ ਉਸਤਾਦ, ਉਸਤਾਦ ਨੇ ਜਿਹੜੇ ਰੰਗਰੂਟ ਨੇ ਸਿਖਾਉਣਾ ਹੀ ਸਿਖਾਉਣਾ ਹੈ। ਉਵੇਂ ਜਿਵੇਂ ਸਾਰਾ ਕੁਛ ਕਰਕੇ ਦਿਖਾਉਂਦਾ ਹੈ, ਹਾਲਾਂਕਿ ਉਹ ਤਾਂ ਪਾਸ ਹੋਇਆ ਹੋਇਆ ਹੈ। ਸੋ ਗੁਰੂਆਂ ਨੇ ਜੇ ਤਾਂ ਇਹ ਧਰਮ ਦਾ ਮਾਰਗ ਨਾ ਚੱਲਣਾ ਹੁੰਦਾ ਫੇਰ ਤਾਂ ਕਿਸੇ ਦੀ ਤਾਕਤ ਨਹੀਂ ਸੀ ਗੁਰੂ ਸਾਹਿਬ ਨੂੰ ਕੋਈ ਤੱਤੀ ਤਵੀ ਤੇ ਬਿਠਾ ਦਿੰਦਾ, ਇਹ ਇਕ ਮਾਰਗ ਸੀ। ਇਹ ਇਕ ਲੰਮਾ ਰਸਤਾ ਹੈ ਜਿਹੜਾ ਸੰਸਾਰ ਦੇ ਉਤੇ ਫੈਲਣਾ ਹੈ, ਕਿਸੇ ਸਮੇਂ ਤੇ ਜਦੋਂ ਸਾਨੂੰ ਸੁਮੱਤ ਆ ਗਈ, ਅਜੇ ਸਾਨੂੰ ਅਕਲ ਨਹੀਂ ਆਈ। ਕਮਲਿਆਂ ਦੇ ਹੱਥ ਪੈ ਗਈ ਬਹੁਤ ਵੱਡੀ ਗੱਲ। ਕਮਲੇ ਆਪਸ ਵਿਚ ਹੀ ਲੜੀ ਜਾਂਦੇ ਨੇ, ਅੰਨ੍ਹੇ ਹਾਂ ਅਸੀਂ। ਦੁਨੀਆਂ ਨੂੰ ਨਹੀਂ ਦੱਸ ਸਕਦੇ, ਜੇ ਕੋਈ ਦੱਸਣ ਦੀ ਕੋਸ਼ਿਸ਼ ਕਰਦਾ ਹੈ, ਕਹਿੰਦੇ ਨੇ ਇਹਨੂੰ ਖਿੱਚ ਕੇ ਥੱਲੇ ਸੁੱਟ ਦਿਓ।

ਆ ਜਾਣਾ ਹੈ ਸਮਾਂ ਛੇਤੀ ਹੀ, ਇਹ ਤਾਂ ਫੈਲ ਜਾਣਾ ਹੈ ਸੰਦੇਸ਼ ਸਾਰੀ ਦੁਨੀਆਂ 'ਚ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾ ਛੱਡੋ, ਜਿਹੜਾ ਕੁਛ ਇਹ ਕਹਿੰਦੀ ਹੈ ਉਹਦੇ ਮੁਤਾਬਿਕ ਆਪਣਾ ਜੀਵਨ ਬਤੀਤ ਕਰੋ। ਫੇਰ ਅਸੀਂ ਇਥੇ ਵੀ ਸੁਖੀ ਤੇ ਦਰਗਾਹ ਵਿਚ ਵੀ ਸੁਖੀ। ਸੋ ਹੁਣ ਸਮਾਂ ਇਜਜ਼ਾਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਊਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ -**

**1. ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**2. ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**3. ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

# ਵਿਸਾਖੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-40)*

***ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ***
***ਅਬ ਪਤੀਆਰੁ ਕਿਆ ਕੀਜੈ ॥***
***ਬਚਨੀ ਤੋਰ ਮੋਰ ਮਨੁ ਮਾਨੈ***
***ਜਨ ਕਉ ਪੂਰਨੁ ਦੀਜੈ ॥੧॥***
***ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥***
***ਕਾਰਨ ਕਵਨ ਅਬੋਲ ॥ ਰਹਾਉ ॥***
***ਬਹੁਤ ਜਨਮ ਬਿਛੁਰੇ ਥੇ ਮਾਧਉ***
***ਇਹੁ ਜਨਮੁ ਤੁਮ੍ਹਾਰੇ ਲੇਖੇ ॥***
***ਕਹਿ ਰਵਿਦਾਸ ਆਸ ਲਗਿ ਜੀਵਉ***
***ਚਿਰ ਭਇਓ ਦਰਸਨੁ ਦੇਖੇ ॥੨॥ ਅੰਗ - ੬੯੪***

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥***
***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬***

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ***
***ਦੇਖੁ ਬੰਦੇ ਕੇ ਭਾਗ ॥ ਅੰਗ - ੧੩੮੨***

ਪਿਛਲੇ ਕਈ ਦਿਨਾਂ ਤੋਂ ਇਕ ਵੀਚਾਰ ਚਲ ਰਹੀ ਹੈ ਉਹਦੇ ਵਿਚ ਵਿਸਾਖੀ ਵਾਲੇ ਦਿਨ ਦੀ ਮਹੱਤਤਾ ਦੱਸੀ ਗਈ ਸੀ ਤੇ ਨਾਲ ਇਕ ਵੀਚਾਰ ਸੀ ਕਿ ਗੁਰੂ ਮਹਾਰਾਜ ਜੀ ਨੇ ਜੋ ਕੌਤਕ ਕੀਤਾ, ਉਹ ਸਾਰੀ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਆਉਂਦਾ ਨਹੀਂ ਹੈ, ਬੰਦਾ ਨਹੀਂ ਮਿਲਦਾ ਅੱਗੇ ਕੰਮ ਚਲਾਉਣ ਵਾਲਾ, ਬੜੀ ਮੁਸ਼ਕਲ ਹੈ ਸਾਧੂਆਂ, ਪੀਰਾਂ, ਗੁਰੂਆਂ, ਮੁਰਸ਼ਦਾਂ ਨੂੰ। ਹਨ ਬੰਦੇ ਪਰ ਕਿਸੇ ਵਿਚ ਕੋਈ ਕੁਆਲਿਟੀ ਕਿਸੇ 'ਚ ਕੋਈ, ਰਲ ਮਿਲ ਕੇ ਤਾਂ ਹੋ ਜਾਂਦਾ ਹੈ, ਇਕ ਬੰਦਾ ਨਹੀਂ ਮਿਲਦਾ। ਪਰ ਗੁਰੂ ਨਾਨਕ ਪਾਤਸ਼ਾਹ ਨੂੰ ਇਕ ਪੂਰਾ ਮਿਲ ਗਿਆ ਸੀ। ਨੌਆਂ ਪਾਤਸ਼ਾਹੀਆਂ ਤਕ ਪੂਰੇ ਮਿਲਦੇ ਗਏ, ਬਹੁਤ ਸਾਰੇ ਮਹਾਂਪੁਰਸ਼ਾਂ ਨੂੰ ਮਿਲਿਆ ਹੀ ਨਹੀਂ ਹੈ। ਈਸਾ ਜੀ ਨੇ ਸਾਰੀ ਜ਼ਿੰਦਗੀ ਬਤੀਤ ਕਰੀ, ਬੜੇ ਸੋਹਣੇ ਉਪਦੇਸ਼ ਦਿਤੇ। ਆਪ ਦਾ ਜੋ ਮੁਖੀ ਸੇਵਕ ਸੀ ਉਸ ਦਾ ਨਾਉਂ ਪਿਤਰਸ ਸੀ। ਜਿਸ ਵਕਤ ਈਸਾ ਜੀ ਨੂੰ ਸੂਲੀ ਤੇ ਚੜ੍ਹਾਉਣ ਦਾ ਹੁਕਮ ਹੋ ਗਿਆ, ਉਸ ਵੇਲੇ ਡਰ ਕੇ ਨੱਠ ਗਏ, 12 ਬੰਦੇ ਨੇੜੇ ਸੀ ਉਹ ਵੀ ਚਲੇ ਗਏ। ਇਕੱਲਿਆਂ ਨੂੰ ਆਪਣੇ ਮੋਢੇ ਦੇ ਉਤੇ ਬਹੁਤ ਭਾਰਾ ਸ਼ਤੀਰ ਚੁੱਕਣਾ ਪਿਆ। ਥੋੜ੍ਹੇ ਕਦਮ ਤੁਰਦੇ ਨੇ, ਧਰਤੀ ਤੇ ਗਿਰ ਜਾਂਦੇ ਨੇ। ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਸ਼ੱਕ ਪੈ ਜਾਂਦਾ ਹੈ ਕਿ ਬੱਸ ਈਸਾ ਜੀ ਤੇ ਸਾਡੇ ਵਿਚ ਕੋਈ ਫਰਕ ਨਹੀਂ ਸੀ? ਨਹੀਂ ਸਾਧਸੰਗਤ ਜੀ! ਸ਼ਕਤੀ ਸੰਪੰਨ ਪੁਰਸ਼ ਸਨ ਪਰ ਮਹਾਂਪੁਰਸ਼ ਆਪ ਦੇ ਵਾਸਤੇ ਕੋਈ ਵੀ ਸ਼ਕਤੀ ਨਹੀਂ ਦਿਖਾਇਆ ਕਰਦੇ। ਨਾ ਗੁਰੂ ਅਰਜਨ ਪਾਤਸ਼ਾਹ ਜੀ ਨੇ ਸ਼ਕਤੀ ਦਿਖਾਈ ਤੱਤੀ ਤਵੀ ਤੇ ਬੈਠਣ ਵੇਲੇ, ਨਾ ਗੁਰੂ ਨੌਂਵੇਂ ਪਾਤਸ਼ਾਹ ਨੇ। ਕੋਈ ਸਬਕ ਦੇਣਾ ਹੁੰਦਾ ਹੈ। ਸੋ ਆਪ ਜੀ ਬਹੁਤ ਮੁਸ਼ਕਲ ਦੇ ਨਾਲ ਓਸ ਸ਼ਤੀਰ ਨੂੰ ਲੈ ਕੇ ਆਏ ਜਿਹੜਾ ਐਨਾ ਭਾਰੀ ਸੀ ਕਿ ਚੁੱਕਿਆ ਨਹੀਂ ਸੀ ਜਾਂਦਾ, ਪਿੱਠ ਦੇ ਉਤੇ ਹੰਟਰ ਪੈ ਰਹੇ ਨੇ। ਗਿਰ ਜਾਂਦੇ ਸੀ, ਚੁਕਦੇ ਸੀ ਫੇਰ ਗਿਰ ਜਾਂਦੇ ਸੀ। ਜਦੋਂ ਸੂਲੀ ਗੱਡ ਲਈ, ਉਸ ਵੇਲੇ ਸਵਾਲ ਹੋਇਆ ਕਿ ਤੁਹਾਡੀ ਕੋਈ ਸਾਰੀ ਦੁਨੀਆਂ ਦੇ ਅੰਦਰ ਇਹ ਗਵਾਹੀ ਦੇਣ ਨੂੰ ਤਿਆਰ ਹੈ ਕਿ ਤੁਸੀਂ ਜੋ ਕੁਛ ਕਰਿਆ ਹੈ, ਨੇਕ ਕੰਮ ਕਰਿਆ ਹੈ।, ਜੋ ਕੋਈ ਕੰਮ ਤੁਸੀਂ ਜ਼ਿੰਦਗੀ ਦੇ ਅੰਦਰ ਕਰੇ ਨੇ ਉਹ ਪ੍ਰਸੰਸਾਯੋਗ ਨੇ, ਇਕ ਬੰਦਾ ਕੱਢ ਕੇ ਸਾਨੂੰ ਦੱਸੋ ਕੋਈ ਹੈ? ਓਸ ਵੇਲੇ ਕਹਿਣ ਲੱਗੇ ਕਿ ਹਾਂ ਹੈ, ਉਹ ਪਿਤਰਸ ਹੈ। ਪਿਤਰਸ ਕੌਣ ਸੀ? ਰਾਜਿਆਂ ਦੀ ਜੇਲ੍ਹ ਵਿਚ ਕਿਉਂਕਿ ਰਾਜਿਆਂ ਕੋਲ ਕੋਈ ਕਾਨੂੰਨ ਨਹੀਂ ਸੀ ਹੁੰਦਾ, ਆਪਣੀ ਮਰਜ਼ੀ ਹੁੰਦੀ ਸੀ। ਉਹ ਜੇਲ੍ਹ ਦੇ ਵਿਚ ਬਹੁਤ ਸਖਤੀ ਦੇ ਨਾਲ ਬੰਦ ਕਰ ਦਿਤਾ ਸਕਿਊਰਟੀ ਐਨੀ ਜ਼ਬਰਦਸਤ ਸੀ ਕਿ ਸੱਤ ਤਾਲੇ ਲਗਦੇ ਸੀ ਦਰਵਾਜ਼ਿਆਂ ਨੂੰ ਜਿਨ੍ਹਾਂ ਦੇ ਅੰਦਰ ਸੈਲ ਦੇ ਵਿਚ ਉਹ ਡੱਕਿਆ ਹੋਇਆ ਸੀ। ਉਸ ਵੇਲੇ ਈਸਾ ਜੀ ਦਾ ਧਿਆਨ ਧਰਦਾ ਸੀ ਕਿ ਮਹਾਰਾਜ! ਮੈਨੂੰ ਇਸ ਜੇਲ੍ਹ 'ਚੋਂ ਬਾਹਰ ਕੱਢੋ, ਕੋਈ ਨਹੀਂ ਮੇਰਾ ਸੰਸਾਰ ਦੇ ਅੰਦਰ। ਜੇ ਕੋਈ ਹੈ ਤਾਂ ਕੇਵਲ ਤੁਸੀਂ ਹੋ। ਓਸ ਵੇਲੇ ਐਸੀ ਘਟਨਾ ਵਾਪਰੀ ਜਿਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਵੇਲੇ, ਕ੍ਰਿਸ਼ਨ ਮਹਾਰਾਜ ਜਿਸ ਵਕਤ ਪੈਦਾ ਹੋਏ ਨੇ, ਸੰਸਾਰ ਦੇ ਉਤੇ ਪ੍ਰਗਟ ਹੋਏ ਨੇ, ਸਾਰੇ ਤਾਲੇ ਖੁਲ੍ਹ ਗਏ ਸੀ, ਸਾਰੇ ਪਹਿਰੇਦਾਰ ਸੌਂ ਗਏ ਸੀ। ਇਸੇ ਤਰ੍ਹਾਂ ਦੇ ਨਾਲ ਇਥੇ ਹੋਇਆ, ਇਹਦੀ ਅਰਦਾਸ ਸੁਣੀ ਗਈ। ਸਾਰੇ ਪਹਿਰੇਦਾਰ

ਸੌਂ ਗਏ, ਦਰਵਾਜ਼ੇ ਸਾਰੇ ਖੁਲ੍ਹ ਗਏ, ਪਿਤਰਸ ਅਜ਼ਾਦ ਹੋ ਕੇ ਈਸਾ ਜੀ ਦੇ ਪਾਸ ਆ ਗਿਆ। ਉਨ੍ਹਾਂ ਦੇ ਉਪਦੇਸ਼ ਸੁਣਦਾ ਰਿਹਾ ਪਰ ਜਦੋਂ ਕਸਵੱਟੀ ਲੱਗੀ, ਇਮਤਿਹਾਨ ਆ ਗਿਆ ਤਾਂ ਉਸ ਵੇਲੇ ਪੁਛਿਆ ਐ ਪਿਤਰਸ! ਤੈਨੂੰ ਯਸੂ ਮਸੀਹ ਇਹ ਕਹਿੰਦਾ ਹੈ ਕਿ ਜੇ ਮੇਰੇ ਬਾਰੇ ਪੁਛਣਾ ਹੈ ਤਾਂ ਏਸ ਨੂੰ ਪੁਛ ਲਓ। ਤੂੰ ਦੱਸ ਇਨ੍ਹਾਂ ਦੇ ਬਾਰੇ ਕੀ ਜਾਣਦਾ ਹੈਂ? ਉਸ ਵੇਲੇ ਕਹਿਣ ਲੱਗਿਆ, ਕਿ ਮੈਂ ਤਾਂ ਇਸ ਸਖਸ਼ ਨੂੰ ਸਿਰਫ ਅੱਜ ਦੇਖਿਆ ਹੈ, ਹੁਣੇ ਹੀ। ਮੈਂ ਨਹੀਂ ਇਹਦੇ ਬਾਰੇ ਕੁਛ ਵੀ ਜਾਣਦਾ। ਜਦੋਂ ਐਡਾ ਟਰਸਟਿਡ ਸਾਥੀ ਸਾਥ ਛੱਡ ਜਾਵੇ ਫੇਰ ਤਾਂ ਬੜੀ ਵੱਡੀ ਘਟਨਾ ਹੁੰਦੀ ਹੈ। ਮਹਾਂਪੁਰਸ਼ ਕਿੱਡਾ ਹੀ ਵੱਡਾ ਕਿਉਂ ਨਾ ਹੋਵੇ ਇਕ ਵਾਰੀ ਝੂਟਾ ਖਾ ਜਾਂਦਾ ਹੈ, ਲੇਕਿਨ ਗੁਰੂ ਨਾਨਕ ਪਾਤਸ਼ਾਹ ਨੂੰ ਮਿਲ ਗਿਆ, ਪੂਰਾ ਮਿਲਿਆ। ਪੂਰੇ ਮਿਲਦੇ ਚਲੇ ਗਏ, ਦਸਵੇਂ ਗੁਰੂ ਦੇ ਸਾਮ੍ਹਣੇ ਬੱਚਿਆਂ ਨੂੰ ਗੱਦੀ ਦੇ ਉਤੇ ਬਿਠਾਉਣ ਦਾ ਪ੍ਰੋਗਰਾਮ ਨਹੀਂ ਸੀਗਾ। ਕੋਈ ਪ੍ਰੋਗਰਾਮ ਹੋਰ ਤਰ੍ਹਾਂ ਦਾ ਸੀ, ਕੋਈ ਸੋਚ ਹੋਰ ਤਰ੍ਹਾਂ ਦੀ ਸੀ, ਜਿਸਨੂੰ ਕੋਈ ਸਮਝ ਨਹੀਂ ਸੀ ਸਕਦਾ। ਸੋ ਸਾਰਾ ਜਿਹੜਾ ਕੌਤਕ ਸੀ ਉਹ ਅਗੰਮ ਤੇ ਅਗੋਚਰ ਸੀ, ਸਮਝ ਆਉਣ ਤੋਂ ਬਾਹਰ ਸੀ, ਸੋ ਇਸ ਤਰ੍ਹਾਂ ਦੇ ਨਾਲ ਸਾਰਾ ਕੌਤਕ ਨਿਰਾਲਾ ਸੀ।

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***

***ਵਾਰ 34, ਪਉੜੀ 1***

ਨਿਰਵੈਰ ਨਿਰਾਲਾ, ਅਗੰਮ ਕਹਿੰਦੇ ਨੇ ਜਿਹੜਾ ਮਨ, ਚਿਤ, ਬੁੱਧੀ, ਸਾਡੀ ਜਾਣ-ਪਛਾਣ, ਸਾਡੀ ਵਿਦਵਤਾ ਕੋਈ ਵੀ ਉਥੇ ਤੱਕ ਪਹੁੰਚ ਨਾ ਸਕੇ। ਜਾਣ ਹੀ ਨਾ ਸਕੇ, ਸੋ ਨਿਰਵੈਰ ਹੈ ਕਿਸੇ ਨਾਲ ਵੈਰ ਨਹੀਂ ਹੁੰਦਾ ਤੇ ਨਿਰਾਲਾ ਹੋਇਆ ਕਰਦਾ ਹੈ। ਸੋ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਏਸ ਵਿਸ਼ੇ ਦੇ ਉਤੇ ਵਿਚਾਰ ਚੱਲ ਰਹੀ ਹੈ। ਸੋ ਬੇਨਤੀ ਕਰੀ ਸੀ ਕਿ ਗੁਰੂ ਮਹਾਰਾਜ ਉਨ੍ਹਾਂ ਦੇ ਸਮੇਂ ਤੱਕ ਸਿੱਖੀ ਐਨੀ ਪ੍ਰਫੁੱਲਤ ਹੋ ਚੁੱਕੀ ਸੀ ਕਿ ਕੇਵਲ ਓਸ ਨੂੰ ਜਿਵੇਂ ਗੁਲਦਸਤਾ ਬਣਾਈਦਾ ਹੈ, ਉਹ ਗੁਲਦਸਤਾ ਬਣਾਉਣ ਦੀ ਲੋੜ ਸੀ ਤੇ ਸਿੱਖ ਅੰਦਰ ਜੋ ਬ੍ਰਹਮਗਿਆਨ ਦੀ ਅਵਸਥਾ ਤੱਕ ਪਹੁੰਚ ਚੁਕਿਆ ਸੀ। ਉਸ ਤੋਂ ਬਾਅਦ ਮੈਂ ਬੇਨਤੀ ਕਰੀ ਸੀ ਕਿ ਬ੍ਰਹਮਗਿਆਨੀ ਨੂੰ ਸਰੀਰ ਦੀ ਲੋੜ ਨਹੀਂ ਹੋਇਆ ਕਰਦੇ। ਪੁਰਾਣੇ ਮਹਾਂਪੁਰਸ਼ ਜਿੰਨੇ ਵੀ ਹੋਏ ਨੇ ਵੱਡੇ-ਵੱਡੇ, ਉਨ੍ਹਾਂ ਨੂੰ ਜਦੋਂ ਖਿਆਲ ਆਇਆ ਕਿ ਜੋ ਕੁਛ ਮਿਲਣਾ ਸੀ ਮਿਲ ਗਿਆ, ਏਸ ਤੋਂ ਜ਼ਿਆਦਾ ਜਾਨਣ ਨੂੰ ਗੱਲ ਹੋਰ ਕੋਈ ਨਹੀਂ ਹੈ, ਪ੍ਰਮੇਸ਼ਰ ਨੂੰ ਮਹਿਸੂਸ ਕਰ ਲਿਆ, ਉਹਦੇ ਵਿਚ ਲੀਨ ਹੋ ਗਏ ਤੇ ਹੁਣ ਇਹ ਸਰੀਰ ਕੀ ਕਰਨਾ, ਵਾਧੂ ਐਵੇਂ ਤੁਰਿਆ ਫਿਰਦਾ ਹੈ, ਪਰਾਲਬਧ ਦੇ ਅਨੁਸਾਰ, ਸਰੀਰ ਦਾ ਅੰਤ ਓਦੋਂ ਹੋਇਆ ਕਰਦਾ ਹੈ ਜਦੋਂ ਪਰਾਲਬਧ ਮੁੱਕ ਜਾਂਦੀ ਹੈ। ਉਹ ਮਰਜ਼ੀ ਦੇ ਮਾਲਕ ਸੀ, ਖੁਦਕਸ਼ੀ ਨਹੀਂ ਹੋਇਆ ਕਰਦੀ। ਮਰਜ਼ੀ ਨਾਲ ਆ ਜਾਂਦੇ ਨੇ, ਮਰਜ਼ੀ ਨਾਲ ਚਲੇ ਜਾਂਦੇ ਨੇ, ਤੱਤ ਬੇਤੇ ਮਹਾਂਪੁਰਸ਼ਾਂ ਦੇ ਉਤੇ ਇਹ Law ਲਾਗੂ ਨਹੀਂ ਹੈ ਕਿ ਅਗਿਆਨੀ ਜੀਵਾਂ ਦੇ ਉਤੇ ਹੈ। ਕਿਉਂਕਿ ਉਹ ਜਨਮ ਮਰਨ ਦਾ ਚੱਕਰ ਕੱਟ ਚੁੱਕੇ ਹੁੰਦੇ ਨੇ, ਮਾਇਆ ਦੇ ਮੰਡਲ 'ਚੋਂ ਬਾਹਰ ਨਿਕਲ ਚੁੱਕੇ ਹੁੰਦੇ ਨੇ, ਸਰੀਰ ਉਨ੍ਹਾਂ ਨੂੰ ਵਾਧੂ ਲਗਦਾ ਹੈ। ਲੇਕਿਨ ਗੁਰੂ ਘਰ ਦੇ ਅੰਦਰ ਇਕ ਸਿਧਾਂਤ ਹੋ ਉਹ ਇਹ ਹੈ ਕਿ ਸੱਚ ਦੀ ਪ੍ਰਾਪਤੀ ਤਾਂ ਸਾਰੇ ਕਰ ਲੈਂਦੇ ਨੇ, ਠੀਕ ਹੈ ਅਸੀਂ ਉਨ੍ਹਾਂ ਨੂੰ ਗਲਤ ਨਹੀਂ ਕਹਿੰਦੇ, ਪਰ ਸੱਚ ਦੀ ਪ੍ਰਾਪਤੀ ਤੋਂ ਉਪਰ ਇਕ ਜੀਵਨ ਹੈ ਜੋ ਗੁਰੂ ਨਾਨਕ ਸਾਹਿਬ ਨੇ ਬੜੇ ਹੀ ਸਪਸ਼ਟ ਤਰੀਕੇ ਨਾਲ ਸੰਸਾਰ ਨੂੰ ਦੱਸਿਆ ਕਿਉਂਕਿ ਆਮ ਤੌਰ ਤੇ ਉਤੇ ਜੋ ਉਚੀਆਂ ਆਤਮਾਵਾਂ ਹਨ ਉਨ੍ਹਾਂ ਦਾ ਨਿਸ਼ਾਨਾ ਇਹ ਹੁੰਦਾ ਹੈ ਕਿ ਪ੍ਰਮੇਸ਼ਰ ਨੂੰ ਮਿਲਣਾ ਹੈ, ਉਸ ਤੋਂ ਅੱਗੇ ਉਨ੍ਹਾਂ ਦਾ ਕੋਈ ਵੀ ਪ੍ਰੋਗਰਾਮ ਨਹੀਂ ਸੀ ਹੁੰਦਾ। ਭਾਵੇਂ ਹੁਕਮ ਦੇ ਅੰਦਰ ਹੁੰਦਾ ਹੈ ਸਭ ਕੁਛ ਪਰ ਉਨ੍ਹਾਂ ਦਾ ਇਹ ਸੀ ਕਿ ਉਹ ਬਾਕੀ ਦਾ ਜੀਵਨ ਗੁਫਾਵਾਂ ਦੇ ਅੰਦਰ ਬੈਠ ਕੇ ਜਾਂ ਇਕ ਸੁਰੱਖਿਸ਼ਤ ਥਾਂ ਦੇ ਉਤੇ ਬੈਠ ਕੇ ਉਪਦੇਸ਼ ਵਗੈਰਾ ਕਰਦੇ ਸੀ। ਸੰਸਾਰ ਦਾ ਉਧਾਰ ਹੁੰਦਾ। ਉਹ ਆਪਣੇ ਹਿਸਾਬ ਨਾਲ ਜੀਵਨ ਜੀਉਂਦੇ ਸੀ। ਬਹੁਤ ਸਾਰੇ ਐਸੇ ਸੀ ਜਿਹੜੇ ਜੀਵਨ ਨੂੰ ਇਕ ਬੰਨਣ ਜਾਣ ਕੇ ਮਰਜ਼ੀ ਦੇ ਨਾਲ ਬ੍ਰਹਮ ਰੁੰਦਰ ਨੂੰ ਭੰਨ ਕੇ ਬਾਹਰ ਨੂੰ ਚਲੇ ਜਾਇਆ ਕਰਦੇ ਸੀ। ਉਨ੍ਹਾਂ ਤੇ ਦੋਸ਼ ਨਹੀਂ ਲੱਗਿਆ ਕਰਦਾ ਕਿ ਉਹਨੇ ਆਤਮ ਘਾਤ ਕਰ ਲਿਆ। ਗੁਰੂ ਮਹਾਰਾਜ ਨੇ ਕਿਹਾ ਠੀਕ ਹੈ, ਰੱਬ ਨੂੰ ਪਾ ਲੈਣਾ, ਰੱਬ ਨੂੰ ਜਾਣ ਜਾਣਾ, ਆਪਣੀ ਮੈਂ ਨੂੰ ਖਤਮ ਕਰ ਦੇਣਾ ਤੇ ਰੱਬ ਵਿਚ ਲੀਨ ਹੋ ਜਾਣਾ। ਇਹ ਕਰ ਸਕਦੇ ਨੇ ਸਾਰੇ, ਲੇਕਿਨ ਇਸ ਤੋਂ ਉਪਰ ਇਕ ਜੀਵਨ ਹੈ ਜਿਹੜਾ ਜੀਉਣਾ ਪੈਂਦਾ ਹੈ ਜਿਸ ਤੋਂ ਪਤਾ ਲਗ ਜਾਵੇ ਕਿ ਇਹ ਰੱਬ ਵਾਲੇ ਬੰਦੇ ਨੇ। ਉਹਦੇ ਬਾਰੇ ਜੋ ਫੁਰਮਾਨ ਹੈ ਉਹ ਇਹ ਹੈ ਕਿ -

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥***

***ਅੰਗ - ੬੨***

ਰੱਬ ਨੂੰ ਪ੍ਰਾਪਤ ਕਰਨ ਚੀਜ਼ਾਂ ਬਾਕੀ ਸਾਰੀਆਂ ਉਰ੍ਹੇ ਨੇ, ਰਿੱਧੀਆਂ-ਸਿੱਧੀਆਂ, ਪ੍ਰਾਪਤੀਆਂ ਮਾਨਤਾਵਾਂ, ਲੇਕਿਨ ਇਸ ਤੋਂ ਉਪਰ ਇਕ ਗੱਲ ਹੋਰ ਹੈ ਜਿਥੇ ਰੱਬ ਪ੍ਰਾਪਤ ਹੋ ਜਾਂਦਾ ਹੈ, ਉਹ ਹੈ ਸੱਚ ਦਾ ਜੀਵਨ ਕਿਵੇਂ ਜੀਆ ਜਾ

ਸਕਦਾ ਹੈ। ਉਹ ਇਕ ਟੀਚਰ ਦੀ ਤਰ੍ਹਾਂ ਹੁੰਦੇ ਨੇ। ਆਪ ਨਹੀਂ ਉਨ੍ਹਾਂ ਨੂੰ ਕੋਈ ਸਬੰਧ ਹੁੰਦਾ। ਲੇਕਿਨ ਦੁਨੀਆਂ ਨੂੰ ਦੱਸਣ ਵਾਸਤੇ ਉਹ ਇਕ ਜੀਵਨ ਜਾਂਚ ਦਸਦੇ ਨੇ ਕਿ ਉਚੀਆਂ ਆਤਮਾਵਾਂ ਜਿਹੜੀਆਂ ਨੇ ਉਹ ਆਮ ਬੰਦਿਆਂ ਦੇ ਵਿਚ ਕਿਵੇਂ ਆਪਣਾ ਜੀਵਨ ਬਤੀਤ ਕਰਦੀਆਂ ਨੇ। ਸੋ ਇਹ ਵੱਡੀ ਚੀਜ਼ ਸੀ ਗੁਰੂ ਮਹਾਰਾਜ ਦੇ ਸਾਮ੍ਹਣੇ। ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਕਰਕੇ ਦੁਨੀਆਂ ਤੋਂ ਕਿਨਾਰਾ ਨਹੀਂ ਸੀ ਗੁਰੂ ਸਾਹਿਬ ਕਰਾਉਂਦੇ। ਉਹ ਕਹਿੰਦੇ ਹੁਣ ਵਿਚ ਆਓ ਦੁਨੀਆਂ ਦੇ, ਕਰਮਯੋਗ ਨੂੰ ਪ੍ਰਧਾਨਤਾ ਦਿਤੀ ਹੋਈ ਸੀ। ਕ੍ਰਿਸ਼ਨ ਮਹਾਰਾਜ ਵੀ ਕਹਿੰਦੇ ਨੇ ਕਿ ਅਰਜਨ! realization ਠੀਕ ਹੈ ਬਹੁਤ ਵੱਡੀ ਚੀਜ਼ ਹੈ, ਕਰਮ ਯੋਗੀ ਜਿਹੜਾ ਹੈ ਉਹ ਸੰਸਾਰ ਦਾ ਭਲਾ ਕਰਦਾ ਹੈ। ਸੰਸਾਰ ਦੇ ਵਾਸਤੇ ਆਪਣੇ ਪ੍ਰਾਣ ਨਿਛਾਵਰ ਕਰਦਾ ਹੈ।

ਸੋ ਏਸ ਆਦਰਸ਼ ਨੂੰ ਮੁੱਖ ਰਖਦੇ ਹੋਏ ਗੁਰੂ ਮਹਾਰਾਜ, ਗੁਰੂ ਦਸਵੇਂ ਪਾਤਸ਼ਾਹ ਬਲਵਾਨ ਹੋਈ ਹੋਈ ਸਿੱਖੀ ਨੂੰ ਹੋਰ ਅੱਗੇ ਸੇਧ ਦੇਣਾ ਚਾਹੁੰਦੇ ਸੀ। ਓਸ ਵੇਲੇ ਦੇ ਹਾਲਾਤ ਐਨੇ ਨਿਘਰੇ ਹੋਏ ਸੀ, ਐਨੇ ਗਿਰੇ ਹੋਏ ਸੀ ਕਿ ਵੀਚਾਰ ਕਰਨੀ ਵੀ ਔਖੀ ਸੀ। ਆਦਮੀ ਆਪਣੀ ਇਨਸਾਨੀਅਤ ਨੂੰ ਛੱਡ ਕੇ ਪਸ਼ੂਪੁਣੇ ਵਿਚ ਜੀਵਨ ਬਤੀਤ ਕਰ ਰਿਹਾ ਸੀ। ਨਾ ਕੋਈ ਸਾਂਝ ਸੀ, ਨਾ ਕੋਈ ਭਾਈਚਾਰਕ ਮਰਿਆਦਾ ਸੀ, ਵਰਨਾਂ ਨੇ, ਜਾਤਾਂ ਪਾਤਾਂ ਨੇ ਇਕ ਦੂਜੇ ਨਾਲੋਂ ਨਖੇੜ ਕੇ ਵੱਖਰੇ-ਵੱਖਰੇ ਕਰ ਦਿਤਾ ਸੀ। ਜਿਹੜੀ ਵਿਦਵਾਨ ਕਲਾਸ ਸੀ ਉਹ ਕਹਿੰਦੇ ਸਾਡਾ ਕੰਮ ਤਾਂ ਪੜ੍ਹਾਉਣਾ, ਲਿਖਾਉਣਾ, ਦਾਨ ਲੈਣਾ, ਦਾਨ ਦੇਣਾ, ਜਗ ਕਰਨਾ ਤੇ ਜਗ ਕਰਾਉਣਾ ਹੀ ਹੈ। ਜਿਹੜੇ ਵੈਸ਼ ਸੀ ਉਹ ਕਹਿੰਦੇ ਸਾਡਾ ਕੰਮ ਹੈ ਅੰਨ੍ਹ ਪੈਦਾ ਕਰਨਾ, ਦੇਸ਼ ਨੂੰ ਮਾਲੋ-ਮਾਲ ਕਰਨਾ, ਇਸ ਤੋਂ ਵੱਧ ਸਾਡੀ ਕੋਈ ਡਿਊਟੀ ਨਹੀਂ। ਸ਼ੂਦਰ ਜੋ ਸੀ ਉਹ ਵਰਗ ਕਹਿੰਦਾ ਸੀ ਕਿ ਅਸੀਂ ਤਾਂ ਮਜ਼ਦੂਰੀ ਕਰਨੀ ਹੈ। ਕਿਉਂਕਿ ਸ਼ੂਦਰ ਦਾ ਇਹ ਸੀ ਕਿ ਜਿਸਨੂੰ ਕੰਮ ਕਰਨ ਵੇਲੇ ਪਸੀਨਾ ਆ ਜਾਵੇ, ਜੇ ਉਹ ਪਸੀਨੇ ਦੀ ਧਾਰ ਚਲ ਕੇ ਸਰੀਰ ਦੇ ਉਤੇ ਵਹਿ ਜਾਵੇ, ਉਹ ਬੰਦਾ ਸ਼ੂਦਰ ਗਿਣਿਆ ਜਾਂਦਾ ਸੀ। ਉਹਦੀਆਂ ਦੋ ਕਿਸਮਾਂ ਸੀ ਇਕ ਤਾਂ ਉਹ ਸ਼ੂਦਰ ਸੀ ਜਿਹਦੇ ਘਰੋਂ ਖਾਇਆ ਜਾ ਸਕਦਾ ਸੀ, ਪਾਣੀ ਹੱਥੋਂ ਲੈ ਕੇ ਪੀਆ ਜਾ ਸਕਦਾ ਸੀ। ਇਕ ਉਹ ਸੀ ਜਿਨ੍ਹਾਂ ਦਾ ਪਰਛਾਵਾਂ ਵੀ ਨਹੀਂ ਸੀ ਲਿਆ ਜਾ ਸਕਦਾ। ਸੋ ਐਸ ਤਰ੍ਹਾਂ ਦਾ ਹਿੰਦੋਸਤਾਨ ਬਾਵਜੂਦ ਇਸ ਦੇ ਕਿ ਵੱਡੇ-ਵੱਡੇ ਯੋਧੇ ਬਹਾਦਰ, ਕਰਨੀਆਂ ਕਮਾਈਆਂ ਵਾਲੇ ਹੁੰਦੇ ਹੋਏ ਥੋੜ੍ਹੇ ਜਿਹੇ ਬੰਦਿਆਂ ਤੋਂ ਹਾਰ ਖਾ ਜਾਂਦੇ ਸੀ। ਦੁਆਪਰ ਯੁੱਗ ਤੱਕ ਬੜੇ ਚੰਗੇ ਰਹੇ। ਆਰੀਅਨ ਆਏ, ਆਰੀਅਨ ਨੇ ਆਪਣਾ ਰਹਿਣ ਸਹਿਣ ਦਾ ਤਰੀਕਾ ਆਪਣਾ ਗਿਆਨ ਭਾਰਤ ਵਰਸ਼ ਨੂੰ ਦਿਤਾ, ਲੇਕਿਨ ਉਨ੍ਹਾਂ ਤੋਂ ਬਾਅਦ ਬੜਾ ਭਾਰਾ ਮਹਾਂ ਭਿਆਨਕ ਯੁੱਧ ਹੋਣ ਦੇ ਨਾਲ 18 ਦਿਨਾਂ 'ਚ 45 ਲੱਖ ਬੰਦਾ ਖਤਮ ਹੋ ਗਿਆ। ਵਰਨ ਸ਼ੰਕਰ ਓਲਾਦ ਹੋਈ, ਮਰਿਆਦਾ ਟੁੱਟ ਗਈ। ਟੁੱਟਣ ਦੇ ਨਾਲ ਹਮਲੇ ਹੋਣੇ ਸ਼ੁਰੂ ਹੋ ਗਏ, ਵੱਡੇ-ਵੱਡੇ ਹਮਲਾਵਰ ਆਏ, ਪਹਿਲਾਂ ਵੀ ਆਏ, ਸਿਕੰਦਰ ਤੋਂ ਅਸੀਂ ਜਾਣਦੇ ਹਾਂ ਕਿ ਸਿਕੰਦਰ ਵੇਲੇ ਤੋਂ ਇਹ ਸ਼ੁਰੂ ਹੋ ਗਏ, ਹੂਨ ਆਏ, ਸ਼ੱਕ ਆਏ ਹੋਰ ਬਹੁਤ ਕੌਮਾਂ ਆਈਆਂ। ਉਸ ਤੋਂ ਬਾਅਦ ਸੱਤਵੀਂ ਸਦੀ ਦੇ ਵਿਚ ਪੱਛਮ ਦੇਸ਼ ਵਾਲੇ ਆਉਣੇ ਸ਼ੁਰੂ ਹੋ ਗਏ ਇਸਲਾਮ ਵੱਲ। ਆਰੀਅਨ ਸੀਗੇ ਉਹ ਵੀ ਲੇਕਿਨ ਇਥੇ ਆ ਕੇ ਜਦੋਂ ਦੇਖਿਆ ਕਿ ਇਹ ਤਾਂ ਸੁਖਾਲੇ ਹੀ ਲੁੱਟੇ ਜਾਂਦੇ ਨੇ, ਮੁਹੰਮਦ ਬਿਨ ਕਾਸਮਿਕ ਆਇਆ, ਰਾਜੇ ਤੇ ਹਮਲਾ ਕੀਤਾ, ਰਾਜੇ ਨੇ ਬਗੈਰ ਯੁੱਧ ਕਰੇ ਤੇ ਚਾਬੀਆਂ ਫੜਾ ਦਿਤੀਆਂ। ਬੁਰੀ ਤਰ੍ਹਾਂ ਨਾਲ ਉਸ ਨੇ ਸ਼ਹਿਰ ਲੁੱਟਿਆ, ਬੇਅੰਤ ਗੁਲਾਮ ਬਣਾਏ, ਦੋ ਲੜਕੀਆਂ ਉਸ ਦੀਆਂ ਫੜ ਕੇ ਲੈ ਗਿਆ। ਰਾਜੇ ਨੂੰ ਖੱਲ੍ਹ ਵਿਚ ਪਾ ਕੇ ਮਾਰ ਦਿਤਾ। ਪਤਾ ਲੱਗ ਗਿਆ ਏਸ ਦੇਸ਼ ਦੇ ਰਾਜੇ ਕਮਜ਼ੋਰ ਨੇ। ਇਥੇ ਰਾਜਾ ਹੀ ਲੜਦਾ ਹੈ ਹੋਰ ਕੋਈ ਲੜਦਾ ਨਹੀਂ। ਨਤੀਜਾ ਇਹ ਹੋਇਆ ਕਿ ਦੇਸ਼ ਦੇ ਵਿਚ ਹਮਲਾਵਰ ਆਉਣ ਲਗ, ਕਲਚਰ 'ਚ ਫਰਕ ਪੈ ਗਿਆ, ਲੁੱਟ ਮਾਰ ਹੋਣ ਲੱਗ ਗਈ, ਚਰਿੱਤਰ ਨਾਲ ਦੀ ਕੋਈ ਚੀਜ਼ ਨਾ ਰਹੀ, ਸੱਚ ਦੀ ਸ਼ਹਾਦਤ ਦੇਣ ਵਾਲਾ ਇਕ ਵੀ ਬੰਦਾ ਨਾ ਨਜ਼ਰ ਆਇਆ। ਗੁਰੂ ਨਾਨਕ ਕਹਿੰਦੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*

***ਅੰਗ - ੧੪੫***

ਕਹਿੰਦੇ, ਅਸੀਂ ਭਾਲਿਆ ਚਾਰੇ ਕੁੰਟਾਂ 'ਚ ਕਿ ਕਿਤੇ ਸੱਚ ਲੱਭ ਜਾਵੇ, ਪਰ ਹੈਰਾਨ ਹੋ ਗਏ ਸੱਚ ਹੈ ਹੀ ਨਹੀਂ। ਕੋਈ ਬੰਦਾ ਮੈਨੂੰ ਐਸਾ ਨਾ ਲੱਭਿਆ ਜਿਹਦੇ ਅੱਗੇ ਮੈਂ ਸੀਸ ਨਿਵਾ ਦੇਵਾਂ।

ਸੋ ਗੁਰੂ ਨਾਨਕ ਨੇ ਏਸ ਗਿਰੇ ਹੋਏ ਬੰਦੇ ਨੂੰ ਅੰਧਰੰਗ ਹੋਈ ਹੋਈ ਸੁਸਾਇਟੀ ਨੂੰ ਮੁੜ ਕੇ ਉਭਾਰਨ ਵਾਸਤੇ ਰੂਹਾਨੀ ਟੀਕਾ ਲਾਇਆ। ਸੋਝੀ ਦਿਤੀ, ਆਤਮਾ ਦੀ ਸੋਝੀ ਦਿਤੀ। 'ਏਕੋ ਬ੍ਰਹਮੁ ਦੁਤੀਯਾ ਨਾਸਤਿ' ਦਾ ਸਿਧਾਂਤ ਲਿਆਂਦਾ।

ਕਰਮਕਾਂਡਾਂ 'ਚੋਂ ਕੱਢਿਆ, ਜਿਹੜੀ ਫੁੱਟ ਪਈ ਹੋਈ ਸੀ ਆਪਸੀ ਵਰਣ ਵੰਡ ਦੇ ਨਾਲ ਉਹਨੂੰ ਨੇੜੇ ਕੀਤਾ। ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ, ਜ਼ਿੰਮੇਵਾਰੀਆਂ ਜਿਹੜੀਆਂ ਇਨਸਾਨ ਤੇ ਨੇ ਉਨ੍ਹਾਂ ਦੇ ਬਾਰੇ ਉਹਨੂੰ ਗਿਆਤ ਕਰਾਇਆ ਤੇ ਧਰਮ ਦੇ ਅੰਦਰ ਉਚੀ ਮੰਜ਼ਲ ਦੇ ਵਿਚ ਓਸਨੂੰ ਗਿਣਿਆ ਗਿਆ। ਸੇਵਾ ਨੂੰ ਬਹੁਤ ਵੱਡਾ ਦਰਜ਼ਾ ਦਿਤਾ ਗੁਰੂ ਮਹਾਰਾਜ ਨੇ। ਸੇਵਾ ਹੁੰਦੀ ਹੈ ਆਪਣੇ ਵਾਸਤੇ ਤਾਂ ਦੁਗਣਾ ਕਰਦੀ ਹੈ, ਪਰ ਦੂਸਰਿਆਂ ਵਾਸਤੇ ਆਪਣੀ ਲਿਆਕਤ, ਆਪਣੀ ਸ਼ੋਹਰਤ, ਆਪਣਾ ਪੈਸਾ, ਆਪਣੀ ਤਾਕਤ, ਆਪਣੀ ਵਿਅਕਤੀਤ੍ਵ ਇਹ ਸਾਰਾ ਦੂਸਰਿਆਂ ਵਾਸਤੇ ਉਨ੍ਹਾਂ ਦੇ ਸੁਖ ਵਾਸਤੇ ਲਾ ਦੇਣਾ, ਇਹਨੂੰ ਸੇਵਾ ਕਹਿੰਦੇ ਨੇ। ਜਿਹਦਾ ਅਫਜ਼ਾਨਾ ਕੋਈ ਨਾ ਲੈਣਾ। ਖੁਸ਼ ਹੋਣਾ ਕਿ ਮੈਂ ਸੇਵਾ ਕਰ ਰਿਹਾ ਹਾਂ ਗੁਰੂ ਦੀ ਸੇਵਾ, ਅਕਾਲਪੁਰਖ ਦੀ ਸੇਵਾ, ਦੇਸ਼ ਦੀ ਸੇਵਾ, ਜਨ ਸਮੂਹ ਦੀ ਸੇਵਾ ਇਹ ਸਾਰੀਆਂ ਸੇਵਾਵਾਂ ਜਿਹੜੀਆਂ ਸੀ, ਉਹ ਗੁਰੂ ਦੀ ਸੇਵਾ ਦੇ ਨਾਲ ਹੀ addition ਕਰ ਦਿਤੀਆਂ ਤੇ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ੪ ॥ ੩੩ ॥*

***ਅੰਗ - ੨੬***

ਸੇਵਾ ਨੂੰ ਗੁਰੂ ਮਹਾਰਾਜ ਨੇ ਪ੍ਰਧਾਨਤਾ ਦੇ ਦਿਤੀ ਜਿਹਨੂੰ ਸ਼ੂਦਰਾਂ ਦਾ ਕੰਮ ਕਹਿੰਦੇ ਸੀ। ਜ਼ਰੂਰੀ ਕਰ ਦਿਤਾ ਕਿ ਜੇ ਤੈਨੂੰ ਪ੍ਰਮੇਸ਼ਰ ਦੇ ਮਿਲਣ ਦੀ ਲੋੜ ਹੈ -

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

***ਅੰਗ - ੨੮੬***

ਕਿਰਤ ਨੂੰ ਮਹਾਨਤਾ ਦੇ ਦਿਤੀ। ਨਾਲ ਇਹ ਹੈ ਕਿ ਆਪਣੇ ਵਾਸਤੇ ਨਹੀਂ ਜੀਉਣਾ ਪਿਆਰਿਓ, ਸਾਰੇ ਸੰਸਾਰ ਦੀ ਜੋ ਦੁਨੀਆਂ ਹੈ ਪ੍ਰਮੇਸ਼ਰ ਦੀ ਹੈ ਇਹਦੇ ਵਾਸਤੇ ਜ਼ਿੰਦਗੀ ਬਤੀਤ ਕਰਨੀ ਹੈ। ਸੋ ਉਹਦੇ ਵਾਸਤੇ ਆਪ ਜੀ ਨੇ ਕੌਤਕ ਰਚਿਆ ਜਿਸਨੂੰ ਸਾਰੇ ਜਾਣਦੇ ਨੇ, ਸੀਸ ਭੇਟ ਦੇ ਨਾਮ ਨਾਲ ਆਪਾਂ ਸਾਰੇ ਜਾਣਦੇ ਹਾਂ। ਪੰਜ ਗੁਰਸਿੱਖਾਂ ਨੇ ਆਪਣਾ ਸੀਸ ਭੇਟ ਕੀਤਾ। ਉਹ ਸੱਚਮੁੱਚ ਹੀ ਸੀਸ ਭੇਟ ਕੀਤਾ ਗਿਆ, ਵੱਡੀ ਭਾਰੀ ਕੁਰਬਾਨੀ ਸੀ ਇਹ। ਪਰ ਜਿਸ ਤਰ੍ਹਾਂ ਕੋਈ ਬਹੁਤ ਸੁਆਦੂ ਚੀਜ਼ ਬਣੀ ਹੋਈ ਹੋਵੇ ਕੋਈ ਈਰਖਾ ਵਾਲਾ ਚਾਰ ਮੱਖੀਆਂ ਮਾਰ ਕੇ ਉਹਦੇ ਵਿਚ ਸੁੱਟ ਜਾਵੇ, ਜਾਂ ਕਿਰਲੀ ਮਾਰ ਕੇ ਸੁੱਟ ਜਾਵੇ ਫੇਰ ਕੀ ਹੋਏਗਾ? ਕਹਿੰਦੇ ਨੇ ਵਾਸ਼ਨਾ ਤਾਂ ਬਹੁਤ ਵਧੀਆ ਆਉਂਦੀ ਹੈ, ਪਰ ਖਾਣ ਨੂੰ ਜੀਅ ਨਹੀਂ ਕਰਦਾ ਕਿਉਂਕਿ ਇਹਦੇ ਵਿਚ ਤਾਂ ਕਿਰਲੀ ਮਰੀ ਪਈ ਹੈ। ਐਸੇ ਤਰ੍ਹਾਂ ਦੇ ਨਾਲ ਸਾਡੇ ਜੋ ਲਿਖਣ ਵਾਲੇ ਸੀ ਪਤਾ ਨਹੀਂ ਕਿਸ ਚੀਜ਼ ਤੋਂ ਪ੍ਰੇਰਿਤ ਹੋਏ, ਕਿਵੇਂ ਕਹਾਣੀਆਂ ਬਣ ਗਈਆਂ। ਪੰਦਰਾਂ ਇਤਿਹਾਸ ਇਕੱਠੇ ਕਰ ਲਓ, ਉਨ੍ਹਾਂ ਸਾਰਿਆਂ ਵਿਚ ਵੱਖਰੀ-ਵੱਖਰੀ ਗੱਲ ਲਿਖੀ ਹੋਈ। ਤਿੰਨ ਚਾਰ ਨੇ ਤਾਂ ਲਿਖ ਦਿਤਾ ਕਿ ਤੰਬੂ ਦੇ ਵਿਚ ਬੱਕਰੇ ਬੰਨ੍ਹੇ ਹੋਏ ਸੀਗੇ, ਜਾ ਕੇ ਗੁਰੂ ਸਾਹਿਬ ਬੱਕਰੇ ਦਾ ਗਲ ਵੱਢ ਦਿੰਦੇ ਸੀ ਤੇ ਸਿੱਖ ਨੂੰ ਉਥੇ ਬਿਠਾ ਦਿੰਦੇ ਸੀ ਕਿ ਤੂੰ ਇਥੇ ਬੈਠਾ ਰਹਿ ਆਰਾਮ ਨਾਲ। ਦੋ ਤਿੰਨ ਮੇਰੇ ਕੋਲ ਐਸੇ ਪਏ ਨੇ ਜਿਨ੍ਹਾਂ 'ਚ ਲਿਖਿਆ ਹੋਇਆ ਹੈ ਕਿ ਗੁਰੂ ਮਾਹਾਰਾਜ ਤੰਬੂ 'ਚ ਲਿਜਾ ਕੇ ਸੀਸ ਕੱਟ ਦਿੰਦੇ ਸੀ ਸੱਚਮੁੱਚ। ਇਕ ਮੇਰੇ ਕੋਲ ਐਸਾ ਵੀ ਹੈ ਜਿਹਦੇ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਨੇ ਕੋਈ ਢੌਂਗ ਨਹੀਂ ਰਚਿਆ, ਕੋਈ ਪਰਦਾ ਨਹੀਂ ਕਰਿਆ, ਸਿੱਧੇ ਹੀ ਵੱਢ ਦਿਤਾ, ਮੈਂ ਵਿਚ ਬੈਠਆ ਸੀ। ਕਹਿੰਦਾ, ਮੈਂ ਜਾਸੂਸੀ ਕਰਨ ਵਾਸਤੇ ਗਿਆ ਸੀ ਤੇ ਮੈਂ ਓਸ ਵੇਲੇ ਬੈਠਾ ਰਿਪੋਰਟ ਦੇ ਰਿਹਾ ਸੀ ਔਰੰਗਜ਼ੇਬ ਨੂੰ ਕਿ ਕੀ ਹੋ ਰਿਹਾ ਹੈ? ਖੁਫੀਆ ਪੁਲਿਸ ਦਾ ਜਾਸੂਸ ਸੀਗਾ, ਗੋਲਕੰਡੇ ਦੇ ਰਹਿਣ ਵਾਲਾ ਸੀ। ਪਹਿਲਾਂ ਹਕੀਮ ਸੀ, ਹਿੰਦੂ ਸੀ, ਕਿਉਂਕਿ ਉਹ ਜਾਣਦਾ ਸੀ ਸਾਰਾ ਕੁਝ ਏਸ ਵਾਸਤੇ ਇਹਨੂੰ ਭੇਜਿਆ ਗਿਆ ਕਿ ਵਿਸ਼ਵਾਸ਼ ਪ੍ਰਾਪਤ ਕਰਕੇ ਤੂੰ ਸਾਨੂੰ ਗੁਰੂ ਗੋਬਿੰਦ ਸਿੰਘ ਦੀ ਸੀ.ਆਈ.ਡੀ ਦਿਆ ਕਰ। ਉਹ ਕਹਿਣ ਲੱਗਿਆ ਕਿ ਮੈਂ ਬਹੁਤ ਡਰ ਗਿਆ ਕਿ ਜੇ ਗੁਰੂ ਥੱਲੇ ਉਤਰ ਆਇਆ ਤਾਂ ਕਿਤੇ ਮੇਰਾ ਹੀ ਨਾ ਗਲ ਵੱਢ ਦੇਵੇ। ਪਰ ਕਿਉਂਕਿ ਮੈਂ ਰਿਪੋਰਟ ਲਿਖਣੀ ਸੀ, ਮੈਂ ਕਿਹਾ ਕਿ ਮੇਰੇ ਮੂਹਰੇ ਅਜੇ ਦੋ ਸਿੱਖ ਬੈਠੇ ਨੇ, ਇਹਨਾਂ ਦਾ ਵੱਢੇਗਾ ਪਹਿਲਾਂ, ਫੇਰ ਮੇਰੇ ਤੱਕ ਪਹੁੰਚੇਗਾ, ਜਦੋਂ ਨੱਠ ਜਾਵਾਂਗੇ। ਕਹਿੰਦਾ, ਪੰਜ ਨੱਠ-ਨੱਠ ਕ ਜਾਣ, ਅਜੇ ਆਵਾਜ਼ ਦਿੰਦੇ ਸੀ ਪਹਿਲਾਂ ਹੀ ਨੱਠ-ਨੱਠ ਕੇ ਜਾਂਦਾ ਸੀ। ਇਕ ਦਮ ਜਾ ਕੇ ਸਟੇਜ ਤੇ ਚਲੇ ਜਾਣ ਤੇ ਗੁਰੂ ਮਹਾਰਾਜ ਬੜੇ ਹੀ ਡਰਾਮੇਟਿਕ ਤਰੀਕੇ ਦੇ ਨਾਲ ਸਿੱਖ ਨੂੰ ਫੜਨ ਉਥੇ ਹੀ ਵੱਢ ਦੇਣ। ਕਹਿੰਦਾ ਉਸ ਤੋਂ ਬਾਅਦ ਉਹ ਬੜੇ ਹੀ ਖੁਸ਼ ਹੋਏ, ਕਹਿਣ ਲੱਗੇ ਸਿੱਖੀ ਦਾ ਬੀਜ ਦੇਖੋ ਤਕੜਾ ਕਿੰਨਾ ਰਹਿ ਗਿਆ। ਗੁਰੂ ਨਾਨਕ ਨੂੰ ਇਕ ਮਿਲਿਆ, ਅੱਜ ਜਦੋਂ ਸਿੱਖੀ ਪੂਰੀ ਸਿਖਰ ਤੇ ਪਹੁੰਚ ਗਈ, ਹੁਣ ਪੰਜ ਮਿਲ ਗਏ। ਮੈਨੂੰ ਪੰਜਾਂ ਦੀ ਲੋੜ ਹੈ। ਉਹ ਕਹਿੰਦਾ ਕਿ ਐਨੇ ਬੰਦੇ ਤਿਆਰ ਹੋਏ ਉਡੀਕ ਰਹੇ ਸੀ ਕਿ ਪਹਿਲਾਂ ਬੈਠੇ ਉਡੀਕਦੇ ਸੀ, ਫੇਰ ਖੜ੍ਹੇ ਹੋ ਗਏ ਸਾਰੇ। ਕਹਿਣ ਲੱਗੇ ਕਿ ਸਤਿਗੁਰੂ! ਸਾਡੀ ਵਾਰੀ ਕਿਉਂ ਨਹੀਂ ਆਈ? ਉਹ ਕਹਿੰਦੇ, ਪਿਆਰਿਓ! ਮੈਂ ਸਿਰਫ ਪੰਜ ਲੈਣੇ ਸੀ, ਤੁਸੀਂ ਵੀ ਘੱਟ ਨਹੀਂ ਹੋ। ਉਸ ਤੋਂ ਬਾਅਦ ਉਹ ਉਨ੍ਹਾਂ ਵਲ ਮੁਖਾਤਬ ਹੋ ਕੇ ਜਿਹਦੇ ਵਲ ਦੇਖਦੇ ਨੇ ਆਵਾਜ਼ ਦਿੰਦੇ ਨੇ ਕਹਿੰਦਾ, ਸਿਰ ਇਕ ਦਮ ਜੁੜ ਜਾਂਦਾ ਹੈ ਤੇ ਉਹ ਸਿੱਖ ਖੜ੍ਹਾ ਹੋ ਕੇ ਨਮਸਕਾਰ ਕਰਦਾ ਹੈ।

ਸਾਧਸੰਗਤ ਜੀ! ਸਾਨੂੰ ਇਹ ਗੱਲਾਂ ਬਹੁਤ ਅਜੀਬ ਲਗਦੀਆਂ ਨੇ ਕਿਉਂਕਿ ਸਾਡੇ ਵਿਚ ਵਿਸ਼ਵਾਸ਼ ਨਹੀਂ ਹੈ ਕਿ ਗੁਰੂ ਕੀ ਸੀਗਾ। ਅਸੀਂ ਗੁਰੂ ਨੂੰ ਇਕ ਆਮ ਬੰਦਾ ਸਮਝਦੇ ਹਾਂ। ਕਹਿੰਦੇ ਨੇ ਜਿਹੜਾ ਗੁਰੂ ਨੂੰ ਬੰਦਾ ਸਮਝਦਾ ਹੈ, ਨਾ ਤਾਂ ਉਹਦਾ ਨਾਮ ਚਲ ਸਕਦਾ, ਨਾ ਉਹ ਕਿਸੇ ਕਿਨਾਰੇ ਪਹੁੰਚ ਸਕਦਾ ਹੈ, ਕਿਉਂਕਿ ਉਹ ਪ੍ਰਤੀਤ ਤੋਂ ਹੀਣਾ ਹੈ।

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥*
*ਅੰਗ - ੨੮੩*

ਜੇ ਪ੍ਰਤੀਤ ਹੀ ਨਹੀਂ ਗੁਰੂ ਉਪਰ, ਗੁਰੂ ਨੂੰ ਐਵੇਂ ਮਨੁੱਖ ਮੰਨਦਾ ਹੈ, ਸੁਪਰ ਮਨੁੱਖ ਮੰਨ ਲਓ ਚਲੋ। ਤਾਂ ਫੇਰ ਸਾਡਾ ਉਹਦੇ ਨਾਲ ਸਬੰਧ ਕਿਵੇਂ ਜੁੜੇਗਾ। ਸਦੀਆਂ ਬੀਤਣ ਤੋਂ ਬਾਅਦ ਸਾਡੀ ਪ੍ਰਤੀਤ ਪਤਲੀ ਪੈ ਜਾਵੇਗੀ। ਗੁਰੂ ਹੈ ਕੀ? ਕਹਿੰਦੇ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਉਹ ਸਰਬ ਕਲਾ ਸਮਰੱਥ ਹੁੰਦਾ ਹੈ, ਤ੍ਰਿਕਾਲਦਰਸੀ ਹੁੰਦਾ ਹੈ, ਸਾਰੀਆਂ ਸ਼ਕਤੀਆਂ ਤ੍ਰਿਗੁਣ ਅਤੀਤ ਅਵਸਥਾ ਹੁੰਦੀ ਹੈ ਗੁਰੂ ਦੀ। ਏਸ ਤਰ੍ਹਾਂ ਨਾਲ -

*ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥*
*ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਅੰਗ - ੧੧੪੨*

ਡਾ. ਸਵਾਮੀ ਰਾਮ ਜੀ ਲਿਖਦੇ ਨੇ ਕਿ ਇਕ ਕਿਤਾਬ 'ਹਿਮਾਲੀਅਲ ਯੋਗੀ ਦਾ ਸੰਗ' ਵਿਚ ਕਿ ਮੈਂ ਮੌਤ ਦੇ ਉਤੇ ਲੈਕਚਰ ਦੇ ਰਿਹਾ ਸੀ, ਵਿਦਿਆਰਥੀਆਂ ਨੂੰ ਸਵਾਮੀਆਂ ਨੂੰ, ਕੁਦਰਤੀ ਉਨ੍ਹਾਂ ਨੇ ਆਪਣੀ ਕੋਈ ਗੱਲ ਛੁਪਾਈ ਨਹੀਂ ਹੈ। ਕਹਿੰਦੇ ਮੇਰੇ ਮਨ ਵਿਚ ਬੜਾ ਗੁਮਾਨ ਸੀਗਾ ਕਿ ਮੇਰੇ ਨਾਲ ਦਾ ਕੋਈ ਪੜ੍ਹਿਆ ਹੋਇਆ ਕੋਈ ਹੋਰ ਨਹੀਂ, ਮੈਂ ਡਾਕਟਰੇਟ ਇੰਗਲੈਂਡ ਤੋਂ ਕਰ ਲਈ ਸੀ ਤੇ ਡਾਕਟਰੀ ਮੈਂ ਜਰਮਨ ਤੋਂ ਕਰ ਲਈ ਸੀ, ਤਜਰਬਾ ਸੀ। ਵੇਦ ਸ਼ਾਸਤਰ, ਕੋਈ ਗ੍ਰੰਥ ਐਨਾ ਨਹੀਂ ਜਿਹੜਾ ਮੈਂ ਨਾ ਪੜ੍ਹਿਆ ਹੋਵੇ ਤੇ ਮੈਂ ਇਕ ਦਿਨ ਆਪਣੇ ਗੁਰੂ ਨੂੰ ਕਹਿ ਵੀ ਦਿਤਾ ਕਿ ਗੁਰੂਦੇਵ ਮੈਨੂੰ ਐਉਂ ਲਗਦਾ ਹੈ ਕਿ ਮੈਂ ਸਭ ਤੋਂ ਵਿਦਵਾਨ ਹਾਂ ਕਿਉਂਕਿ ਜੇ ਮੈਂ ਇਹ ਗੱਲ ਕਹਾਂ ਮੇਰੇ ਮਨ ਵਿਚ ਐਉਂ ਸੀ ਕਿ ਮੈਂ ਆਪਣੀ ਮੈਂ ਦਿਖਾਉਂਦਾ ਹਾਂ। ਲੇਕਿਨ ਉਨ੍ਹਾਂ ਨੇ ਆਪਣੇ ਅੰਦਰਲੀ ਗੱਲ ਲਿਖ ਦਿਤੀ। ਵੱਡਾ ਆਦਮੀ ਓਹੀ ਹੁੰਦਾ ਹੈ ਜਿਹੜਾ ਆਪਣੀ ਕਮਜ਼ੋਰੀ ਬਾਹਰ ਲੈ ਆਵੇ। ਕੋਈ-ਕੋਈ ਲਿਆ ਸਕਦਾ ਹੈ। ਉਹ ਕਹਿੰਦੇ, ਤੈਨੂੰ ਨਹੀਂ ਪਤਾ ਤੂੰ ਜਾ ਕੇ ਪੜ੍ਹਾ। ਕਹਿੰਦੇ ਸੌ ਸਵਾਮੀਆਂ ਦੀ ਕਲਾਸ ਲੱਗੀ ਹੋਈ ਸੀ ਮੈਂ ਮੌਤ ਬਾਰੇ ਪੜ੍ਹਾ ਰਿਹਾ ਸੀ, ਉਥੇ ਇਕ ਸਾਧੂ ਆ ਕੇ ਬੈਠ ਗਿਆ। ਕਹਿੰਦਾ, ਜਦੋਂ ਮੈਂ ਬੋਲਾਂ ਉਚੀ ਦੇ ਕੇ ਹੱਸ ਪਵੇ ਤਾੜੀ ਮਾਰ ਕੇ। ਮੈਨੂੰ ਬੜਾ ਬੁਰਾ ਲੱਗਿਆ ਕਿ ਕਲਾਸ ਦੇ ਵਿਚ ਆ ਕੇ ਹਸਦਾ ਹੈ ਤੇ ਮੈਂ ਕਲਾਸ ਥੋੜ੍ਹੇ ਮਿੰਟ ਪਹਿਲਾਂ ਬੰਦ ਕਰ ਦਿਤੀ। ਮੈਨੂੰ ਗੁੱਸਾ ਬੜਾ ਆਇਆ ਹੋਇਆ ਸੀ ਕਿ ਤੈਨੂੰ ਕੀਹਨੇ ਵੜਨ ਦਿਤਾ ਸੀ, ਤੂੰ ਹੱਸਦਾ ਕਿਉਂ ਸੀ? ਉਹਦੇ ਤੋਂ ਬਾਅਦ ਅਜੇ ਮੈਂ ਸਲਾਹ ਹੀ ਕਰਦਾ ਸੀ, ਮੇਰੇ ਕੋਲ ਉਹ ਆਪੇ ਹੀ ਆ ਗਿਆ। ਕਹਿੰਦੇ ਦੇਖ ਕੇ ਮੈਨੂੰ ਫੇਰ ਹੱਸਿਆ। ਮੈਂ ਕਿਹਾ, ਸੰਤ ਜੀ! ਤੁਸੀਂ ਉਥੇ ਵੀ ਹੱਸੀ ਗਏ, ਤੇ ਹੁਣ ਵੀ ਹੱਸੀ ਜਾਂਦੇ ਹੋ। ਕਹਿੰਦੇ ਹਾਂ, ਮੈਂ ਤੇਰੀ ਨਾਕਾਬਲੀਅਤ ਨੂੰ ਦੇਖ ਕੇ ਹੱਸ ਰਿਹਾ ਹਾਂ। ਕਹਿੰਦੇ, ਤੂੰ ਨਿੱਕਾ ਜਿਹਾ ਬੱਚਾ ਹੈਂ ਤੂੰ ਕੀ ਜਾਣਦਾ ਹੈਂ ਕਿ ਮੌਤ ਕੀ ਹੁੰਦੀ? ਮੈਨੂੰ ਬੜਾ ਬੁਰਾ ਲੱਗਿਆ, ਮੈਂ ਟੀਚਰ ਹਾਂ ਤੇ ਮੈਂ ਹੁਣੇ ਹੀ ਗੁਰੂ ਨੂੰ ਕਹਿ ਕੇ ਹਟਿਆ ਹਾਂ ਕਿ ਮੇਰੇ ਨਾਲ ਵਿਦਵਾਨ ਕੋਈ ਹੈ ਨਹੀਂ ਕਿਤੇ ਵੇ, ਸੰਸਕ੍ਰਿਤ ਦਾ ਮੈਂ ਸਕਾਲਰ ਹਾਂ, ਸਾਰੀਆਂ ਵਿਦਿਆਵਾਂ ਇੰਗਲਿਸ਼ ਦਾ ਪੋਇਟ ਵੀ ਹਾਂ, (ਔਖੀਆਂ ਤੋਂ ਔਖੀਆਂ ਬਾਣੀਆਂ ਉਨ੍ਹਾਂ ਨੇ ਪੋਇਟਰੀ ਵਿਚ ਕੀਤੀਆਂ ਹੋਈਆਂ ਨੇ) ਤੇ ਮੈਂ ਕਿਹਾ ਤੂੰ ਮੈਨੂੰ ਬੱਚਾ ਦਸਦਾ ਹੈਂ। ਉਸ ਨੇ ਕਿਹਾ ਕਿ ਤੈਨੂੰ ਹਾਲੇ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਮੌਤ ਕੀ ਹੁੰਦੀ ਹੈ? ਕਹਿੰਦਾ ਜਾਹ ਕੋਈ ਜੀਵ ਫੜ ਕੇ ਲਿਆ। ਮੈਂ ਕਿਹਾ ਕਿ ਕਿੱਥੇ ਕੋਈ ਡੱਡੂ ਲੱਭਾਂਗਾ, ਜਾਂ ਹੋਰ ਕੁਛ ਲੱਭਾਂਗਾ, ਇਕ ਵੱਡਾ ਕੀੜਾ ਜਾਂਦਾ ਸੀ ਮੈਂ ਕਪੜੇ ਨਾਲ ਫੜ ਕੇ ਲੈ ਆਇਆ। ਕਹਿੰਦਾ, ਕਿ ਬੱਸ ਆਹੀ? ਮੈਂ ਕਿਹਾ ਹਾਂ। ਕਹਿੰਦਾ, ਚਾਕੂ ਲਿਆ। ਚਾਕੂ ਲਿਆਂਦਾ, ਵਿਚਾਲੇ ਤੋਂ ਕੱਟ ਕੇ ਅੱਧਾ ਫੁੱਟ ਐਧਰ ਕਰ ਦਿਤਾ ਅੱਧਾ ਓਧਰ ਕਰ ਦਿਤਾ। ਮੈਂ ਕਿਹਾ, ਮੈਂ ਕੀ ਸਿਖਿਆ ਦੇਵੇਗਾ। ਦੋਵੇਂ ਹਿੱਸੇ ਪਏ ਨੇ, ਦੇਖਣ ਲੱਗ ਗਿਆ ਉਨ੍ਹਾਂ ਨੂੰ। ਮੈਂ ਹੈਰਾਨ ਹੋ ਗਿਆ ਕਿ ਸਿਰ ਵਾਲਾ ਪਾਸਾ ਪਿਛੇ ਨੂੰ ਤੁਰ ਪਿਆ, ਧੜ ਵਾਲਾ ਅੱਗੇ ਨੂੰ ਤੁਰ ਪਿਆ। ਕਹਿੰਦਾ, ਓਸੇ ਪੁਆਇੰਟ ਤੇ ਜਿੱਥੇ ਇੱਕਠੇ ਸੀ ਦੋਵੇਂ ਇਕੱਠੇ ਹੋ ਗਏ, ਕੀੜਾ ਤੁਰਨ ਲੱਗ ਗਿਆ। ਕਹਿੰਦਾ ਆਹ ਹੁੰਦਾ ਹੈ, ਤੂੰ ਨਹੀਂ ਜਾਣਦਾ ਤੂੰ ਕਿਤਾਬਾਂ ਹੀ ਪੜ੍ਹਿਆ ਹੋਇਆ ਹੈਂ। ਜਿਹੜੀਆਂ ਤੂੰ ਗੱਲਾਂ ਦੱਸਦਾ ਹੈਂ ਨਾ ਇਹ ਪ੍ਰੈਕਟੀਕਲ ਨਹੀਂ ਤੈਨੂੰ ਆਉਂਦੀਆਂ। ਮੈਂ ਕਿਹਾ ਸੰਤ ਜੀ, ਮੈਨੂੰ ਦੱਸ ਦਿਓ। ਕਹਿੰਦਾ ਦੱਸਣ ਵਾਸਤੇ ਬੜਾ ਸਮਾਂ ਚਾਹੀਦਾ ਹੈ। ਐਉਂ ਨਹੀਂ ਕਿ ਤੁਰੇ ਜਾਂਦੇ ਹੀ ਤੈਨੂੰ ਫੜਾ ਦੇਈਏ।

ਨਾਮਦੇਵ ਜੀ ਦੇ ਸਾਮ੍ਹਣੇ ਗਊ ਮਰੀ ਪਈ ਹੈ, ਬੜਾ ਕਲੇਸ਼ ਹੋਇਆ। ਬਾਦਸ਼ਾਹ ਸਲੇਮਸ਼ਾਹ ਕਹਿੰਦਾ ਕਿ ਜੇ ਗਊ

ਜੀਉਂਦੀ ਨਾ ਕਰੀ ਤਾਂ ਮੈਂ ਤੈਨੂੰ ਮਾਰ ਦੇਵਾਂਗਾ। ਨਾਮਦੇਵ ਕਹਿੰਦੇ ਕਿ ਬਿਸਮਲ ਕਰਿਆ ਹੋਇਆ, ਖੂਨ ਸਾਰਾ ਨਿਕਲ ਗਿਆ, ਜੀਉਂਦੀ ਕਿਵੇਂ ਹੋ ਸਕਦੀ ਹੈ? ਅਖੀਰ ਸਾਢੇ ਸੱਤ ਘੜੀਆਂ ਦਾ ਸਮਾਂ ਸੀ। ਤਿੰਨ ਘੰਟੇ ਦਾ। ਉਸ ਤੋਂ ਬਾਅਦ ਗਊ ਜੀਉਂਦੀ ਹੋ ਜਾਂਦੀ ਹੈ। ਨਾਮਦੇਵ ਜੀ ਨੇ ਪ੍ਰਮੇਸ਼ਰ ਅਰਪਣ ਕਰ ਦਿਤੀ ਕਿ ਵਾਹਿਗੁਰੂ ਨੇ ਆ ਕੇ ਜੀਉਂਦੀ ਕਰ ਦਿਤੀ। ਆਇਆ ਤਾਂ ਸੀ ਨਾ ਫੇਰ ਜੀਉਂਦੀ ਕਰਨ ਵਾਸਤੇ।

ਸ਼ਮਸ ਤਬਰੇਜ਼ ਇਕ ਵੱਡਾ ਪੀਰ ਹੋਇਆ ਹੈ ਮੁਲਤਾਨ ਦੇ ਵਿਚ। ਕਰਨੀ ਕਮਾਈ ਵਾਲਾ ਬਚਪਨ ਤੋਂ ਹੀ ਸੀ। ਉਹ ਜਾਂਦਾ ਹੈ ਦਿੱਲੀ ਦੇ ਅੰਦਰ, ਮਕਤਵ ਵਿਚ ਬੱਚੇ ਪੜ੍ਹਦੇ ਨੇ, ਕਿਤਾਬਾਂ ਲੈ ਕੇ ਚੁਬੱਚੇ ਵਿਚ ਸੁੱਟ ਦਿਤੀਆਂ। ਕਹਿੰਦਾ, ਛੱਡੋ ਓਏ ਇਨ੍ਹਾਂ ਨੂੰ, 'ਇਲਮ ਵਸ ਕਰੀ ਹੁਣ ਯਾਰ ਇਕੋ ਅਲਫ਼ ਤੈਨੂੰ ਦਰਕਾਰ'। ਕਹਿੰਦਾ ਓਹਨੂੰ ਮੌਲਵੀ ਨੂੰ ਕਹੋ, ਅਸਲੀ ਪੜ੍ਹਾਈ ਪੜ੍ਹਾਵੇ। ਜਦੋਂ ਮੌਲਵੀ ਆਇਆ ਓਸ ਵੇਲੇ ਬੱਚੇ ਰੋਣ ਲਗ ਗਏ ਕਿ ਸਾਡੀਆਂ ਸਾਰੀਆਂ ਕਿਤਾਬਾਂ ਮੌਲਾਨਾ, ਬੜਾ ਮਸ਼ਹੂਰ ਹੋਇਆ ਹੈ ਉਹ। ਰੂਮੀ ਕਹਿੰਦੇ ਨੇ ਉਹਨੂੰ। ਉਹ ਕਹਿਣ ਲੱਗਿਆ ਕਿ ਕੌਣ ਸੀ? ਬੱਚਿਆਂ ਨੇ ਕਿਹਾ ਕਿ ਇਕ ਦਰਵੇਸ਼ ਆਇਆ ਸੀ। ਦੇਖਿਆ ਕਿ ਸਾਰੀਆਂ ਕਿਤਾਬਾਂ ਚੁਵੱਚੇ ਵਿਚ ਸੁੱਟ ਦਿਤੀਆਂ, ਜਦੋਂ ਕੱਢੀਆਂ ਸਾਰੀਆਂ ਹੀ ਸੁੱਕੀਆਂ, ਕੋਈ ਨਾ ਗਿੱਲੀ। ਕਹਿਣ ਲੱਗਿਆ ਕਿ ਇਹ ਤਾਂ ਕਰਨੀ ਕਮਾਈ ਵਾਲਾ ਹੈ। ਕਹਿੰਦੇ, ਦੱਸ ਵੀ ਗਿਆ ਕੁੱਛ? ਕਹਿੰਦੇ ਹਾਂ। ਕਹਿੰਦਾ ਮੈਂ ਮੁਲਤਾਨ ਵਿਚ ਰਹਿੰਦਾ ਹਾਂ। ਮੁਹੱਲਾ ਏ ਖਬਰਸਾਂ। ਉਥੇ ਚਲਿਆ ਗਿਆ, ਜਾ ਕੇ ਸਭ ਨੂੰ ਪੁੱਛਦਾ ਹੈ। ਇਕ ਸਿਆਣਾ ਮਿਲ ਗਿਆ ਉਸ ਨੇ ਕਿਹਾ ਕਿ ਮੁਹੱਲਾ ਏ ਖਬਰਸਾਂ। ਕਬਰਸਤਾਨ ਕਹਿੰਦੇ ਨੇ, ਜਿਥੇ ਕੋਈ ਬੋਲਦਾ ਨਹੀਂ ਰਹਿੰਦੇ ਸਾਰੇ ਹੀ ਨੇ। ਉਥੇ ਗਿਆ ਤਾਂ ਉਸ ਥਾਂ ਦੇ ਉਤੇ ਮਿਲਿਆ। ਮੌਲਾਨਾ ਰੂਮ ਦੀਆਂ ਬਹੁਤ ਕਿਤਾਬਾਂ ਮਿਲਦੀਆਂ ਨੇ ਬ੍ਰਹਮਗਿਆਨ ਦੀਆਂ। ਇਹਦੇ ਨਾਲ ਖਾਰ ਖਾਂਦੇ ਸੀ ਮੌਲਾਨੇ ਸਾਰੇ। ਕਿਉਂਕਿ ਜੋ ਸਤਿ ਪੁਰਸ਼ ਹੁੰਦੇ ਨੇ, ਸਤਿ ਨੂੰ ਜਾਨਣ ਵਾਲੇ ਉਹ ਹੱਦਬੰਦੀਆਂ ਟੱਪ ਜਾਇਆ ਕਰਦੇ ਨੇ, ਸ਼ਰ੍ਹਾ ਵਿਚ ਨਹੀਂ ਰਹਿੰਦੇ। ਜਿਨ੍ਹਾਂ ਕੋਲ ਲੌਜਿਕ ਨਹੀਂ ਹੁੰਦੀ, ਹਨ੍ਹੇਰਾ ਹੁੰਦਾ ਹੈ, ਉਹ ਇਨ੍ਹਾਂ ਨੂੰ ਕਾਫਰ ਕਹਿਣ ਲੱਗ ਜਾਂਦੇ ਨੇ।

ਗੁਰੂ ਨਾਨਕ ਸਾਹਿਬ ਨੂੰ ਕੋਈ ਦੀਵਾਨਾ ਕਹਿੰਦਾ ਹੈ, ਕੋਈ ਬਉਰਾ ਕਹਿੰਦਾ ਹੈ। ਕੋਈ ਭੂਤਨਾ ਕਹਿੰਦਾ ਹੈ। ਕਿਉਂਕਿ ਜਿਥੇ ਉਹ ਖੇਡਦੇ ਸੀ, ਉਥੇ ਉਨ੍ਹਾਂ ਦੀ ਪਹੁੰਚ ਨਹੀਂ ਸੀ ਤੇ ਇਹ ਫੇਰ ਨੁਕਸਾਨ ਪਹੁੰਚਾਂਦੇ ਸੀ। ਬੜੀ ਖਾਰ ਖਾਣ ਲੱਗ ਗਏ।

ਇਕ ਵਾਰੀ ਉਥੇ ਦੇ ਨਵਾਬ ਦਾ ਲੜਕਾ ਬਿਮਾਰ ਹੋ ਗਿਆ। ਇਨ੍ਹਾਂ ਨੇ ਬੜੀ ਧੁੰਮ ਮਚਾਈ ਹੋਈ ਸੀ, ਕਾਜ਼ੀਆਂ ਨੇ ਤੇ ਮੌਲਵੀਆਂ ਨੇ। ਕਾਜ਼ੀ ਜੱਜ ਨੂੰ ਕਹਿੰਦੇ ਨੇ, ਜੱਜ ਕੁਰਾਨ ਸ਼ਰੀਫ ਪੜ੍ਹ ਕੇ ਵਿਚੋਂ ਮੰਤਰ ਸਿੱਧ ਕਰ ਲੈਂਦੇ ਹੁੰਦੇ ਸੀ ਤੇ ਉਹਨੇ ਸਾਰੇ ਕਾਜ਼ੀ ਤੇ ਮੁੱਲਾਂ ਬੁਲਾ ਲਏ, ਕਹਿੰਦਾ ਬੱਚਾ ਰਾਜ਼ੀ ਕਰੋ ਮੇਰਾ। ਕਈ ਦਿਨ ਲੰਘੇ ਜਦੋਂ ਰਾਜ਼ੀ ਨਾ ਹੋਇਆ, ਕਹਿੰਦਾ ਤੁਸੀਂ ਦਿੰਦੇ ਹੋ ਲੋਕਾਂ ਨੂੰ ਧੋਖਾ। ਜੇ ਹੁਣ ਮੇਰਾ ਲੜਕਾ ਮਰ ਗਿਆ, ਮੈਂ ਤੁਹਾਨੂੰ ਸਾਰਿਆਂ ਨੂੰ ਮਾਰ ਦੇਵਾਂਗਾ। ਰੋਣਾ ਪਿਟਣਾ ਪੈ ਗਿਆ। ਸੋਚਣ ਲੱਗ ਗਏ, ਕਹਿੰਦੇ ਹੁਣ ਤਾਂ ਸ਼ਮਸਤਬਰੇਜ਼ ਹੀ ਬੁਲਾਉਣਾ ਪੈਣਾ ਹੈ ਆਪਾਂ ਨੂੰ। ਓਸ ਵੇਲੇ ਕਹਿਣ ਲੱਗੇ, ਨਵਾਬ ਸਾਹਿਬ! ਇਕ ਸਾਡੇ ਨਾਲ ਦਾ ਬਾਹਰ ਹੈ, ਜੇ ਉਹ ਆ ਜਾਵੇ, ਤਾਂ ਤੇਰਾ ਲੜਕਾ ਜੀਉਂਦਾ ਹੋ ਸਕਦਾ ਹੈ। ਕਹਿੰਦੇ, ਉਹ ਕੌਣ ਹੈ? ਕਹਿੰਦੇ, ਇਥੇ ਗਲੀਆਂ 'ਚ ਫਿਰੀ ਜਾਂਦਾ ਹੁੰਦਾ ਹੈ ਘੁੰਮਦਾ ਤੇ ਆਪਣੇ ਆਪ ਨੂੰ ਸ਼ਮਸ਼ ਕਹਿੰਦਾ ਹੈ। ਸ਼ਮਸ਼ ਸੂਰਜ ਦਾ ਵੀ ਨਾਉਂ ਹੈ ਉਹ ਵੀ ਆਪਣੇ ਆਪ ਨੂੰ ਸ਼ਮਸ਼ ਕਹਿੰਦਾ ਹੈ। ਕੁਫਰ ਦੀਆਂ ਗੱਲਾਂ ਬੋਲਦਾ ਹੈ, ਹੈ ਸਾਡੇ ਨਾਲ ਦਾ ਹੀ। ਸ਼ਮਸ਼ ਤਬਰੇਜ਼ ਨੂੰ ਫੜ ਕੇ ਜੇਲ੍ਹਖਾਨੇ ਲੈ ਆਂਦਾ। ਨਵਾਬ ਨੇ ਕਿਹਾ ਕਿ ਦੇਖੋ ਮੇਰਾ ਲੜਕਾ ਬੀਮਾਰ ਹੈ ਜੇ ਜੀਉਂਦਾ ਨਾ ਹੋਇਆ ਤਾਂ ਮੈਂ ਤੁਹਾਨੂੰ ਸਭ ਨੂੰ ਮਾਰ ਦੇਣਾ। ਉਹ ਖੁਸ਼ ਹੋ ਗਿਆ ਸ਼ਮਸ਼ਤਬਰੇਜ਼, ਨਵਾਬ ਸਾਹਿਬ! ਫਕਰ ਤਾਂ ਸਾਰੇ ਇਸੇ ਗੱਲ ਵਾਸਤੇ ਫਿਰਦੇ ਨੇ ਕਿਉਂਕਿ ਆਹ ਸਾਢੇ ਤਿੰਨ ਹੱਥ ਦੀ ਦੇਹ ਦੀ ਹੁਣ ਸਾਨੂੰ ਕੋਈ ਲੋੜ ਨਹੀਂ ਹੈ। ਤੇਰਾ ਬੜਾ ਭਲਾ ਹੋਵੇ ਜੇ ਤੂੰ ਆਹ ਕੰਮ ਕਰ ਦੇਵੇਂ। ਕਾਜ਼ੀ ਸਾਰੇ ਹੀ ਰੋਣ ਲੱਗ ਗਏ, ਮੁਲਾਂ ਵੀ। ਸਾਰੀ ਰਾਤ ਰੋਈ ਗਏ। ਕਹਿੰਦੇ, ਤੈਨੂੰ ਤਾਂ ਰੋਣ ਵਾਲਾ ਕੋਈ ਨਹੀਂ, ਸਾਡੇ ਤਾਂ ਬਾਲ-ਬੱਚੇ ਬੀਵੀਆਂ ਨੇ ਅਸੀਂ ਕੀ ਕਰਾਂਗੇ? ਅਖੀਰ ਮਨਾ ਲਿਆ ਕਹਿਣ ਲੱਗੇ ਕਿ ਗੱਲ ਐਨੀ ਹੈ ਕਿ ਪਰਉਪਕਾਰ ਵਸ ਮੈਂ ਕਰ ਤਾਂ ਦਿੰਦਾ ਹਾਂ ਪਰ ਤੁਸੀਂ ਮੈਨੂੰ ਫਤਵਾ ਦੇ ਦੇਣਾ ਹੈ ਕਿਉਂਕਿ ਤੁਹਾਨੂੰ ਸ਼ਰ੍ਹਾ ਦੇ ਸੰਗਲ ਪਏ ਹੋਏ ਨੇ। ਜਿੰਨਾ ਬੰਦਾ ਕੱਟੜ ਹੋਏਗਾ, ਉਹ ਕਦੇ ਵੀ ਦੂਸਰੇ ਤੇ ਵਿਸ਼ਵਾਸ਼ ਨਹੀਂ ਕਰਦਾ। ਆਪਣੀ ਧਾਰਨਾ positive mind ਹੋਣ ਕਰਕੇ, ਐਨੀ ਪੱਕੀ ਹੁੰਦੀ ਹੈ ਉਹਨੂੰ ਛੱਡਣ ਨੂੰ ਤਿਆਰ ਨਹੀਂ ਹੁੰਦਾ। ਜਿਹੜਾ negetive mind ਦਾ ਹੁੰਦਾ ਹੈ ਓਸ ਬੰਦੇ ਦਾ ਓਧਾਰ ਛੇਤੀ ਹੋ ਜਾਇਆ ਕਰਦਾ ਹੈ। ਪੋਜ਼ਟਿਵ ਵਾਲੇ ਦਾ ਬਹੁਤ ਔਖਾ ਹੈ ਕਿਉਂਕਿ ਉਹਦੀਆਂ ਧਾਰਨਾਵਾਂ ਬਣ ਚੁੱਕੀਆਂ, ਬਦਲਣੀਆਂ ਬਹੁਤ ਮੁਸ਼ਕਲ ਨੇ। ਦੂਜੇ ਦਿਨ ਨਵਾਬ ਨੂੰ ਕਿਹਾ ਕਿ ਲੜਕਾ ਮਰ ਚੁੱਕਿਆ ਸੀ। ਕਹਿਣ ਲੱਗਿਆ ਕਿ ਮੇਰੇ ਲੜਕੇ ਦੀ ਅਰਥੀ ਐਥੇ ਲਿਆਓ, ਇਕ ਨਹੀਂ ਚੁੱਕਣੀ, ਆਹ ਦੇਖੋ ਕਿੰਨੇ ਮੁਲਾਂ

ਮੁਲਾਣੇ ਨੇ, ਸਭ ਨਾਲ ਹੀ ਜਾਣਗੇ। ਅਰਥੀਆਂ ਤਿਆਰ ਕਰ ਲਈਆਂ। ਕਹਿੰਦਾ ਜਾਂ ਤਾਂ ਲੜਕਾ ਮੇਰਾ ਜੀਉਂਦਾ ਕਰ ਦਿਓ ਤੇ ਨਹੀਂ ਤਾਂ ਤਿਆਰ ਹੋ ਜਾਓ ਮਰਨ ਵਾਸਤੇ। ਸਾਰਿਆਂ ਨਾਲੋਂ ਪਹਿਲਾਂ ਸ਼ਮਸ਼ਤਬਰੇਜ਼ ਆ ਗਿਆ ਕਹਿੰਦਾ ਨਵਾਬ ਸਾਹਿਬ ਛੇਤੀ ਕਰੋ। ਇਹ ਕਿੱਥੇ ਜੀਉਂਦਾ ਹੋਏਗਾ ਇਹ ਤਾਂ ਰੱਬ ਨੇ ਮਾਰ ਦਿਤਾ। ਓਸ ਵੇਲੇ ਉਹਦੇ ਪੈਰ ਫੜ ਲਏ। ਸ਼ਮਸ਼ ਨੇ ਕਿਹਾ ਕਿ ਤੁਸੀਂ ਮੇਰੇ ਹੀ ਖਿਲਾਫ ਫਤਵਾ ਲਾ ਦੇਣਾ ਹੈ। ਕਹਿੰਦੇ ਇਕ ਤਾਂ ਤੂੰ ਸਾਨੂੰ ਜੇਲ੍ਹ 'ਚੋਂ ਛੁਡਾਵੇਂ, ਅਸੀਂ ਕਿਉਂ ਫਤਵਾ ਲਾਵਾਂਗੇ। ਕਹਿੰਦਾ, ਚਲੋ ਲਿਆਓ ਅਰਥੀ। ਜੇਲ੍ਹ 'ਚੋਂ ਨਿਕਲ ਆਇਆ ਬਾਹਰ। ਮੁਰਦੇ ਦੇ ਬਰਾਬਰ ਟਹਿਲਣਾ ਸ਼ੁਰੂ ਕਰ ਦਿਤਾ। ਜਦੋਂ ਇਕ ਗੇੜਾ ਕੱਢਿਆ, ਦੂਸਰੇ ਨੂੰ ਆਇਆ ਤਾਂ ਕਹਿਣ ਲੱਗਿਆ ਕਿ ਓ ਲੜਕੇ! ਖੁਦਾ ਕੇ ਹੁਕਮ ਸੇ ਖੜ੍ਹਾ ਹੋ। ਕੁਛ ਵੀ ਨਾ ਹੋਇਆ। ਇਸ ਨੇ ਫੇਰ ਦੋ ਗੇੜੇ ਕੱਢੇ, ਫੇਰ ਕਿਹਾ। ਫੇਰ ਨਾ ਹੋਇਆ। ਤੀਸਰੀ ਵਾਰੀ ਫੇਰ ਕਿਹਾ। ਚਲੋ! ਅਬ ਦਰਵੇਸ਼ ਕੇ ਹੁਕਮ ਸੇ ਖੜ੍ਹਾ ਹੋ। ਬੱਚਾ ਇਕ ਦਮ ਉਠ ਕੇ ਖੜ੍ਹਾ ਹੋ ਗਿਆ। ਸਾਰੇ ਜੈ-ਜੈਕਾਰ ਹੋ ਗਈ। ਨਵਾਬ ਖੁਸ਼ ਹੋ ਗਿਆ, ਲੇਕਿਨ ਉਹ ਜਿਹੜੇ ਮੁਲਾਣੇ ਸੀ ਉਸ ਵੇਲੇ ਤਾਂ ਕਹਿੰਦੇ ਕਿ ਠੀਕ ਹੈ। ਘਰ ਜਾ ਕੇ ਕਹਿਣ ਲੱਗੇ ਕਿ ਜੀਉਂਦਾ ਤਾਂ ਕਰ ਦਿਤਾ ਉਹਨੇ, ਪਰ ਸ਼ਰਾ ਦੇ ਤਾਂ ਖਿਲਾਫ ਗੱਲ ਕਰੀ ਹੈ। ਮਾੜੀ ਗੱਲ ਕਰੀ ਹੈ। ਅਖੀਰ ਇਹ ਹੋਇਆ ਕਿ ਫਤਵਾ ਲੱਗਿਆ, ਉਹਦੀ ਜੀਉਂਦੇ ਦੀ ਖੱਲ ਲਾਹੀ ਗਈ। ਜਾਣੀਂ ਸ਼ਮਸ਼ਤਬਰੇਜ਼ ਨੇ ਮਰਿਆ ਹੋਇਆ ਲੜਕਾ ਐਨੀ ਗੱਲ ਕਹਿ ਕੇ ਕਿ ਉਠ ਦਰਵੇਸ਼ ਕੇ ਹੁਕਮ ਸੇ ਖੜ੍ਹਾ ਹੋ ਜਾ।

ਬਾਬਾ ਗੁਰਦਿਤਾ ਜੀ ਕੀਰਤਪੁਰ ਸਾਹਿਬ ਵਾਲੇ ਗਊ ਮਰ ਜਾਂਦੀ ਹੈ ਉਨ੍ਹਾਂ ਤੋਂ। ਜਦੋਂ ਪਹਾੜੀ ਲੋਕ ਰੌਲਾ ਪਾਉਂਦੇ ਨੇ ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਤਾਂ ਉਸ ਵੇਲੇ ਕਈ ਵੀਚਾਰਾਂ ਆਪ ਦੇ ਮਨ 'ਚ ਆਈਆਂ ਕਿ ਗੁਰੂ ਮਹਾਰਾਜ ਨੇ ਸ਼ਸਤਰ ਲਾਹ ਦਿਤੇ, ਹੁਣ ਜੰਗ ਨਹੀਂ ਕਰਨਾ, ਇਹ ਫੌਜਾਂ ਚਾੜ੍ਹ ਲਿਆਉਣਗੇ। ਬੜੀ ਮਾੜੀ ਗੱਲ ਹੋਏਗੀ, ਇਹ ਝਗੜਾ ਇਥੇ ਹੀ ਨਿਬੇੜ ਦੇਈਏ। ਜੋ ਗੜਵਾ ਪਾਣੀ ਦਾ ਰੱਖਦੇ ਹੁੰਦੇ ਸੀ ਨਾਲ ਭਜਨ ਕਰਨ ਵੇਲੇ। ਉਹ ਪਾਣੀ ਜਿਹੜਾ ਸੀ ਉਹ ਸ਼ਕਤੀਸ਼ਾਲ ਹੋਇਆ ਕਰਦਾ ਹੈ। ਭਜਨ ਕਰਨ ਵੇਲੇ ਕੋਈ ਵੀ ਜਲ ਕੋਲ ਰੱਖ ਲਓ, ਉਹਦੇ ਵਿਚ ਅਸਰ ਪੈ ਜਾਂਦਾ ਹੈ ਸੁਰਤੀ ਦਾ। ਗੁਪਤ ਜਿਹੜੀਆਂ ਲਹਿਰਾਂ ਨੇ ਉਹਦੇ 'ਚ ਪ੍ਰਵੇਸ਼ ਕਰ ਜਾਂਦਾ ਹੈ। ਉਨ੍ਹਾਂ ਨੇ ਪਾਣੀ ਦੀ ਚੂਲੀ ਲਈ, ਕਹਿੰਦੇ ਸਤਿਨਾਮ ਵਾਹਿਗੁਰੂ। ਕਹਿ ਕੇ ਮਾਰੀ ਤੇ ਕਿਹਾ ਕਿ ਉਠ ਕੇ ਖੜ੍ਹੀ ਹੋ। ਗਊ ਉਸੇ ਤਰ੍ਹਾਂ ਉਠ ਕੇ ਖੜ੍ਹੀ ਹੋ ਗਈ।

ਬਾਬਾ ਅਟੱਲ ਜੀ, ਮੋਹਨ ਦੀ ਪਿੱਤ ਦਿੰਦਾ ਰਾਤ ਨੂੰ ਘਰ ਗਿਆ, ਸੱਪ ਨੇ ਡੰਗ ਲਿਆ। ਉਸ ਵੇਲੇ ਸਵੇਰ ਨੂੰ ਜਾ ਕੇ ਖੂੰਡੀ ਪਾਈ ਗਲ 'ਚ ਕਹਿੰਦੇ ਉਠ ਖੜ੍ਹਾ ਹੋ, ਪਿੱਤ ਦੇਣ ਦਾ ਮਾਰਾ ਆਰਾਮ ਨਾਲ ਪੈ ਗਿਆ। ਰਾਤ ਦਾ ਮਰਿਆ ਹੋਇਆ ਜੀਉਂਦਾ ਕਰ ਦਿਤਾ।

ਗੁਰੂ ਨਾਨਕ ਪਾਤਸ਼ਾਹ ਦਿੱਲੀ ਗਏ ਹੋਏ ਨੇ ਮਜਨੂੰ ਦੇ ਟਿੱਲੇ ਕੋਲ। ਰਾਤ ਨੂੰ ਮਹਾਵਤ ਖਾਨੇ 'ਚ ਹਾਥੀ ਮਰ ਗਿਆ, ਸਾਰੇ ਹਥਵਾਨਾਂ ਨੇ ਰੋਣਾ ਸ਼ੁਰੂ ਕਰ ਦਿਤਾ। ਉਸ ਵੇਲੇ ਮਹਾਰਾਜ ਨੇ ਕਿਹਾ, ਮਰਦਾਨਿਆਂ, ਐਨਾ ਵੈਰਾਗ ਕਿਉਂ ਹੋ ਰਿਹਾ ਹੈ। ਪਤਾ ਕਰ? ਮਰਦਾਨੇ ਨੇ ਕਿਹਾ ਕਿ ਪਾਤਸ਼ਾਹ! ਮੈਂ ਪਤਾ ਕਰ ਆਇਆ, ਹਾਥੀ ਮਰ ਗਿਆ, ਉਨ੍ਹਾਂ ਦਾ ਰੁਜ਼ਗਾਰ ਜਾਂਦਾ ਰਿਹਾ। ਕਹਿੰਦੇ, ਉਨ੍ਹਾਂ ਨੂੰ ਕਹਿ ਦੇ ਕਿ ਰੋਣ ਨਾ ਹਾਥੀ ਤਾਂ ਜੀਉਂਦਾ ਹੈ, ਐਵੇਂ ਭੁਲੇਖਾ ਪੈ ਗਿਆ ਮਰਨ ਦਾ। ਜਿਸ ਵਕਤ ਜਾ ਕੇ ਕਿਹਾ ਕਿ ਤੁਸੀਂ ਹਾਥੀ ਨੂੰ ਉਠਾ ਕੇ ਤਾਂ ਦੇਖੋ। ਵੱਡੇ ਦਰਵੇਸ਼ ਸਾਂਈ ਸਤਿਗੁਰੂ ਨੇ ਕਿਹਾ ਹੈ ਕਿ ਹਾਥੀ ਤਾਂ ਜੀਉਂਦਾ ਹੈ। ਉਸ ਤੋਂ ਬਾਅਦ ਹਾਥੀ ਖੜ੍ਹਾ ਹੋ ਗਿਆ, ਸਾਰੇ ਗੱਲ ਚੱਲ ਪਈ। ਚਲਦੀ-ਚਲਦੀ ਰਾਜੇ ਤੱਕ ਪਹੁੰਚ ਗਈ। ਦੂਸਰੇ ਦਿਨ ਆਇਆ ਕਹਿਣ ਲੱਗਿਆ, ਦਰਵੇਸ਼ ਸਾਂਈ ਮੈਂ ਸੁਣਿਆ ਹੈ ਤੂੰ ਹਾਥੀ ਜੀਉਂਦਾ ਕਰ ਦਿਤਾ। ਮਹਾਰਾਜ ਕਹਿੰਦੇ, ਮਾਰਨਾ ਜੀਵਾਉਣਾ ਪ੍ਰਮੇਸ਼ਰ ਦੇ ਹੱਥ ਵਿਚ ਹੈ। ਕਹਿੰਦਾ, ਹੁਣ ਮਾਰ ਕੇ ਦਿਖਾਓ। ਕਹਿੰਦੇ, ਇਹਨੂੰ ਮਾਰ ਕੇ ਕੀ ਦਿਖਾਉਣਾ ਹੈ ਇਹ ਤਾਂ ਪਹਿਲਾਂ ਹੀ ਮਰਿਆ ਹੋਇਆ ਸੀ। ਦੜੰਮ ਕਰਕੇ ਹਾਥੀ ਗਿਰ ਗਿਆ। ਕਹਿੰਦੇ, ਹੁਣ ਜੀਉਂਦਾ ਕਰਕੇ ਦਿਖਾਓ। ਕਹਿਣ ਲੱਗੇ ਬਾਦਸ਼ਾਹ! ਰੱਬ ਦੀ ਮਾਰੀ ਨੂੰ ਦਰਵੇਸ਼ ਚੁੱਕ ਲਿਆ ਕਰਦੇ ਨੇ, ਦਰਵੇਸ਼ ਦੀ ਮਾਰੀ ਹੋਈ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਹੈ ਜਿਹੜੀ ਓਸਨੂੰ ਫੇਰ ਚੁੱਕ ਲਵੇ। ਸੋ ਹੁਣ ਜੀਉਂਦਾ ਨਹੀਂ ਹੁੰਦਾ।

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥***

***ਅੰਗ - ੧੨੫੩***

ਮਹਾਰਾਜ ਕਹਿੰਦੇ, ਬਾਦਸ਼ਾਹ! ਦਰਵੇਸ਼ਾਂ ਦੀ ਸੁੱਟੀ ਹੋਈ ਨੂੰ ਕੋਈ ਨਹੀਂ ਚੁੱਕ ਸਕਦਾ। ਕਹਿੰਦਾ ਕਿਉਂ? ਕਹਿੰਦੇ, ਦੇਖ ਅੱਗ ਜਲ ਰਹੀ ਹੈ, ਅੱਗ ਦੇ ਅੰਦਰੋਂ ਕੋਲਾ ਕੱਢ ਲਿਆ। ਹੱਥ ਤੇ ਰੱਖ ਲਿਆ, ਇਕ ਦੋ ਚਾਰ ਸਕਿੰਟ ਉਹਨੂੰ ਘੁੰਮਾ ਕੇ ਰੱਖ ਸਕਦੇ ਹਾਂ, ਹੱਥ ਜਲਦਾ ਨਹੀਂ। ਪਰ ਜਿਹੜੇ ਦਰਵੇਸ਼ ਹੁੰਦੇ ਨੇ, ਉਹ ਪ੍ਰਮੇਸ਼ਰ ਦੇ ਨਾਲ ਰੱਤੇ ਹੋਏ ਹੁੰਦੇ ਨੇ, ਜਿਵੇਂ ਲੋਹਾ ਅੱਗ ਦੇ ਵਿਚ ਸੁੱਟ ਦਿਤਾ ਜਾਵੇ। ਉਹ ਅੱਗ ਦਾ

ਰੂਪ ਹੋਇਆ ਹੁੰਦਾ ਹੈ, ਤਦਰੂਪ ਹੋਇਆ ਹੁੰਦਾ ਹੈ। ਲੋਹੇ ਨੂੰ ਮਾੜਾ ਜਿਹਾ ਹੱਥ ਲਾ ਦਿਓ, ਅੱਗ ਨੂੰ ਲਾਇਆ ਹੋਇਆ ਜਲਦਾ ਨਹੀਂ, ਲੋਹੇ ਨੂੰ ਲਾ ਕੇ ਦੇਖੋ ਇਕ ਸਕਿੰਟ ਵਿਚ ਜਾਲ ਦਿੰਦਾ ਹੈ। ਕਹਿੰਦੇ, ਦਰਵੇਸ਼ ਪ੍ਰਮੇਸ਼ਰ ਦੇ ਰੰਗ ਵਿਚ ਲਾਲ ਹੁੰਦੇ ਨੇ, ਉਨ੍ਹਾਂ ਦਾ ਕੀਤਾ ਹੋਇਆ ਕੋਈ ਨਹੀਂ ਮੇਟਣ ਨੂੰ ਸਮਰੱਥ। ਸੋ ਏਸ ਤਰ੍ਹਾਂ ਬੇਅੰਤ ਇਤਿਹਾਸ ਦੇ ਅੰਦਰ ਮਿਸਾਲਾਂ ਨੇ ਐਸੀਆਂ।

ਨਾਮਦੇਵ ਜੀ ਦਾ ਜਿਥੋਂ ਰੌਲਾ ਪਿਆ ਸੀ ਗਊ ਦਾ ਉਹ ਇਹ ਸੀ ਕਿ ਇਕ ਬੀਬੀ ਸਤੀ ਹੋਣ ਵਾਸਤੇ ਜਾ ਰਹੀ ਸੀ, ਆਪਣੇ ਮਿਰਤਕ ਪਤੀ ਦੇ ਨਾਲ। ਉਹ ਮੱਥਾ ਟੇਕਣ ਚਲੀ ਗਈ, ਗਹਿਣਿਆਂ ਦੀ ਛਣਕਾਰ ਹੋਈ, ਆਪ ਦੇ ਨੇਤਰ ਬੰਦ ਸੀ ਆਪ ਨੇ ਕਿਹਾ ਬੀਬੀ! ਸੁਹਾਗ ਮਾਣ। ਉਸ ਵੇਲੇ ਬੀਬੀ ਬੜੀ ਸਮਝਦਾਰ ਸੀ। ਉਹ ਕਹਿੰਦੀ ਕਿ ਮੈਂ ਸਤਿਸੰਗਾਂ ਦੇ ਵਿਚ ਸੁਣਿਆਂ ਹੈ ਕਿ ਤਾਂ ਚੀਜ਼ਾਂ ਜਿਹੜੀਆਂ ਨੇ ਟਲ ਜਾਣ ਸੰਤਾਂ ਦਾ ਬਚਨ ਨਹੀਂ ਟਲਦਾ। ਕਾਰਨ ਕੀ ਹੈ ਕਿਉਂਕਿ ਉਨ੍ਹਾਂ ਦੀ ਰਸਨਾ ਦੇ ਉਤੇ ਵਾਹਿਗੁਰੂ ਦਾ ਆਪਣਾ ਨਿਜ ਵਾਸਾ ਹੋਇਆ ਕਰਦਾ ਹੈ।

ਕਹਿਣ ਲੱਗੀ, ਮਹਾਰਾਜ! ਸਾਡੇ ਗ੍ਰਿਹਸਤੀ ਲੋਕਾਂ ਦੇ ਵਿਸ਼ਵਾਸ਼ ਨੇ ਕਿ ਸਾਧੂ ਦਾ ਬਚਨ ਟਲਦਾ ਨਹੀਂ ਤੇ ਮੇਰਾ ਸੁਹਾਗ ਆ ਪਿਆ ਹੈ ਇਥੇ, ਹੁਣ ਮੈਂ ਕਿਹੜੇ ਸੁਹਾਗ ਨੂੰ ਮਾਣਾਂ। ਮੈਂ ਤਾਂ ਸਤੀ ਹੋਣ ਵਾਸਤੇ ਜਾ ਰਹੀ ਹਾਂ। ਉਸ ਵੇਲੇ ਨਾਮਦੇਵ ਜੀ ਥੋੜ੍ਹਾ ਚੁੱਪ ਕਰ ਗਏ ਕਿ ਕਾਹਲੀ ਵਿਚ ਬਚਨ ਕਰ ਦਿਤਾ। ਅੰਦਰੋਂ ਆਵਾਜ਼ ਆਈ ਕਿ ਨਾਮਦੇਵ, ਕੋਈ ਗੱਲ ਇਹ ਇਹ ਕੀ ਗੱਲ ਹੈ। ਸੰਤਾਂ ਦੇ ਵਿਚ ਲਾਈਫ ਕਰੰਟ ਹੋਇਆ ਕਰਦੀ ਹੈ, ਰੱਬ ਨਾਲ ਜਦੋਂ ਜੁੜ ਜਾਂਦੇ ਨੇ, ਉਹ ਕਰੰਟ ਉਨ੍ਹਾਂ ਵਿਚ ਪ੍ਰਵੇਸ਼ ਕਰੀ ਹੁੰਦੀ ਹੈ। ਕਹਿੰਦੇ ਮੋਢੇ ਤੋਂ ਫੜ ਰਾਮ ਕਹਿ ਕੇ ਉਠਾਲ ਲੈ। ਮੋਢੇ ਤੋਂ ਫੜਿਆ, ਰਾਮ ਕਿਹਾ ਕਹਿੰਦੇ ਉਠ। ਉਠ ਕੇ ਬੈਠ ਗਿਆ।

ਸੋ ਇਸ ਤਰ੍ਹਾਂ ਦੀਆਂ ਬੇਅੰਤ ਮਿਸਾਲਾਂ ਨੇ ਜਿੱਥੇ ਐਸੀਆਂ ਬਾਤਾਂ ਹੁੰਦੀਆਂ ਨੇ। ਆਪਣੀ ਮਰਜ਼ੀ ਹੁੰਦੀ ਹੈ ਸਾਧੂਆਂ ਦੇ ਆਪ ਚਲੇ ਜਾਣ, ਨਾਲ ਦੇ ਨੂੰ ਭੇਜ ਦੇਣ। ਮੌਤ ਜਿਹੜੀ ਹੈ ਉਹ ਕੁਛ ਹੋਰ ਚੀਜ਼ ਹੈ ਜਿਹੜੀ ਸਾਡੀ ਸਮਝ ਵਿਚ ਨਹੀਂ ਆਉਂਦੀ, ਮਹਾਂਪੁਰਸ਼ਾਂ ਨੇ ਸਮਝੀ ਹੋਈ ਹੈ।

ਐਸੇ ਜਾਦੂਗਰਾਂ ਦਾ ਵੀ ਜ਼ਿਕਰ ਆਉਂਦਾ ਹੈ ਭਾਰਤ ਵਰਸ਼ ਦੇ ਵਿਚ। ਇਕ ਬੰਬਈ ਦੇ ਹੁੰਦੇ ਪ੍ਰੋਫੈਸਰ ਐਮ ਹੁਸੈਨ। ਡਾਕਟਰ ਜ਼ਾਕਰ ਹੁਸੈਨ ਨੇ ਉਨ੍ਹਾਂ ਨੂੰ ਸਰਟੀਫਿਕੇਟ ਦਿਤਾ ਸੀ ਤੇ ਦੂਸਰੇ ਹੋਰ ਸੀਗੇ ਉਨ੍ਹਾਂ ਨੇ ਵੀ ਦਿਤਾ ਸੀ। ਉਨ੍ਹਾਂ ਨੇ ਇਕ ਲੜਕੀ ਆਕਾਸ਼ ਦੇ ਵਿਚ ਲਟਕਾ ਦਿਤੀ। ਆਰੇ ਨਾਲ ਚੀਰਨ ਲੱਗ ਗਏ, ਦੋ ਫਾੜ ਹੋ ਗਏ, ਸਾਰਿਆਂ ਨੇ ਦੇਖੇ। ਮੁੜ ਕੇ ਫੇਰ ਜੋੜ ਦਿਤੀ। ਉਨ੍ਹਾਂ ਨੂੰ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਹਿਪਨੋਟਾਇਸ ਕਰਦੇ ਨੇ। ਸੋ ਇਹ ਕੋਈ ਵੱਡੀ ਗੱਲ ਨਹੀਂ ਹੈ। ਇਹਨੂੰ ਇਹ ਕਮਜ਼ੋਰੀ ਦੇ ਨਾਲ ਕਹਿਣਾ ਕਿ ਬੱਕਰੇ ਬੰਨ੍ਹੇ ਸੀ, ਅਸੀਂ ਕਹਿੰਦੇ ਹਾਂ ਕਿ ਗੁਰੂ ਸਾਹਿਬ ਦੇ ਆਲੇ-ਦੁਆਲੇ ਤਾਂ ਹਰ ਵਕਤ ਪਹਿਰੇ ਰਹਿੰਦੇ ਸੀਗੇ। ਗੁਰੂ ਸਾਹਿਬ ਕਿਹੜੇ ਵੇਲੇ ਕਿਸੇ ਦੇ ਵਾੜੇ 'ਚੋਂ ਬੱਕਰੇ ਚੁੱਕ ਲਿਆਏ। ਐਹੋ ਜਿਹੀਆਂ ਗੱਲਾਂ ਕਮਜ਼ੋਰ ਕਰਦੇ ਨੇ ਕਿ ਲੋਕਾਂ ਦਾ ਭਰੋਸਾ ਹੀ ਤੋੜ ਦਿੰਦੇ ਨੇ।

ਗੁਰੂ ਮਹਾਰਾਜ ਸਰਬ ਕਲਾ ਸਮਰੱਥ ਸੀ। ਚਾਹੇ ਉਨ੍ਹਾਂ ਨੇ ਕੋਈ ਕੌਤਕ ਕਰਿਆ, ਹੁੰਦਾ ਦਿਖਾ ਦਿਤਾ, ਜਾਂ ਪ੍ਰੈਕਟੀਕਲੀ ਹੋ ਗਿਆ। ਪਰ ਹੋਇਆ ਇਵੇਂ ਜਿਵੇਂ ਹੀ। ਸੋ ਉਨ੍ਹਾਂ ਪੰਜਾਂ ਨੂੰ ਆਪਣਾ ਰੂਪ ਬਣਾ ਲਿਆ।

ਮੁਹੰਮਦ ਸਾਹਿਬ ਦੇ ਬਾਰੇ ਹੈ ਕਿ 40 ਸਾਲਾਂ ਤੋਂ ਬਾਅਦ ਇਹ ਗੁਫਾ ਵਿਚ ਜਾਂਦੇ ਹੁੰਦੇ ਸੀ। ਬੰਦਗੀ ਬਹੁਤ ਕਰੀ ਹੈ ਹਜ਼ਰਤ ਮੁਹੰਮਦ ਸਾਹਿਬ ਨੇ। ਐਵੇਂ ਨਹੀਂ ਉਨ੍ਹਾਂ ਦਾ ਐਡਾ ਵੱਡਾ ਪੈਗਾਮ ਫੈਲ ਗਿਆ। ਉਹ 40 ਸਾਲ ਦੇ ਸੀ ਜਿਸ ਵਕਤ ਐਸਾ ਲਿਖਿਆ ਹੋਇਆ ਹੈ ਕਿ ਉਨ੍ਹਾਂ ਦਾ ਕਲਬ ਕੱਢ ਕੇ ਜਿਹੜਾ ਹਜ਼ਰਤ ਸੁਪਰੀਮ ਹੁੰਦਾ ਹੈ ਸਾਰਿਆਂ ਤੋਂ ਉਹ ਪਾ ਦਿਤਾ ਸਰੀਰ ਦੇ ਵਿਚ। ਉਸ ਵੇਲੇ ਉਨ੍ਹਾਂ ਨੂੰ ਗਿਆਨ ਹੋਇਆ, ਫੇਰ ਉਨ੍ਹਾਂ ਨੇ ਆਪਣਾ ਪੰਥ ਸ਼ੁਰੂ ਕਰਿਆ।

ਸੋ ਇਸ ਤਰ੍ਹਾਂ ਪੰਜ ਪਿਆਰਿਆਂ ਨੂੰ ਗੁਰੂ ਮਹਾਰਾਜ ਨੇ ਸੁਰਜੀਤ ਕੀਤਾ, ਦੂਸਰੇ ਦਿਨ ਆਪ ਨੇ ਕੌਤਕ ਕੀਤਾ ਤੇ ਅੰਮ੍ਰਿਤ ਦੀ ਦਾਤ ਦਿਤੀ, ਅੰਮ੍ਰਿਤ ਛਕਾਇਆ। ਉਸ ਵੇਲੇ ਆਪ ਨੇ ਫੁਰਮਾਨ ਕੀਤਾ ਏਸ ਤਰ੍ਹਾਂ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***
***ਖ਼ਾਲਸਾ ਮੇਰੋ ਮੁਖ ਹੈ ਅੰਗਾ॥***
***ਖ਼ਾਲਸਾ ਕੇ ਹੌਂ ਸਦ ਸਦ ਸੰਗਾ॥***

***(ਸਰਬ ਲੋਹ ਗ੍ਰੰਥ 'ਚੋਂ)***

ਕਹਿਣ ਲੱਗੇ, ਸਾਧਸੰਗਤ ਜੀ! ਇਹ ਪੰਜੇ ਜੋ ਹਨ ਇਹ ਮੇਰਾ ਰੂਪ ਹਨ। ਕਹਿੰਦੇ, ਗੁਰਸਿੱਖੋ! ਤੁਸੀਂ ਹੁਣ ਗੁਰੂ ਗੋਬਿੰਦ ਸਿੰਘ ਦਾ ਆਪਣਾ ਰੂਪ ਬਣ ਚੁੱਕੇ ਹੋਂ ਤੇ ਮੈਂ ਤੁਹਾਡਾ ਰੂਪ ਬਣ ਚੁੱਕਿਆ ਹਾਂ। ਪੂਰਨ ਬ੍ਰਹਮਗਿਆਨ ਦੇ ਵਿਚ ਦਾਤ ਲੈ ਕੇ, ਵਾਹਿਗੁਰੂ ਦੇ ਵਿਚ ਲੀਨ ਹੋ ਗਏ। ਪੂਰੀ ਤਰ੍ਹਾਂ ਨਾਲ ਮੈਂ ਖਤਮ ਹੋ ਗਈ। ਜਿਥੇ ਮੈਂ ਖਤਮ ਹੋ ਜਾਏ ਉਥੇ ਵਾਹਿਗੁਰੂ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ।

***ਜਬ ਹਮ ਹੋਤੇ ਤਬ ਤੂ ਨਾਹੀ***

*ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ - ੬੫੭*

ਮੈਂ ਤੇ ਤੂੰ ਦਾ ਝਗੜਾ ਹੈ ਸਾਰਾ ਹੀ। ਉਸ ਵੇਲੇ ਸੰਗਤ ਵਲ ਮੁਖਾਤਬ ਹੋ ਕੇ ਕਹਿਣ ਲੱਗੇ -

***ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ॥***
***ਰਾਖ਼ਯੋ ਸਿੱਖੀ ਬੀਜ ਜਗ ਅੰਦਰ ਗੁਰੂ ਸਮਾਨ॥***
***ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ॥***
***ਜਾਨਹੁਂ ਮੋਹਿ ਸਮਾਨ ਤਿਨ ਭੇਦ ਰਹਯੋ ਨਹਿਂ ਰੰਚ॥***
***ਅੰਗ - 5053, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

***ਮਮ ਸਰੂਪ ਤੁਮ ਅਬਿ ਭਏ,***
***ਹੌਂ ਭਾ ਤੁਮਹਿਂ ਸਰੂਪ॥***
***ਬ੍ਰਹਮ ਗਯਾਨ ਦਿਢ ਰਿਦੇ ਹ੍ਵੈ***
***ਪਦ ਅਤਿ ਲੀਨਿ ਅਨੂਪ॥***
***ਪੰਨਾ 5053, ਸ਼੍ਰੀ ਗੁ ਪ੍ਰਤਾਪ ਸੂਰਜ ਗ੍ਰੰਥ***

ਸਾਰੀ ਸੰਗਤ ਨੂੰ ਤਾਰਨ ਵਾਸਤੇ ਇਹ ਪੰਜ ਹੁਣ ਗੁਰੂ ਜਿੰਨੀ ਸਮਰਥਾ ਰੱਖਦੇ ਨੇ। ਹੁਣ ਭੇਦ ਨਹੀਂ ਰਿਹਾ ਮੇਰੇ ਵਿਚ ਤੇ ਇਨ੍ਹਾਂ ਵਿਚ। ਮੇਰੇ ਤੋਂ ਵੱਖਰੇ ਨਹੀਂ ਹੈਗੇ, ਇਨ੍ਹਾਂ ਨੂੰ ਵੱਖਰੇ ਨਾ ਜਾਣਿਓ। ਸੋ ਕੌਤਕ ਨਿਰਾਲਾ ਕੀਤਾ। ਅੰਮ੍ਰਿਤ ਛਕਾਉਣ ਲੱਗੇ, ਜਲ ਮੰਗਾ ਲਿਆ ਬਾਣੀ ਉਹਦੇ ਵਿਚ। ਉਸ ਤੋਂ ਬਾਦ ਛੋਟਾ ਜਿਹਾ ਬਰਤਨ ਲੈ ਕੇ ਆਪ ਨੇ ਥੋੜ੍ਹਾ ਜਿਹਾ ਜਲ ਪਰ੍ਹੇ ਕਰਕੇ ਰੱਖ ਦਿਤਾ। ਉਸ ਵੇਲੇ ਕੀ ਦੇਖਦੇ ਨੇ ਕਿ ਦੋ ਚਿੜ੍ਹੇ ਆ ਗਏ, ਦੋਹਾਂ ਨੇ ਚੁੰਝਾਂ ਭਰ ਲਈਆਂ, ਉਥੇ ਹੀ ਲੜਨ ਲਗ ਗਏ। ਖੂਬ ਹਾਸਾ ਪੈ ਗਿਆ ਸੰਗਤ ਵਿਚ। ਲੇਕਿਨ ਬਾਬਾ ਬੁੱਢਾ ਜੀ ਨੇ, ਬਾਬਾ ਰਾਮ ਕੌਰ ਜੀ ਉਹ ਦੇਖ ਕੇ ਗੰਭੀਰ ਹੋ ਗਏ। ਇਕ ਦਮ ਉਠ ਕੇ ਖੜ੍ਹੇ ਹੋ ਗਏ ਤੇ ਮਾਤਾ ਜੀ ਪਾਸ ਚਲੇ ਗਏ ਤੇ ਮਾਤਾ ਜੀਤੋ ਜੀ ਅੱਗੇ ਮਿਲ ਗਏ। ਕਹਿਣ ਲੱਗੇ ਮਾਤਾ! ਬਹੁਤ ਹੀ ਕਰੂਰ ਪੰਥ ਸਾਜਿਆ ਜਾਣਾ ਹੈ। ਦੋ ਚਿੜੇ ਮਰ ਤਾਂ ਗਏ ਲੇਕਿਨ ਪਿੱਛੇ ਨਹੀਂ ਹਟੇ। ਖੂਨ ਚਲ ਰਿਹਾ ਹੈ ਉਨ੍ਹਾਂ ਦਾ। ਉਨ੍ਹਾਂ ਨੇ ਦੋ ਘੁੱਟਾਂ ਭਰ ਲਈਆਂ ਸੀ ਉਸ ਪਾਣੀ ਦੀਆਂ। ਕ੍ਰਿਪਾ ਕਰੋ, ਇਹਦੇ ਵਿਚ ਮਿਠਾਸ ਪਾਓ ਤੁਸੀਂ। ਉਸ ਵੇਲੇ ਮਾਤਾ ਜੀ ਨੇ ਪਤਾਸ਼ੇ ਲਏ ਤੇ ਗੁਰੂ ਮਹਾਰਾਜ ਜੀ ਦੇ ਸਨਮੁੱਖ ਖੜ੍ਹੇ ਹੋ ਗਏ ਜਾ ਕੇ। ਮਹਾਰਾਜ ਜੀ ਨੇ ਨੇਤਰ ਉਚੇ ਕੀਤੇ, ਰਜ਼ਾ ਸਮਝ ਗਏ ਕਿ ਹਾਂ ਰਜ਼ਾਬੰਦੀ ਹੈ ਇਨ੍ਹਾਂ ਦੀ। ਪਿਆਰ ਨਾਲ ਦੇਖਿਆ ਹੈ, ਉਸ ਵੇਲੇ ਝੋਲੀ ਦੇ ਵਿਚੋਂ ਪਤਾਸ਼ੇ ਇਨ੍ਹਾਂ ਨੇ ਕੱਢੇ ਤੇ ਜੋ ਅੰਮ੍ਰਿਤ ਤਿਆਰ ਹੋ ਰਿਹਾ ਸੀ, ਉਹਦੇ ਵਿਚ ਪਾ ਦਿਤੇ। ਮਹਾਰਾਜ ਜੀ ਬੜੇ ਪ੍ਰਸੰਨ ਹੋਏ ਕਹਿਣ ਲੱਗੇ, ਤੁਸੀਂ ਆਪਣਾ ਫਰਜ਼ ਪਛਾਣ ਲਿਆ। ਅੱਜ ਤੱਕ ਕੋਈ ਵੱਡਾ ਜੱਗ ਨਹੀਂ ਹੈ ਜੋ ਇਸਤ੍ਰੀ ਤੋਂ ਬਗੈਰ ਸੰਪੂਰਨ ਹੋਇਆ ਹੋਵੇ। ਚਾਹੇ ਰਾਮਚੰਦਰ ਜੀ ਨੇ ਕੀਤਾ ਚਾਹੇ ਕਿਸੇ ਨੇ ਕੀਤਾ। ਉਹਦੇ ਵਿਚ ਅਰਧੰਗੀ ਤੋਂ ਬਗੈਰ ਪੂਰਾ ਨਹੀਂ ਹੋਇਆ ਕਰਦਾ, ਜੇ ਨਹੀਂ ਹੈ ਤਾਂ ਚੜ੍ਹਾਈ ਕਰ ਗਈ ਜਾਂ ਹੋਰ ਕੁਛ ਹੋ ਗਿਆ ਤਾਂ ਉਹਦੀ ਮੂਰਤੀ ਬਣਾ ਕੇ ਰੱਖ ਦਿੰਦੇ ਸੀ। ਕਹਿੰਦੇ ਚੰਗਾ ਹੋਇਆ-

***ਭਲੋ ਭਯੋ ਤੂੰ ਚਲਿ ਕਰਿ ਆਈ॥***
***ਨੀਰ ਬਿਖੈ ਪਾਈ ਮਧੁਰਾਈ॥***
***ਨਾਤੁਰ ਪੰਥ ਹੋਤਿ ਬਡ ਕ੍ਰੂਰਾ॥***
***ਤੇਜ ਕ੍ਰੋਧ ਕਲਹਾ ਕਰਿ ਪੂਰਾ॥***
***ਪੰਨਾ 5056, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕਹਿੰਦੀ, ਇਨ੍ਹਾਂ ਨੇ ਤਾਂ ਹਰ ਵਕਤ ਲੜੀ ਜਾਣਾ ਸੀ। ਕਈ ਪ੍ਰੇਮੀਆਂ ਦਾ ਇਹ ਖਿਆਲ ਹੁੰਦਾ ਹੈ ਕਿ ਕਿਰਿਆ ਹੋਈ ਤਾਂ ਕੁਛ ਨਹੀਂ ਪੰਜ ਬਾਣੀਆਂ ਪੜ੍ਹੀਆਂ ਨੇ। ਖੰਡਾ ਫੇਰਿਆ ਹੈ ਜਲ ਦੇ ਵਿਚ, ਇਹਦੇ ਵਿਚ ਕੀ ਭੇਤ ਛੁਪਿਆ ਹੋਇਆ ਹੈ। ਸਾਧਸੰਗਤ ਜੀ! ਹਰ ਬੰਦੇ ਦੇ ਵਿਚੋਂ ਉਹਦੇ ਖਿਆਲਾਂ ਦੀ ਕਰੰਟ ਹਰ ਵਕਤ ਨਿਕਲਦੀ ਹੈ। ਦੂਰ ਤੱਕ ਜਾਂਦੀ ਹੈ। ਇਹਨੂੰ ਓਰਾ ਕਹਿੰਦੇ ਨੇ ਅੰਗਰੇਜ਼ੀ ਦੇ ਵਿਚ। ਇਕ ਬਹੁਤ ਸਖਤ ਕਿਸਮ ਦਾ ਅਫਸਰ ਹੋਵੇ। ਉਹਦੇ ਕਮਰੇ ਦੇ ਵਿਚ ਜਾ ਕੇ ਆਦਮੀ ਬੋਲਣ ਤੋਂ ਰਹਿ ਜਾਂਦੇ ਨੇ ਬਹੁਤ ਬੰਦੇ, ਕਿਉਂਕਿ over power ਕਰ ਜਾਂਦਾ ਹੈ ਉਹਦਾ ਓਰਾ। ਸਾਧੂ ਮਹਾਂਪੁਰਸ਼ਾਂ ਦੇ ਕੋਲ ਜਾ ਕੇ ਸਾਰੇ ਹੀ ਪਾਪ ਨੱਠ ਜਾਂਦੇ ਨੇ ਤੇ ਜਿਹੜੀ ਗੱਲ ਪੁੱਛਣ ਆਇਆ ਹੁੰਦਾ ਹੈ ਨਾਮ ਦੀ ਆਟੋਮੈਟਿਕਲੀ ਉਹਨੂੰ ਆਪੇ ਹੀ ਪਤਾ ਲੱਗ ਜਾਂਦੀ ਹੈ।

ਮਹਾਰਾਜ ਜੀ ਦੇ ਪਾਸ ਅਸੀਂ ਜਾਣਾ, ਦਬਲਾਨ ਆਏ ਹੁੰਦੇ ਪਟਿਆਲੇ ਤੋਂ ਤੁਰਨਾ। ਸਾਰਿਆਂ ਨੇ ਕਹਿਣਾ ਕਿ ਮੈਂ ਆਹ ਪੁੱਛਾਂਗਾ, ਆਹ ਪੁੱਛਾਂਗਾ। ਮੈਂ ਕਹਿਣਾ ਕਿ ਕਿਸੇ ਨੇ ਕੁਛ ਨਹੀਂ ਪੁਛਣਾ। ਕਹਿੰਦੇ ਕਿਉਂ? ਮੈਂ ਕਿਹਾ ਉਥੇ ਜਾ ਕੇ ਹਨ੍ਹੇਰਾ ਤੁਹਾਡਾ ਹਟ ਜਾਣਾ ਹੈ। ਜਦੋਂ ਮਹਾਂਪੁਰਸ਼ਾਂ ਨੂੰ ਜਾ ਕੇ ਨਮਸ਼ਕਾਰ ਕਰਨੀ। ਉਸ ਤੋਂ ਬਾਅਦ ਇਕ ਦੂਜੇ ਵਲ ਦੇਖਣਾ ਕਿ ਪੁਛਣਾ ਹੈ ਕੁਛ? ਕਹਿੰਦੇ ਰਿਹਾ ਹੀ ਨਹੀਂ ਕੁਛ ਪੁਛਣ ਵਾਸਤੇ, ਉਹਦੇ ਸਭ ਦੇ ਜਵਾਬ ਆ ਗਏ ਸਾਨੂੰ। ਕਿਉਂਕਿ ਪ੍ਰਕਾਸ਼ ਹੈ, ਉਹ ਪ੍ਰਕਾਸ਼ ਹਿਰਦੇ ਦੇ ਵਿਚ, ਆਪਣੇ ਆਪ ਹੀ ਪ੍ਰਗਟ ਹੋ ਜਾਂਦਾ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***
***ਅੰਗ - ੫੨੦***

ਕੇਵਲ ਦਰਸ਼ਨ ਮਾਤਰ ਕਰਨ ਦੇ ਨਾਲ ਲਿਵ ਲਗ ਜਾਂਦੀ ਸੀ। ਆਪੇ ਹੀ ਵਾਹਿਗੁਰੂ-ਵਾਹਿਗੁਰੂ ਹੋਣ ਲਗ

ਜਾਣਾ। ਬਾਕੀ ਕੋਈ ਗੱਲ ਹੀ ਨਾ ਰਹਿਣੀ, ਸ਼ਿਕਾਇਤਾਂ ਲੈ ਕੇ ਮਹਾਰਾਜ! ਬਿਰਤੀ ਨਹੀਂ ਲਗਦੀ, ਨਾਮ ਨਹੀਂ ਚਲਦਾ। ਸ਼ਰਧਾ ਭਾਵਨਾ ਨਾਲ ਜਾਂਦੇ ਸੀ, ਨਾਮ ਪਟਿਆਲੇ ਸਟੇਸ਼ਨ ਤੋਂ ਹੀ ਚੱਲਣ ਲਗ ਜਾਣਾ। ਦਬਲਾਨ ਉਤਰਨਾ, ਤੁਰੇ ਜਾਣਾ ਫੇਰ ਬੋਲਣ ਤੋਂ ਹਟ ਜਾਣਾ। ਨਾਮ ਦੀ ਧੁਨ ਚਲ ਪੈਂਦੀ ਸੀ ਅੰਦਰ। ਉਹ ਸ਼ਕਤੀ ਹੋਇਆ ਕਰਦੀ ਹੈ ਮਹਾਂਪੁਰਖਾਂ ਦੇ ਵਿਚ, ਹਰੇਕ ਬੰਦੇ ਦੇ ਵਿਚ ਆਪਣੀ ਕਿਸਮ ਦੀ ਸ਼ਕਤੀ ਹੁੰਦੀ ਹੈ। ਤਿੰਨ ਚੀਜ਼ਾਂ ਦੇ ਰਾਹੀਂ ਇਹ ਬਾਹਰ ਆਉਂਦੀ ਹੈ, ਇਕ ਤਾਂ ਆਉਂਦੀ ਹੈ ਨੇਤਰਾਂ ਦੇ ਰਾਹੀਂ। ਦੂਸਰਾ ਆਉਂਦੀ ਹੈ ਹੱਥ ਦੀ ਜੋ ਤਲੀ ਹੈ ਉਹਦੇ ਰਾਹੀਂ। ਤੀਸਰੀ ਹੁੰਦੀ ਹੈ ਜਿਥੇ ਧਰਤੀ ਦੇ ਨਾਲ ਚਰਨ ਛੋਹ ਜਾਵੇ, ਰੇਤਾ ਛੋਹ ਜਾਵੇ ਉਹ ਇਕ ਦਮ ਪਵਿੱਤਰਤਾ ਹਾਸਲ ਕਰ ਲੈਂਦਾ ਹੈ। ਫੇਰ ਇਹਦਾ ਹੁੰਦਾ ਹੈ ਕਿ ਕੋਈ ਤਜਰਬਾ ਹੈ। ਐਵੇਂ ਗੱਲ ਤੁਹਾਡੀ ਕਿਵੇਂ ਮੰਨ ਲਈਏ।

ਸਾਡੇ ਕੋਲ ਬਿਮਾਰ ਆਉਂਦੇ ਨੇ, ਕਹਿੰਦੇ ਪੀ.ਜੀ ਆਈ ਤੋਂ ਇਲਾਜ ਨਹੀਂ ਹੋਇਆ ਇਕ ਬੜੀ ਛੋਟੀ ਜਿਹੀ ਮਿਸਾਲ ਦਿੰਦਾ ਹਾਂ। ਸੁਲਝੇ ਹੋਏ ਦੀ ਨਹੀਂ, ਨਾਮ ਬਾਣੀ ਪੜ੍ਹਨ ਵਾਲੇ ਦੀ ਨਹੀਂ, ਜਿਹਨੇ ਬਾਣੀ ਦੇਖੀ ਨਹੀਂ ਉਹਦੀ ਮੈਂ ਗੱਲ ਕਰਦਾ ਹਾਂ। ਜਿਹਨੇ ਸੁਣਿਆ ਹੀ ਨਹੀਂ ਗੁਰੂ ਨਾਨਕ ਨੂੰ ਉਹਦੀ ਬਾਤ ਦੱਸਦਾਂ। ਇਥੇ ਜਦੋਂ ਮੈਂ ਇਸ ਕੋਠੀ 'ਚ ਆਇਆ, ਇਥੇ ਸਵਰਾਜ ਦੇ ਅੰਦਰ ਇਕ ਯਾਦਵ ਨਾਮ ਦਾ ਪ੍ਰੇਮੀ ਨੌਕਰੀ ਕਰਦਾ ਹੈ। ਉਹਦਾ ਭਰਾ ਬੀਮਾਰ ਸੀ। ਇਥੇ ਬਹਾਦਰ ਸਿੰਘ ਸ਼ਾਹੀਮਾਜਰੇ ਵਾਲੇ ਨੇ ਦੱਸ ਦਿਤਾ ਕਿ ਉਥੇ ਚਲੇ ਜਾਓ। ਉਹ ਪੀ.ਜੀ.ਆਈ ਤੋਂ ਗਿਆ ਇਥੇ ਆ ਕੇ ਕਹਿਣ ਲੱਗਿਆ ਕਿ ਮੈਂ ਬੀਮਾਰ ਹਾਂ, ਮੈਂ ਕਿਹਾ ਚੰਗਾ ਤੂੰ ਗੁਟਕਾ ਲਿਆ ਹਿੰਦੀ ਦਾ। ਉਹ ਫਿਰ ਤੁਰ ਕੇ ਆ ਗਿਆ ਕਹਿੰਦਾ ਮੈਨੂੰ ਤਾਂ ਮਿਲਦਾ ਨਹੀਂ। ਮੈਂ ਕਿਹਾ ਤੂੰ 22 ਸੈਕਟਰ ਮੂਹਰੇ ਜਾਹ, ਉਥੇ ਲੱਭ ਜਾਣਾ ਹੈ। ਉਥੇ ਚਲਿਆ ਗਿਆ, ਇਕ ਸ਼ਬਦ ਦੱਸ ਦਿਤਾ ਕਿ ਇਹਦਾ ਪਾਠ ਨਾ ਐਉਂ ਕਰੀ ਜਾਣਾ। ਸਿਗਰਟ ਨਾ ਘਰ 'ਚ ਆਉਣਾ ਦੇਈਂ, ਸ਼ਰਾਬ ਅੰਡੇ ਨਾ ਆਉਣ ਦੇਈ, ਨਿੰਦਿਆ, ਚੁਗਲੀ, ਈਰਖਾ ਨਾ ਕਰੀ, ਰੁਖਾ ਨਾ ਬੋਲੀਂ। ਰਹਿਤਾਂ ਦੱਸ ਦਿਤੀਆਂ। ਤੇ ਗੁਰਦੁਆਰਾ ਹੈ ਕੋਈ ਨੇੜੇ? ਕਹਿੰਦਾ ਪੰਦਰਾਂ ਮੀਲ ਤੇ ਹੈ। ਮੈਂ ਕਿਹਾ ਸੱਤੀਂ ਦਿਨੀ ਗੁਰਦੁਆਰੇ ਝਾੜੂ ਦੇਣ ਜਾਇਆ ਕਰੀਂ। ਜਦੋਂ ਸਾਇਕਲ ਤੇ ਚੜ੍ਹਿਆ ਕਰੇ ਨਾ ਇਕ ਗੱਲ ਕਹੀਂ ਜਾਈ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ। ਜਦੋਂ ਤੈਨੂੰ ਤੇਰੇ ਭਾਈਚਾਰੇ ਦੇ ਮਿਲੇ ਤੂੰ ਉਚੀ ਦੇ ਕੇ ਕਹਿ ਦੇਵੀਂ ਬੋਲ ਗੁਰੂ ਨਾਨਕ ਦੇਵ ਕੀ ਜੈ। ਇਕ ਭਾਵਨਾ ਰਖਣੀ ਸੀ ਉਸ ਦੇ ਅੰਦਰ। ਉਹ ਸ਼ਬਦ ਲੈ ਕੇ ਚਲਿਆ ਗਿਆ, ਵੀਹ ਦਿਨ ਬਾਅਦ ਆਇਆ ਮੇਰੇ ਕੋਲ। ਮੈਂ ਕਿਹਾ ਤੂੰ ਗਿਆ ਨਹੀਂ, ਕਹਿੰਦਾ ਜੀ, ਉਥੇ ਤਾਂ ਸਿਗਰਟਾਂ ਪੀਣ ਵਾਲੇ ਸਾਡੇ ਆ ਜਾਂਦੇ ਨੇ। ਮੈਂ ਇਥੇ ਹੀ ਕੰਮ ਲਾ ਲਿਆ। ਮੈਂ ਕਿਹਾ ਗੁਰਦੁਆਰੇ ਝਾੜੂ ਕਿਥੇ ਦਿੰਦਾ ਹੈ? ਕਹਿੰਦਾ ਜੀ ਮੈਂ ਦਾਊਂ ਜਾਂਦਾ ਹਾਂ। ਮੈਂ ਕਿਹਾ ਕੋਈ ਮਹਾਰਾਜ ਪ੍ਰਕਾਸ਼ ਨੇ ਉਥੇ ਵੀ। 42 ਦਿਨ ਬਾਅਦ ਆਇਆ, ਨਵਾਂ ਨਰੋਆ, ਵਧੀਆ ਸਿਹਤ। ਪਹਿਲਾਂ ਬਿਲਕੁਲ ਸੁਕਿਆ ਪਿਆ ਸੀ। ਉਸ ਤੋਂ ਬਾਅਦ ਕਹਿਣ ਲੱਗਿਆ ਕਿ ਮੈਂ ਪ੍ਰਸ਼ਾਦ ਕਰਾਉਣਾ ਹੈ, ਮੈਂ ਰਾਜ਼ੀ ਹੋ ਗਿਆ। ਮੈਂ ਕਿਹਾ ਤੈਨੂੰ ਬਿਮਾਰੀ ਕੀ ਸੀ। ਕਹਿੰਦਾ, ਮੈਨੂੰ ਬੀਮਾਰੀ ਸੀ ਟੀ.ਬੀ ਦੀ। ਪਹਿਲਾਂ ਮੈਂ ਕਾਸ਼ੀ ਇਲਾਜ ਕਰਾਇਆ। ਫੇਰ ਮੈਂ ਵਲਿੰਕਟਨ ਹਾਸਪੀਟਲ 'ਚ ਕਰਾਇਆ, ਸਾਰੇ ਪੈਸੇ ਮੁੱਕ ਗਏ। ਫੇਰ ਮੈਂ ਆਪਣੇ ਭਰਾ ਦੇ ਕੋਲ ਆ ਕੇ ਪੀ.ਜੀ.ਆਈ ਕਰਾਉਣ ਲਗ ਗਿਆ, ਉਥੋਂ ਮੈਨੂੰ ਬਹਾਦਰ ਸਿੰਘ ਨੇ ਕਹਿ ਦਿਤਾ ਕਿ ਥਰਅਡ ਸਟੇਜ ਦੀ ਟੀ.ਬੀ ਹੈ। ਮੈਂ ਉਹਦੇ ਭਰਾ ਨੂੰ ਪੁਛਿਆ ਕਿ ਇਹ ਕਿਵੇਂ ਸੀ? ਕਹਿੰਦਾ ਜੀ, ਅਸੀਂ ਤਾਂ ਕਹਿੰਦੇ ਸੀ ਕਿ ਇਹ ਮਰ ਜਾਵੇ, ਸਾਡੇ ਕੋਲ ਖਰਚ ਦੇਣ ਨੂੰ ਕੁਛ ਵੀ ਨਹੀਂ ਸੀ ਰਿਹਾ। ਪਰ ਕਹਿੰਦਾ ਮੈਂ ਹੈਰਾਨ ਹਾਂ ਕਿ ਇਹ ਰਾਜ਼ੀ ਹੋ ਗਿਆ। ਰਾਜ਼ੀ ਕਿਵੇਂ ਹੋਇਆ? ਕਿਉਂ ਹੋਇਆ? ਉਹ ਸਿਰਫ ਇਕ ਸ਼ਬਦ ਜਲ ਸਾਮ੍ਹਣੇ ਰੱਖ ਕੇ ਉਸ ਦੇ ਉਤੇ ਪੜ੍ਹਦਾ ਸੀ। ਬਾਣੀ ਜਿਹੜੀ ਹੈ ਸਾਰੀ ਜਿਉਂਦੀ ਜਾਗਦੀ ਕਰੰਟ ਹੈ। ਬਾਣੀ ਦੇ ਅੱਖਰ ਜੀਉਂਦੇ ਨੇ, ਆਦਮੀ ਦੇ ਵਿਚ ਹੁਲਾਰੇ ਮਾਰਦੇ ਨੇ, ਜੀਵਨ ਬਖਸ਼ਦੇ ਨੇ। ਇਹ ਜਦੋਂ ਸੁਰਤ ਇਕਾਗਰ ਹੋ ਕੇ ਜਲ ਦੇ ਉਤੇ ਪੜ੍ਹਿਆ ਜਾਂਦਾ ਹੈ ਤਾਂ ਜਲ ਦੇ ਵਿਚ ਸ਼ਕਤੀ ਆ ਜਾਂਦੀ ਹੈ। ਜਿਹੜੀ ਭਾਵਨਾ ਦੇ ਨਾਲ ਪੜ੍ਹਿਆ ਜਾਂਦਾ ਹੈ ਉਹ ਭਾਵਨਾ ਪੂਰੀ ਹੋ ਜਾਂਦੀ ਹੈ। ਉਹ ਰਾਜ਼ੀ ਹੋ ਗਿਆ ਬਗੈਰ ਦਵਾਈ ਤੋਂ।

ਐਸੇ ਪ੍ਰੇਮੀ ਜਿਨ੍ਹਾਂ ਦੇ ਵਿਚ ਨਾ ਤਾਂ ਕੋਈ ਸਚਾਈ ਹੈ, ਨਾ ਇਨ੍ਹਾਂ ਦਾ ਜੀਵਨ ਉਚਾ ਹੈ, ਆਮ ਸਾਧਾਰਨ ਲੋਕ ਨੇ, ਉਹ ਜੇ ਬਾਣੀ ਪੜ੍ਹ ਕੇ ਪਾਣੀ ਦੇ ਅਸਰ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਬਗੈਰ ਦਵਾਈ ਤੋਂ ਆਰਾਮ ਹੋ ਜਾਂਦਾ ਹੈ। ਫੇਰ ਸਾਧਸੰਗਤ ਜੀ! ਅੰਦਾਜ਼ਾ ਲਾਓ, ਜਿਹੜੀ ਬਾਣੀ ਗੁਰੂ ਗੋਬਿੰਦ ਸਿੰਘ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਤੇ ਉਨ੍ਹਾਂ ਦੇ ਨੇਤਰਾਂ ਦੀ ਸ਼ਕਤੀ ਜਲ ਵਿਚ ਪ੍ਰਵੇਸ਼ ਕਰ ਗਈ। ਹੱਥ ਦੇ ਨਾਲ ਖੰਡੇ ਦੇ ਨਾਲ ਪਾਣੀ ਦੇ ਅੰਦਰ, ਉਹ ਜੀਵਨ ਕਰੰਟ ਚਲੀ ਗਈ। ਤਾਂ ਤੁਸੀਂ ਆਪੇ ਹੀ ਦੇਖੋ ਕਿ ਉਸ ਪਾਣੀ ਦੀ ਕੀਮਤ ਕਿੰਨੀ ਕੁ ਹੈ? ਉਹਦੇ ਵਿਚ ਕਿੰਨੀ ਕੁ ਸ਼ਕਤੀ ਆ ਸਕਦੀ ਹੈ। ਇਹ ਅੰਦਾਜ਼ੇ ਤੋਂ ਬਾਹਰਲੀ ਗੱਲ ਹੈ ਸਾਰੀ। ਸੋ ਇਸੇ ਕਰਕੇ ਬਾਰ-ਬਾਰ ਤਾਕੀਦ ਕਰਦੇ ਨੇ-

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***

***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾ ਖੇਲਾ।***
***ਗੁਰੂ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***

***ਭਾਈ ਗੁਰਦਾਸ ਜੀ, ਵਾਰ 41/1***

ਅੰਮ੍ਰਿਤ ਛਕਾ ਦਿਤਾ, ਨਾਉਂ ਬਦਲ ਦਿੱਤੇ। ਉਸ ਵੇਲੇ ਆਪ ਨੇ ਮੁਖੀ ਜਥੇਦਾਰ ਭਾਈ ਦਇਆ ਸਿੰਘ ਜੀ ਨੂੰ ਕਹਿਣ ਲੱਗੇ ਕਿ ਜਿਵੇਂ ਤੁਸੀਂ ਮੇਰੇ ਤੋਂ ਅੰਮ੍ਰਿਤ ਛਕਿਆ ਹੈ, ਰਹਿਤ ਦੱਸੀ ਹੈ। ਹੁਣ ਤੁਸੀਂ ਮੈਨੂੰ ਅੰਮ੍ਰਿਤ ਛਕਾਓ, ਚਰਨਾਂ ਤੇ ਢਹਿ ਪਏ ਭਾਈ ਦਇਆ ਸਿੰਘ ਜੀ, ਕਹਿੰਦੇ ਪਾਤਸ਼ਾਹ! ਇਹ ਤਾਂ ਉਲਟੀ ਗੰਗਾ ਹੈ। ਕਹਿੰਦੇ ਨਹੀਂ, ਐਉਂ ਨਾ ਕਰੋ ਗੁਰੂ ਅੰਗਦ ਸਾਹਿਬ ਦੇ ਚਰਨਾਂ ਤੇ ਗੁਰੂ ਨਾਨਕ ਨੇ ਮਸਤਕ ਨਿਵਾਇਆ। ਗੁਰੂ ਅਮਰਦਾਸ ਦੇ ਚਰਨਾਂ ਤੇ ਗੁਰੂ ਅੰਗਦ ਸਾਹਿਬ ਨੇ ਮਸਤਕ ਨਿਵਾਇਆ। ਤੁਸੀਂ ਪੂਰੇ ਹੋ ਚੁੱਕੇ ਹੋਂ, ਪੂਰੇ ਨੂੰ ਮੈਂ ਮਸਤਕ ਨਿਵਾਉਣੈ ਤੇ ਇਸੇ ਤਰ੍ਹਾਂ ਦੇ ਨਾਲ ਤੁਸੀਂ ਮੈਨੂੰ ਅੰਮ੍ਰਿਤ ਛਕਾਓ।

ਓਸ ਵੇਲੇ ਅੰਮ੍ਰਿਤ ਤਿਆਰ ਕੀਤਾ ਗਿਆ ਤੇ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜੀ ਨੂੰ ਅੰਮ੍ਰਿਤ ਛਕਾਇਆ ਗਿਆ।

***ਸਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ।***
***ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।***
***ਵਿਚਿ ਸੰਗਤਿ ਢੋਈ ਨ ਲਹਿਨਿ ਜੋ ਖਸਮੁ ਵਿਸਾਰੇ।***
***ਗੁਰਸਿਖਾਂ ਮੱਥੇ ਉੱਜਲੇ ਸੱਚੇ ਦਰਬਾਰੇ।***
***ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***

***ਭਾਈ ਗੁਰਦਾਸ ਜੀ ਵਾਰ 41/2***

ਐਸਾ ਨਿਰਾਲਾ ਕੌਤਕ, ਕੋਈ ਦੁਨੀਆਂ ਦੇ ਅੰਦਰ ਐਸਾ ਗੁਰੂ ਨਹੀਂ ਜਿਸਨੇ ਆਪਣੇ ਚੇਲਿਆਂ ਤੋਂ ਅੰਮ੍ਰਿਤ ਲਿਆ ਹੋਵੇ, ਨਾਮ ਲਿਆ ਹੋਵੇ। ਇਹ ਕੇਵਲ ਗੁਰੂ ਦਸ਼ਮੇਸ਼ ਪਿਤਾ ਨੇ ਪ੍ਰੈਕਟੀਕਲੀ ਅਭੇਦ ਅਵਸਥਾ ਦਾ ਇਕ ਕੌਤਕ ਕਰਕੇ ਦਿਖਾ ਦਿਤਾ ਕਿਉਂਕਿ ਅਭੇਦ ਅਵਸਥਾ ਦਾ ਆਪ ਨੇ ਫੁਰਮਾਨ ਕਰਿਆ ਹੈ –

***ਆਤਮ ਰਸ ਜਿਹ ਜਾਨਹੀ ਸੋ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ।***

ਇਕ ਰੂਪ ਬਣਾ ਲਿਆ। ਜੇ ਇਕ ਰੂਪ ਨਾ ਬਣਾਉਂਦੇ, ਨਹੀਂ ਅੰਮ੍ਰਿਤ ਗੁਰੂ ਮਹਾਰਾਜ ਨੇ ਪੰਜ ਪਿਆਰਿਆਂ ਤੋਂ ਛਕਣਾ ਸੀ, ਅਸੀਂ ਆਪੇ ਹੀ ਆਪਣੇ ਮੁਖ 'ਚ ਪਾ ਲੈਂਦੇ ਸੀ ਕਿਉਂਕਿ ਅਭੇਦ ਕਰਨੇ ਸੀ। ਪੂਰਨ ਰੂਪ ਦੇ ਅੰਦਰ ਆਪ ਖਾਲਸੇ 'ਚ ਸਮਾਉਣਾ ਸੀ। ਖਾਲਸੇ ਨੇ ਗੁਰੂ ਵਿਚ ਸਮਾਉਣਾ ਸੀ।

***ਖ਼ਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥***

***ਸਰਬ ਲੋਹ ਗ੍ਰੰਥ 'ਚੋਂ***

ਇਕ ਐਸਾ ਆਦਰਸ਼ ਸੰਸਾਰ ਦੇ ਉਤੇ ਪ੍ਰਗਟ ਕਰਕੇ ਆਪ ਨੇ ਦਿਖਾ ਦਿਤਾ। ਕੱਲ੍ਹ ਮੈਂ ਬੜੇ ਵਿਸਥਾਰ ਦੇ ਨਾਲ ਦੱਸਿਆ ਸੀ ਕਿ ਉਹ ਆਦਰਸ਼ ਕਿਹੋ ਜਿਹਾ ਸੀ। ਉਹ ਆਦਰਸ਼ ਵਾਲਾ ਜਿਹੜਾ ਪ੍ਰੇਮੀ ਸੀ, ਉਹਨੂੰ ਟੋਲ੍ਹਣ ਵਾਸਤੇ ਸਾਕਾਰ ਮੰਡਲ ਦੇ ਜਿਹੜੇ ਸਭ ਤੋਂ ਵੱਡੇ ਦੇਵਤੇ ਨੇ ਬ੍ਰਹਮਾ ਵਿਸ਼ਨੂੰ ਮਹੇਸ਼, ਉਹ ਵੀ ਤਲਾਸ਼ ਕਰਦੇ ਫਿਰਦੇ ਨੇ ਕਿ ਉਹਦੇ ਦਰਸ਼ਨ ਕਰ ਲਈਏ। ਕਿਉਂਕਿ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ।

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥***

***ਅੰਗ – ੭***

ਫੇਰ ਉਹ ਦੇਖਦੇ ਕਿਥੇ ਫਿਰਦੇ ਸੀ? ਉਹ ਦੇਖਦੇ ਸੀ ਖਾਲਸੇ ਦੇ ਰੂਪ ਵਿਚ, ਖਾਲਸਾ pure man ਜਿਸਨੂੰ ਆਪਾਂ ਸੁਖਮਨੀ ਸਾਹਿਬ ਦੇ ਅੰਦਰ ਬ੍ਰਹਮਗਿਆਨੀ ਕਹਿੰਦੇ ਹਾਂ, ਸੰਤ ਕਹਿੰਦੇ ਹਾਂ। ਸੰਤ ਦੀ ਪਦਵੀ –

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***

***ਅੰਗ – ੩੯੭***

ਉਹ ਪ੍ਰਮੇਸ਼ਰ ਨੂੰ ਸਾਕਾਰ ਰੂਪ ਦੇ ਅੰਦਰ ਪੂਰੀ ਤਰ੍ਹਾਂ ਪ੍ਰਗਟ ਹੋਏ ਨੂੰ ਉਹਦੇ ਦਰਸ਼ਨ ਕਰਨ ਵਾਸਤੇ ਵੱਡੇ-ਵੱਡੇ ਜਿਹੜੇ ਦੇਵਤੇ ਨੇ, ਮਹਾਰਾਜ ਫੁਰਮਾਨ ਕਰਦੇ ਨੇ ਕਿ ਉਹ ਵੀ ਆ ਕੇ ਦਰਸ਼ਨ ਕਰਦੇ ਨੇ, ਟੋਲ੍ਹਦੇ ਫਿਰਦੇ ਨੇ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***

***ਅੰਗ – ੨੭੩***

ਕਿਉਂ ਖੋਜਦਾ ਫਿਰਦਾ ਹੈ, ਕਿਉਂ ਖੋਜਦੇ ਫਿਰਦੇ ਨੇ ਕਿਉਂਕਿ –

***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***

***ਅੰਗ – ੨੭੩***

ਪ੍ਰਮੇਸ਼ਰ ਦਾ ਤੇ ਉਹਦਾ ਕੋਈ ਭੇਦ ਨਾ ਰਹਿ ਗਿਆ–

***ਚਲਦਾ.....***

(ਪੰਨਾ 23 ਦਾ ਬਾਕੀ)

ਥਾਪ ਕੇ ਸਭ ਛੁਟਾ ਵੱਡਾ ਮੇਟ ਕੇ ਇਕ ਅੰਮ੍ਰਿਤ ਦੇ ਸਭ ਅਧਿਕਾਰੀ ਕਰ ਦਿਤੇ। ਗੁਰੂ ਕੇ ਦੀਵਾਨ ਵਿਚ ਰਾਜਾ ਰੰਕ ਇਕ ਫਰਸ਼ ਤੇ ਬਿਠਾਏ, ਇਕ ਲੰਗਰ ਕਰ ਦਿਤਾ ਤੇ ਸਾਰੇ ਸਾਂਝੀਵਾਲ ਥਾਪੇ। ਸੋ ਇਸਦੇ ਉਲਟ ਕਰਨਾ ਮਨਮਤਿ ਹੈ। ਜੇ ਸਾਧ ਸੰਗਤ ਵਿਚ ਏਹ ਭਰੋਸਾ ਤੇ ਸਿਦਕ ਹੈ ਤਾਂ ਇਹ ਸਰੀਰ ਅੰਮ੍ਰਿਤ ਪ੍ਰਚਾਰ ਵਿਚ ਹਾਜ਼ਰ ਹੈ, ਜੇ ਇਸ ਏਕੇ ਵਾਲੇ ਟਿਕਾਣੇ ਵਿਤਕਰੇ ਦੇ ਭਾਵ ਹੈਨ ਤਾਂ ਸੁਖ। ਅਸਾਂ ਤਾਂ ਮਤਾ ਇਹ ਰੱਖਿਆ ਹੋਇਆ ਹੈ ਕਿ ਜੋ ਖੁਸ਼ੀ ਨਾਲ ਅੰਮ੍ਰਿਤ ਛਕੇ, ਚਾਹਨਾ ਕਰੇ, ਸ਼ਰਧਾ ਧਾਰੇ ਉਸਨੂੰ ਛਕਾ ਦੇਣਾ, ਜਾਤ ਜਨਮ ਨਾ ਕਦੇ ਅਸਾਂ ਪੁੱਛਿਆ ਹੈ ਤੇ ਨਾ ਪੁੱਛਣਾ ਹੈ। ਸਾਰੇ ਦੁਖੀ ਹਨ, ਸਾਰੇ ਲੋੜਵੰਦ ਹਨ, ਸਭਨਾਂ ਦੇ ਦੁਖਾਂ ਦਾਰੂ ਨਾਮ ਹੈ, ਨਾਮ ਦੀ ਵਿਧੀ ਅੰਮ੍ਰਿਤ ਹੈ, ਸੋ ਅੰਮ੍ਰਿਤ ਦੇ ਸਭੇ ਸਾਂਝੀਵਾਲ ਹੈਨ।

ਸਾਧੂ – ਅੰਮ੍ਰਿਤ ਲਈ ਚਿਤ ਮੇਰਾ ਬੀ ਉਮਲ ਰਿਹਾ ਹੈ, ਪਰ ਵਰਤਣ ਦੀ ਕੁਲ੍ਹ ਤੋਂ ਸੰਕੋਚ ਆਉਂਦਾ ਹੈ।

ਸੰਤ – ਇਨ੍ਹਾਂ ਚੱਕਾਂ ਵਿਚ ਅਜੇ ਕਿਤੇ ਕਿਤੇ ਵਿਤਕਰਾ ਹੈ ਪਰ ਸਾਡੇ ਮੰਦਰਾਂ ਵਿਚ ਹੁਣ ਕਿਤੇ ਵਿਤਕਰਾ ਨਹੀਂ ਹੈ। ਇਕ ਹਾਸੇ ਦੀ ਗੱਲ ਤੱਕੋ ਜੇ ਕੋਈ ਨੀਵੀਂ ਜਾਤ ਦਾ ਜਾਂ ਜਿਸਨੂੰ ਅਛੂਤ ਕਹਿੰਦੇ ਹਨ ਹਿੰਦੂ ਹੈ ਕਿ ਸਿੱਖੀ ਮਤ ਦਾ ਪੈਰੋਕਾਰ ਹੈ ਤਾਂ ਉੱਚ ਜਾਤ ਦੇ ਅਭਿਮਾਨ ਵਾਲੇ ਉਸਨੂੰ ਖੂਹ ਤੇ ਨਹੀਂ ਚੜ੍ਹਨ ਦਿੰਦੇ ਤੇ ਜੇ ਉਹ ਮੁਸਲਮਾਨ ਹੋ ਜਾਏ ਤਾਂ ਨਹੀਂ ਰੋਕਦੇ, ਦੱਸੋ ਇਸ ਵਿਚ ਕੀਹ ਸਮਤਾ ਹੈ, ਕੀਹ ਨਿਆਂ ਹੈ, ਕੀਹ ਬੁੱਧੀਮਤਾ ਹੈ? ਪ੍ਰਾਣੀ ਉਹੋ ਹੈ। ਹਿੰਦੂ ਹੈ ਤਾਂ ਅਛੂਤ, ਮੁਸਲਮਾਨ ਹੋ ਗਿਆ ਤਾਂ ਅਛੂਤ ਨਹੀਂ ਰਿਹਾ। ਅਰਥਾਤ ਆਪਣਾ ਹੈ, ਸੱਜਨ ਹੈ ਤਾਂ ਘ੍ਰਿਣਤ ਹੈ, ਓਪਰਾ ਹੋ ਗਿਆ, ਦੂਜੇ ਮਤ ਵਿਚ ਚਲਾ ਗਿਆ ਤਾਂ ਘ੍ਰਿਣਤ ਨਹੀਂ ਰਿਹਾ। ਦੱਸੋ, ਹੁਣ ਉੱਤਰ ਦਿਓ ਕਿ ਕੀ ਇਹ ਨਿਆਂ ਹੈ?

ਸਾਰੇ ਹੱਸ ਪਏ ਤੇ ਕਹਿਣ ਲੱਗੇ ਸੱਚ ਕਿਹਾ ਨੇ?

ਸੰਤ – ਭਾਈ ਚਾਲੀ ਪੰਜਾਹ ਵਰ੍ਹੇ ਹੋਏ ਤਾਂ ਅੰਮ੍ਰਿਤਧਾਰੀ ਮਜ਼ਹਬੀ ਸਿੰਘਾਂ ਨੇ ਅਰਦਾਸੇ ਕੀਤੇ ਕਿ ਸਾਨੂੰ ਗੁਰਦੁਆਰਿਆਂ ਵਿਚ ਰੋਕ ਦੀ ਖੁਲ੍ਹ ਮਿਲੇ। ਤਦੋਂ ਦੇ ਪੁਜਾਰੀ ਤੇ ਬ੍ਰਾਹਮਣੀ ਮਤਿਆਂ ਵਾਲੇ ਸਰਬਰਾਹ ਅੜ ਖੜੋਤੇ। ਸਿੰਘ ਸਭਾ ਨੇ ਤਾਣ ਲਾਏ, ਪਰ ਕੁਛ ਸਮਾਂ ਪੇਸ਼ ਨਾ ਗਈ। ਹੁਣ ਦੇਖੋ ਕਿ ਗੁਰਦਵਾਰਿਆਂ ਵਿਚ ਖੁਲ੍ਹ ਹੋ ਗਈ ਹੈ। ਸਿੰਘ ਹੋਵੇ ਅੰਮ੍ਰਿਤਧਾਰੀ, ਕਿਸੇ ਜਾਤੀ ਦਾ ਹੋਵੇ, ਕੋਈ ਨਹੀਂ ਪੁੱਛਦਾ, ਸ੍ਰੀ ਦਰਬਾਰ ਸਾਹਿਬ ਤੇ ਸਾਰੇ ਗੁਰਧਾਮਾਂ ਵਿਚ ਜਾਣ ਦੀ ਖੁਲ੍ਹ ਹੈ, ਬੈਠਣ ਦੀ ਖੁਲ੍ਹ ਹੈ, ਕੜਾਹ ਪ੍ਰਸ਼ਾਦਿ ਭੇਟਾ ਚੜ੍ਹਦਾ ਤੇ ਮਿਲਦਾ ਹੈ। ਜਦੋਂ ਧਰਮ ਮੰਦਰਾਂ ਵਿਚ ਖੁਲ੍ਹ ਹੈ ਤਾਂ ਤੁਸੀਂ ਕਿਸ ਆਸ਼ੇ ਨੂੰ ਲੈ ਕੇ ਖੂਹਾਂ ਦੀ ਰੋਕ ਕਰਦੇ ਹੋ? ਜੇ ਕਹੋ ਕਿ ਅਸੀਂ ਬ੍ਰਾਹਮਣਾਂ ਤੋਂ ਡਰਦੇ ਹਾਂ ਤਾਂ ਦੇਖੋ ਬ੍ਰਾਹਮਣਾਂ ਦੇ ਵੱਡੇ ਮਾਲਵੀਆ ਜੀ ਤੇ ਸਰਬ ਹਿੰਦੂਆਂ ਦੇ ਆਗੂ ਗਾਂਧੀ ਜੀ ਆਪ ਆਪਣੇ ਮੰਦਰਾਂ ਵਿਚ ਖੁਲ੍ਹ ਦੇਣ ਦੇ ਤਰਲੇ ਲੈ ਰਹੇ ਹਨ। ਤੁਸੀਂ ਨਾ ਤਾਂ ਹੁਣ ਹਿੰਦੂ ਮਤੇ ਦੇ ਮਗਰ ਹੋ ਨਾ ਗੁਰੂ ਮਤ ਦੇ ਮਗਰ ਹੋ, ਆਪਣੀ ਹਾਲਤ ਸੋਚ ਲਵੋ। ਜੇ ਤੁਸੀਂ ਸੋਚੋ ਕਿ ਅੰਮ੍ਰਿਤ ਛਕ ਕੇ ਕੋਈ ਨੀਵਾਂ ਹੈ ਕੋਈ ਉਚਾ ਹੈ, ਕੋਈ ਛੂਤ ਹੈ ਕੋਈ ਅਛੂਤ ਹੈ ਤਾਂ ਤੁਸੀਂ ਹਰ ਪਹਿਲੂ ਤੋਂ ਭੁੱਲ ਵਿਚ ਹੋ। ਭਾਈ! ਸਾਰੇ ਵਿਤਕਰੇ ਮਾੜੇ ਹਨ ਤੇ ਬਨਾਵਟਾਂ ਹਨ। ਹਾਂ ਇਕ ਵਿਤਕਰਾ ਅਮਿਟ ਹੈ। ਉਹ ਅਕਲ ਦਾ ਹੈ। ਅਕਲ ਕਿਸੇ ਦੀ ਵੱਧ ਤੇ ਕਿਸੇ ਦੀ ਘੱਟ ਹੈ। ਇਹ ਕੁਦਰਤੀ ਮਾਮਲਾ ਹੈ। ਪਰ ਇਸਦੀ ਮਾਂਜਾ ਲਿਖਕੀ ਭੀ ਵਿਦਿਆ ਨਾਲ ਕੁਛ ਹੋ ਕੇ ਪਧਰਾਈ ਵੱਲੇ ਰੁਖ ਹੋ ਜਾਂਦਾ ਹੈ। ਹੋਰ ਜਾਤ ਜਨਮ ਦਰਜੇ ਦੇ ਵਿਤਕਰੇ ਬਨਾਵਟੀ ਜੇ। ਭੰਨ ਦਿਓ ਪਾਲਾਂ ਤੇ ਟੁਰੋ ਗੁਰਮਤ ਤੇ, ਨਾਮ ਜਪੋ, ਆਪ ਤਰੋ, ਜਗਤ ਨੂੰ ਤਾਰੋ।

ਰਾਧਾ ਸਿੰਘ – ਸੱਚ ਕਿਹਾ ਨੇ, ਮੈਂ ਤੰ ਸੰਤ ਜੀ ਹੁਣ ਰਿਸੰਸੇ ਹੋ ਗਿਆ ਜੇ, ਮੈਨੂੰ ਤਾਂ ਜਹਾਜ਼ੇ ਚਾੜ੍ਹੋ।

ਸੀਤਾ ਰਾਮ – ਮੇਰੇ ਭਰਮ ਵੀ ਮਿਟ ਗਏ ਹਨ, ਮੈਨੂੰ ਵੀ ਤਾਰ ਲਓ।

ਸਾਧੂ (ਸੰਗਤ ਵਲ) – ਕਿਸੇ ਨੂੰ ਕੋਈ ਸੰਸਾ ਬਾਕੀ ਹੈ?

ਸਾਰੇ – ਨਹੀਂ ਜੀ।

ਸਾਧੂ – ਫੇਰ ਸੰਤ ਜੀ ਗੁਰਪੁਰਬ ਸਪਤਮੀ ਵਾਲੇ ਦਿਨ ਜੈਸਾ ਕਿ ਖਿਆਲ ਸੀ, ਕ੍ਰਿਪਾ ਹੋ ਜਾਏ ਤੇ ਸਾਰੇ ਅੰਮ੍ਰਿਤ ਛਕ ਲੈਣ। ਮੈਨੂੰ ਰਤਾ ਕੁ ਆਪਣੇ ਭੇਖ ਦਾ ਅਭਿਮਾਨ ਹੈ ਸੀ ਸੋ ਮੇਟ ਲਿਆ ਹੈ ਆਪ ਦੇ ਬਚਨਾਂ ਨਾਲ। ਪਰ ਵਿਚਰਨਾ ਨਿਰਵਿਰਤ ਹੀ ਹੈ, ਕੀ ਮੈਨੂੰ ਵੀ ਬੇੜੇ ਚਾੜ੍ਹ ਲਓਗੇ?

ਸੰਤ – ਬੇੜਾ ਕਲਗੀਆਂ ਵਾਲੇ ਪਾਤਸ਼ਾਹ ਦਾ ਹੈ, ਉਹ ਚਾੜ੍ਹੇਗਾ, ਅਸੀਂ ਬੇੜੇ ਦੀ ਕੰਮੀ ਹਾਂ ਦੁਮਰਦਾ ਲਾਉਣਾ ਸਾਡਾ ਵੀ ਧਰਮ ਹੈ। ਆਓ ਫੇਰ ਇਹ ਗੁਰ ਸਪਤਮ ਅ੍ਰੇਕਾਂ ਦੇ ਅੰਮ੍ਰਿਤ ਛਕਣ ਦਾ ਉਤਸਵ ਬਣ ਜਾਏ।

ਐਉਂ ਸਾਰੇ ਸੱਜਣ ਸੁਖੀ ਹੋ ਕੇ ਘਰਾਂ ਨੂੰ ਗਏ। ਗੁਰਪੁਰਬ ਤੇ ਅੰਮ੍ਰਿਤ ਪ੍ਰਚਾਰ ਹੋਇਆ, ਸੰਤਾਂ ਨੇ ਖੁਲ੍ਹੇ ਦਰਵਾਜ਼ੇ ਸਭ ਨੂੰ ਅੰਮ੍ਰਿਤ ਛਕਾਇਆ। ਆਪ ਵੀ ਅੱਜ ਗੁਰਪੁਰਬ ਮਨਾ ਰਹੇ ਹੋਸੋ, ਹਾਂ, ਅੰਮ੍ਰਿਤ ਪ੍ਰਚਾਰ ਨੂੰ ਗੁਰਪੁਰਬ ਦਾ ਖਾਸ ਆਹਰ ਬਨਾਓ। ਹਰ ਗੁਰਪੁਰਬ ਤੇ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਅੰਮ੍ਰਿਤ ਦਾਨ ਦਿਓ, ਤਾਂ ਜੋ ਜਗਤ ਜਲੰਦੇ ਦੇ ਜੀਵ ਨਾਮ ਜਹਾਜ਼ ਤੇ ਚੜ੍ਹ ਕੇ ਠੰਢ ਦੇ ਦੇਸ਼ ਆਉਣ ਤੇ ਭੈ ਸਾਗਰ ਤਰਕੇ ਸਦਾ ਸੁਖੀ ਹੋ ਜਾਣ।

******

# ਕਰਮ ਬੰਧਨ ਤੋਂ ਮੁਕਤੀ
## ((Freedom from the Bond of Karma))

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

### ਅਧਿਆਇ ਅੱਠ

ਮੁਕਤੀ - ਨਿਸ਼ਕਾਮ ਕਰਮ

ਕੇਵਲ ਗਿਆਨ ਹੀ ਮੁਕਤੀਦਾਇਕ ਹੈ ਜਿਵੇਂ ਅੱਗ ਦਾ ਲਾਂਬੂ ਲੱਕੜੀਆਂ ਦੇ ਢੇਰ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ ਬਿਲਕੁਲ ਇਸ ਤਰ੍ਹਾਂ ਹੀ ਗਿਆਨ ਦੀ ਅੱਗ ਸਾਰੇ ਕਰਮ ਸਾੜ ਕੇ ਸੁਆਹ ਕਰ ਦਿੰਦੀ ਹੈ, ਇਸ ਤਰ੍ਹਾਂ ਗੀਤਾ ਵਿਚ ਲਿਖਿਆ ਹੈ ਗਿਆਨ ਜਾਂ ਬੁੱਧੀ ਨਾਲ ਤੁਹਾਡੇ ਕਰਮ ਕਟ ਨਹੀਂ ਸਕਦੇ ਉਨ੍ਹਾਂ ਨੂੰ ਮਿਟਾ ਨਹੀਂ ਸਕਦੇ ਕੇਵਲ ਉਨ੍ਹਾਂ ਦਾ ਬੰਧਨ ਢਿੱਲਾ ਕਰ ਸਕਦੇ ਹਾਂ। ਬੁੱਧੀ ਤੇ ਗਿਆਨ ਜੀਵਨ ਮਾਰਗ ਨੂੰ ਸ਼ੁੱਧ ਕਰ ਸਕਦੇ ਹਨ ਕਰਮਾਂ ਨੂੰ ਕਾਰਜ ਨੂੰ ਸ਼ੁੱਧ ਕਰ ਸਕਦੇ ਹਾਂ। ਜੇ ਰੱਸੀ ਸੜ ਹੀ ਜਾਏ ਫੇਰ ਉਹ ਗੰਢ ਮਾਰਨ ਜੋਗੀ ਰਹਿੰਦੀ ਹੀ ਨਹੀਂ, ਭਾਵੇਂ ਉਸ ਦਾ ਰੂਪ ਉਸ ਦੀ ਸ਼ਕਲ ਰੱਸੀ ਵਰਗੀ ਬਣੀ ਰਹਿੰਦੀ ਹੈ। ਇਸੇ ਤਰ੍ਹਾਂ ਕਰਮ ਮਨੁੱਖ ਨੂੰ ਬੰਨ੍ਹਦੇ ਹਨ ਪਰ ਜੇ ਉਹ ਗਿਆਨ ਦੀ ਅਗਨੀ ਨਾਲ ਫੂਕ ਦਿਤੇ ਜਾਣ ਉਹ ਸੜ ਕੇ ਖਤਮ ਹੋ ਜਾਣ ਉਹ ਦੇਖਣ ਵਿਚ ਭਾਵੇਂ ਕਰਮ ਲੱਗਣਗੇ ਪਰ ਉਨ੍ਹਾਂ ਦੀ ਬੰਨ੍ਹਣ ਦੀ ਸ਼ਕਤੀ ਖਤਮ ਹੋ ਚੁੱਕੀ ਹੋਵੇਗੀ। ਉਹ ਸ਼ਕਤੀ ਜਿਹੜੀ ਕਰਮਾਂ ਵਿਚ ਪ੍ਰਗਟਾਵਾ ਕਰਦੀ ਹੈ ਉਹ ਰੂਪ ਬਦਲ ਕੇ ਬੁੱਧੀ ਤੇ ਗਿਆਨ ਬਣ ਗਈ ਹੈ।

ਅਸੀਂ ਆਪਣੇ ਅੰਦਰ ਉਹ ਗਿਆਨ ਦੀ ਅਗਨੀ ਕਿਵੇਂ ਪੈਦਾ ਕਰੀਏ ਕਿਵੇਂ ਉਜਵਲ ਕਰੀਏ ਜਿਸ ਨਾਲ ਉਹ ਸੰਸਕਾਰ ਖਤਮ ਹੋ ਜਾਣ ਜਿਹੜੇ ਸਾਡੇ ਕਰਮਾਂ ਨੂੰ ਉਤਸਾਹਿਤ ਕਰਦੇ ਹਨ। ਅਸੀਂ ਕਰਮਾਂ ਤੋਂ ਦੌੜ ਨਹੀਂ ਸਕਦੇ, ਬਚ ਨਹੀਂ ਸਕਦੇ। ਅੱਖਾਂ ਬੰਦ ਕਰਨ ਨਾਲ ਪਰ੍ਹੇ ਹੋ ਜਾਣ ਨਾਲ ਦੌੜਨ ਨਾਲ ਤੁਸੀਂ ਕਰਮਾਂ ਤੋਂ ਪਰ੍ਹੇ ਨਹੀਂ ਹਟ ਸਕਦੇ ਜਾਂ ਇਸ ਤਰ੍ਹਾਂ ਕਰਨ ਨਾਲ ਕਰਮ ਖਤਮ ਨਹੀਂ ਹੋ ਜਾਂਦੇ। ਜਦੋਂ ਤੁਸੀਂ ਅੱਖਾਂ ਖੋਲ੍ਹੋਗੇ ਕਰਮ ਉਥੇ ਹੀ ਖੜ੍ਹੇ ਹੋਣਗੇ। ਜੀਵਨ ਦੀਆਂ ਸਮੱਸਿਆਵਾਂ ਔਕੜਾਂ ਖਤਮ ਨਹੀਂ ਹੁੰਦੀਆਂ, ਉਨ੍ਹਾਂ ਨੂੰ ਹਟਾਇਆ ਨਹੀਂ ਜਾ ਸਕਦਾ। ਜੀਵਨ ਦੀਆਂ ਸਮੱਸਿਆਵਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ ਉਨ੍ਹਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਜੀਵਨ ਦੀ ਪਕੜ, ਕਰਮਾਂ ਦੀ ਪਕੜ, ਗਿਆਨ ਨਾਲ, ਆਤਮਕ ਸ਼ਕਤੀ ਰਾਹੀਂ ਜੁਗਤੀ ਨਾਲ ਕਰਮ ਕਰਨ ਨਾਲ ਨਿਰਸੁਆਰਥ ਹੋ ਕੇ ਕਰਮ ਕਰਨ ਨਾਲ ਹੀ ਹੋ ਸਕਦੀ ਹੈ। ਬਹੁਤ ਵਾਰੀ ਲੋਕ ਚੰਗਾ ਕਰਨਾ ਭਲਾ ਕਰਨਾ ਆਪਣੇ ਜੀਵਨ ਦੀ ਫਿਲੌਸਫੀ ਹੀ ਬਣਾ ਲੈਂਦੇ ਹਨ। ਜੇ ਇਸ ਦਾ ਪ੍ਰਗਟਾਵਾ ਚੰਗੀ ਤਰ੍ਹਾਂ ਨਾਲ ਨਾ ਕੀਤਾ ਜਾਵੇ ਇਹ ਬਹੁਤ ਦੇਰ ਤੱਕ ਨਹੀਂ ਚੱਲ ਸਕਦੀ। ਜੋ ਚੰਗਾ ਸਮਝਣਾ ਕੇਵਲ ਉਸ ਵਿਚ ਹੀ ਵਿਸ਼ਵਾਸ਼ ਰੱਖਣਾ ਇਹ ਇਕ ਬੜੀ ਹੀ ਓਪਰੀ ਤੇ ਦਿਖਾਵੇ ਵਾਲੀ ਗੱਲ ਹੈ। ਜੀਵਨ ਦੇ ਉਤਾਰ ਚੜ੍ਹਾਅ ਦੇ ਸਾਮ੍ਹਣੇ ਇਹ ਬਿਲਕੁਲ ਅਧੂਰਾ ਲਗਦਾ ਹੈ। ਸਭ ਤੋਂ ਵੱਧ ਸ਼ਕਤੀ ਨਿਰੁਸੁਆਰਥ ਜੀਵਨ ਤੋਂ ਆਉਂਦੀ ਹੈ, ਜਦੋਂ ਤੁਹਾਡੀ ਸੋਚ, ਕਰਮ ਨਿਸ਼ਕਾਮ ਹੋ ਜਾਂਦੇ ਹਨ, ਤੁਹਾਡਾ ਬੋਲਣਾ ਨਿਰਸੁਆਰਥ ਹੋ ਜਾਂਦਾ ਹੈ, ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਇਸ ਸਭ ਕੁਝ ਦਾ ਸ੍ਰੋਤ ਆਤਮਾ ਹੈ, ਤੁਹਾਡਾ ਅੰਦਰ। ਜੀਵਨ ਦਾ ਅਰਥ ਜਾਣ ਕੇ, ਜੀਵਨ ਦਾ ਉਦੇਸ਼ ਜਾਣ ਕੇ, ਜੀਵਨ ਦਾ ਮਹੱਤਵ ਜਾਣ ਕੇ ਤੁਹਾਨੂੰ ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ, ਜਦੋਂ ਤੱਕ ਜੀਵਨ ਹੈ ਨਿਰਸੁਆਰਥ ਹੋ ਕੇ ਹੀ ਜੀਉਣਾ ਚਾਹੀਦਾ ਹੈ। ਕਰਮ ਨਾ ਕਰਨ ਨਾਲ ਜੀਵਨ ਗਤੀਹੀਣ ਹੋ ਜਾਂਦਾ ਹੈ, ਸੁਆਰਥੀ ਹੋ ਕੇ ਕੀਤੇ ਕਰਮ ਬੰਧਨ ਹੋ ਜਾਂਦੇ ਹਨ ਜਿਹੜੇ ਕਰਮਾਂ ਦੀ ਰੱਸੀ ਨੂੰ ਕੱਸ ਕੇ ਬੰਨ੍ਹ ਦਿੰਦੇ ਹਨ।

ਸੁਆਰਥੀ ਹੋਣ ਦਾ ਭਾਵ ਹੈ ਤੁਸੀਂ ਆਤਮ ਗਿਆਨ ਨੂੰ ਨਿਕਾਰ ਰਹੇ ਹੋ। ਪਸ਼ੂ ਤਾਂ ਸੁਆਰਥੀ ਹੈ ਹੀ ਕਿਉਂਕਿ ਉਨ੍ਹਾਂ ਨੂੰ ਆਪਣੇ ਸਰੂਪ ਦਾ ਗਿਆਨ ਹੀ ਨਹੀਂ ਪਤਾ ਹੀ ਨਹੀਂ। ਕੇਵਲ ਵਿਸ਼ੇ ਵਸਤੂ ਹੀ ਉਨ੍ਹਾਂ ਦਾ ਗਿਆਨ ਕੇਂਦਰ ਹਨ। ਕੇਵਲ ਮਨੁੱਖਾਂ ਕੋਲ ਹੀ ਇਕ ਤਰ੍ਹਾਂ ਦਾ ਅੰਤਰੀਵ ਗਿਆਨ ਹੈ। ਸੰਜਮ, ਅਨੁਸਾਸ਼ਨ, ਜੁਗਤੀ ਨਾਲ ਕਰਮ ਕਰਨੇ, ਆਪਣੀ ਮਨੋ ਸਰੀਰਕ ਵਿਅਕਤਿਤਵ ਨੂੰ ਜਾਣ ਕੇ ਜੀਉਣਾ ਹੀ ਆਪਣੇ ਆਪ ਵਿਚ ਡੂੰਘੇ ਜਾਣਾ, ਆਤਮਾ ਨੂੰ ਜਾਨਣਾ ਹੈ, ਉਹ ਆਤਮਾ ਜਿਹੜੀ ਸਦਾ ਨਿਰੋਲ ਹੈ, ਸਵੈ ਜਾਗ੍ਰਤ ਹੈ। ਕੇਵਲ ਸਰੀਰ ਲਈ ਜੀਣਾ ਸਰੀਰ ਨੂੰ ਬਚਾ ਕੇ ਰੱਖਣਾ ਬਾਹਰੀ ਜੀਵਨ ਜੀਉਣਾ ਕੇਵਲ ਸੰਸਾਰ ਲਈ ਜੀਣਾ ਇਕ ਤਰ੍ਹਾਂ ਦਾ ਆਤਮ ਘਾਤ ਹੈ ਕਿਉਂਕਿ ਇਸ ਤਰ੍ਹਾਂ ਕਰਕੇ ਤੁਸੀਂ ਆਪਣੇ ਆਪ ਨੂੰ ਵਿਸਤ੍ਰਿਤ ਨਹੀਂ ਕਰ ਰਹੇ, ਖੇੜੇ ਵਿਚ ਨਹੀਂ ਆ ਰਹੇ।

ਜਿਸ ਨੂੰ ਅਸੀਂ ਭਾਗ ਕਹਿੰਦੇ ਹਾਂ ਕਿਸਮਤ ਕਹਿੰਦੇ ਹਾਂ ਉਹ ਵੀ ਮਨੁੱਖ ਦੀ ਆਪਣੀ ਬਣਾਈ ਹੋਈ ਹੈ ਜੋ ਕੁਝ

ਵੀ ਪਿਛੇ ਕੀਤਾ ਹੁੰਦਾ ਹੈ ਉਹ ਹੀ ਕਿਸਮਤ ਬਣ ਜਾਂਦੀ ਹੈ। ਜੀਵਨ ਜੀਣ ਦੀ ਜੁਗਤ ਜਾਣ ਕੇ ਨਿਸ਼ਕਾਮ ਕਰਮ ਕਰਕੇ ਅਸੀਂ ਸਮੇਂ, ਪੁਲਾੜ ਤੇ ਕਾਰਣਤਾ ਤੋਂ ਪਰ੍ਹੇ ਹੋ ਜਾਂਦੇ ਹੋ। ਮਨੁੱਖ ਦਾ ਮਨ ਸੰਸਾਰਕ ਅਨੁਭਵ ਨੂੰ ਪੁਲਾੜ ਸਮੇਂ ਨਾਲ ਜੋੜ ਕੇ ਉਸ ਦੀ ਵਿਆਖਿਆ ਕਰਦਾ ਹੈ। ਵਾਸਤਵ ਵਿਚ ਸਮਾਂ ਤੇ ਪੁਲਾੜ ਹੈ ਕੀ? ਇਨ੍ਹਾਂ ਦੀ ਆਪਣੇ ਆਪ ਵਿਚ ਕੋਈ ਵਾਸਤਵਿਕਤਾ ਨਹੀਂ ਇਹ ਤਾਂ ਇਕ ਸੰਪੇਖ ਧਾਰਣਾਵਾਂ ਹਨ। ਜਦੋਂ ਮਨ ਇਕਾਗਰ ਹੋ ਕੇ ਇਕ ਹੋ ਜਾਂਦਾ ਹੈ ਫੇਰ ਉਹ ਉਚੇਰੀਆਂ ਚੇਤਨਤਾ ਦਿਸ਼ਾਵਾਂ ਵਿਚ ਚਲਿਆ ਜਾਂਦਾ ਹੈ ਜਿੱਥੇ ਕੋਈ ਸਮਾਂ, ਪੁਲਾੜ ਕਾਰਣਤਾ ਨਹੀਂ ਰਹਿੰਦੀ ਫੇਰ ਉਥੇ ਸੰਸਕਾਰਾਂ ਤੋਂ ਮੁਕਤੀ ਮਿਲ ਜਾਂਦੀ ਹੈ।

ਦੁਖ ਭਰਮ ਉਦੋਂ ਹੀ ਹੁੰਦਾ ਹੈ ਜਦੋਂ ਅਸੀਂ ਆਪਣੇ ਆਪ ਨੂੰ ਸਰੀਰ ਤੇ ਮਨ ਦੀਆਂ ਸੀਮਾਂ ਨਾਲ ਜੁੜ ਜਾਂਦੇ ਹਾਂ ਆਪਣੇ ਆਪ ਨੂੰ ਕੇਵਲ ਸਰੀਰ ਤੇ ਮਨ ਹੀ ਸਮਝਣ ਲਗ ਪੈਂਦੇ ਹਾਂ ਆਪਣੇ ਆਪ ਨੂੰ ਕੇਵਲ ਸਰੀਰ, ਇੰਦ੍ਰੀਆਂ ਮਨ ਨਾਲ ਜੋੜ ਕੇ ਜੋ ਸਾਡੀ ਹੋਂਦ ਦੀਆਂ ਬਹੁਤ ਹੀ ਛੋਟੀਆਂ ਸੀਮਾ ਹਨ, ਅਸੀਂ ਕਮਜ਼ੋਰ ਪੈ ਜਾਂਦੇ ਹਾਂ, ਮਜ਼ਬੂਰ ਹੋ ਜਾਂਦੇ ਹਾਂ ਸੁੰਗੜ ਕੇ ਦੂਸਰਿਆਂ ਤੋਂ ਦੂਰ ਹੋ ਜਾਂਦੇ ਹਾਂ। ਇਸ ਤਰ੍ਹਾਂ ਹੀ ਕਮਜ਼ੋਰੀ ਵਿਚ ਅਸੀਂ ਬਹੁਤ ਗਲਤੀ ਕਰ ਬੈਠਦੇ ਹਾਂ ਜਿਸ ਨਾਲ ਕਰਮਾਂ ਦੀ ਡੋਰੀ ਪੱਕੀ ਹੋ ਜਾਂਦੀ ਹੈ ਜਿਸ ਨਾਲ ਸਾਡੇ ਸੰਸਕਾਰ ਬਣ ਜਾਂਦੇ ਹਨ ਜਿਹੜੇ ਸਾਨੂੰ ਚੌਰਾਸੀ ਦੇ ਗੇੜ ਵਿਚ ਧੱਕ ਦਿੰਦੇ ਹਨ ਫੇਰ ਜੰਮਣਾ ਤੇ ਮਰਨਾ ਸ਼ੁਰੂ ਹੋ ਜਾਂਦਾ ਹੈ।

ਸਾਨੂੰ ਸੱਤ ਦੀ ਸੋਝੀ ਹੀ ਨਹੀਂ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਉਸ ਪ੍ਰਮਾਤਮਾ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ, ਵੱਖਰਾ ਕਰ ਲਿਆ ਹੈ ਤੇ ਆਪਣਾ ਛੋਟੀ ਜਿਹੀ ਹੋਂਦ ਪੈਦਾ ਕਰ ਲਈ ਹੈ। ਆਪਣਾ ਵੱਖਰਾ ਹੀ ਚੋਲਾ ਪਾ ਲਿਆ ਹੈ। ਨਿਸ਼ਕਾਮ ਕਰਮ ਕੀਤੇ ਹੋਏ ਹੀ ਸਾਨੂੰ ਸ਼ਾਂਤੀ ਦੇ ਸਕਦੇ ਹਨ। ਸ਼ਾਂਤ ਮਨ ਹੀ ਹਰ ਪੱਧਰ ਤੇ ਚੇਤਨਤਾ ਦਾ ਅਨੁਭਵ ਕਰ ਸਕਦਾ ਹੈ, ਅੰਤ ਵਿਚ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਸੰਸਕਾਰ ਸਾਡੇ ਅਗਿਆਨ ਕਾਰਣ ਜੋ ਪਾਪ ਅਸੀਂ ਕਰਦੇ ਹਾਂ ਉਨ੍ਹਾਂ ਕਾਰਣ ਵੀ ਹੁੰਦੇ ਹਨ, ਇਸ ਤਰ੍ਹਾਂ ਨਾਲ ਅਸੀਂ ਜੀਵਨ ਪੱਖ ਤੋਂ ਉਖੜ ਜਾਂਦੇ ਹਾਂ। ਜਦੋਂ ਨਦੀ ਆਪਣੇ ਰਾਹ ਤੋਂ ਵੱਖ ਹੋ ਜਾਂਦੀ ਹੈ ਪਾਣੀ ਵਿਚ ਨਹੀਂ ਮਿਲ ਸਕਦੀ ਉਹ ਗਤੀਹੀਣ ਹੋ ਜਾਂਦੀ ਹੈ, ਇਸੇ ਤਰ੍ਹਾਂ ਜਿਹੜਾ ਮਨੁੱਖ ਆਪਣੇ ਸਰੂਪ ਤੋਂ ਵੱਖ ਹੋ ਜਾਂਦਾ ਹੈ ਉਸ ਤੋਂ ਟੁੱਟ ਜਾਂਦਾ ਹੈ ਉਹ ਪਤਿਤ ਹੋ ਕੇ ਦੁਖਾਂ, ਭਰਮਾਂ ਵਿਚ ਫਸ ਜਾਂਦਾ ਹੈ।

ਚੇਤਨ ਹੋਣ ਦੀ ਸਮਰਥਾ ਮਨੁੱਖ ਦੇ ਮਨ ਵਿਚ ਵਿਸਤ੍ਰਿਤ ਹੁੰਦੀ ਰਹਿੰਦੀ ਹੈ, ਇਸ ਦਾ ਵਿਕਾਸ ਸਮਾਜਿਕ ਚੇਤਨਾ ਦੇ ਅਭਿਆਸ ਨਾਲ ਸਵੈ ਅਨੁਸਾਸ਼ਨ ਮਨੁੱਖ ਨੂੰ ਸੂਖਮ ਬੰਧਨਾਂ ਤੋਂ ਸਥੂਲ ਸਾਰੇ ਕਰਮਾਂ ਦੇ ਸੰਸਕਾਰਾਂ ਤੋਂ ਛੁਟਕਾਰਾ ਕਰਾ ਦਿੰਦਾ ਹੈ। ਜਦੋਂ ਤੁਸੀਂ ਨਿਸ਼ਕਾਮ ਕਰਮ ਕਰਨੇ ਸਿੱਖ ਜਾਂਦੇ ਹੋ ਸਹਿਜੇ ਹੀ ਮਨ ਆਪਣੇ ਆਪ ਹੀ ਵਿਸਤ੍ਰਿਤ ਹੋ ਜਾਂਦਾ ਹੈ, ਪਾਰਦਰਸ਼ੀ ਹੋ ਜਾਂਦਾ ਹੈ ਵਿਅਕਤੀਗਤ ਮਨ ਦੀਆਂ ਪੱਧਰਾਂ ਤੋਂ ਪਾਰ ਚਲਾ ਜਾਂਦਾ ਹੈ। ਇਸ ਤਰ੍ਹਾਂ ਨਾਲ ਹੋਂਦ ਚੇਤਨਾ ਨਾਲ ਮਿਲਾਪ ਹੋ ਜਾਂਦਾ ਹੈ ਤੇ ਅੰਤ ਨੂੰ ਮੁਕਤੀ। ਇਸੇ ਕਰਕੇ ਜਦੋਂ ਤੁਸੀਂ ਆਪਣੀ ਡੀਊਟੀ ਨਿਰਲੇਪ ਹੋ ਕੇ ਕਰਦੇ ਹੋ, ਨਿਰਸੁਆਰਥੀ ਹੋ ਕੇ ਕਰਦੇ ਹੋ ਤੁਸੀਂ ਅਧਿਆਤਮਵਾਦ ਦਾ ਅਭਿਆਸ ਕਰ ਰਹੇ ਹੋ।

ਜਦੋਂ ਬਰਾਬਰੀ ਦਾ ਵਿਭਿੰਨਤਾ ਦਾ ਕੋਈ ਭੇਦ ਨਾ ਰਹੇ ਮਨ ਇਨ੍ਹਾਂ ਤੋਂ ਉਚੇ ਉਠ ਜਾਏ ਇਨ੍ਹਾਂ ਤੋਂ ਪਰ੍ਹੇ ਚਲੇ ਜਾਏ ਮੁਕਤੀ ਸੰਭਵ ਹੋ ਜਾਂਦੀ ਹੈ। ਸਭ ਤੋਂ ਚੰਗੇ ਕਰਮ ਕੀ ਹਨ, ਕਿਹੜੇ ਹਨ ਏਸ ਗੱਲ ਤੇ ਸਦਾ ਹੀ ਵੱਖ-ਵੱਖ ਰਾਏ ਰਹਿਣਗੀਆਂ ਹੀ ਪਰ ਇਹੋ ਜਿਹੇ ਵੱਖ-ਵੱਖ ਵਿਚਾਰ ਕੇਵਲ ਓਪਰੇ ਹੀ ਹੋਣਗੇ ਸੱਤਾ ਤੇ ਹੀ ਹੋਣਗੇ, ਡੂੰਘਾਈ ਵਿਚ ਬਹੁਤ ਥੱਲੇ ਜਾ ਕੇ ਤਾਂ ਕੇਵਲ ਏਕਤਾ ਹੀ ਹੈ ਜੋ ਕੁਝ ਵੀ ਮਨੁੱਖ ਕਰੇ ਕੋਈ ਵੀ ਕੰਮ ਕੋਈ ਵੀ ਕਰਮ ਮਨੁੱਖ ਦੀ ਕੋਈ ਪਦਵੀ ਹੋਏ, ਉਸ ਦੇ ਅੰਦਰ ਇਕ ਪੂਰਨਤਾ ਹੁੰਦੀ ਹੈ, ਇਕ ਅਨਕੂਲਤਾ ਮੂਲ ਹੁੰਦੀ ਹੈ। ਉਹ ਇਕ ਆਤਮਕ ਮੂਲ ਹੁੰਦੀ ਹੈ ਜਿਹੜੀ ਉਸ ਦੀ ਆਤਮਾ ਵਿਚੋਂ ਨਿਕਲਦੀ ਹੈ। ਜਦੋਂ ਮਨੁੱਖ ਆਪਣੇ ਕਰਮਾਂ ਨੂੰ, ਸੋਚ ਨੂੰ, ਇਛਾਵਾਂ ਨੂੰ ਅਧਿਆਤਮਕ ਬਣਾ ਲੈਂਦਾ ਹੈ, ਆਪਣੀਆਂ ਇਛਾਵਾਂ ਨੂੰ ਆਤਮਕ ਰੂਪ ਦੇ ਦਿੰਦਾ ਹੈ ਫੇਰ ਉਹ ਆਪਣੇ ਕਰਮ, ਆਪਣੀਆਂ ਡੀਊਟੀਆਂ ਬਿਨਾਂ ਕਿਸੇ ਬੰਧਨ ਦੇ ਕਰ ਲੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਸੰਸਕਾਰਾਂ ਦੇ ਸੂਖਮ ਬੀਜ ਵੀ ਨਹੀਂ ਪੈਣਗੇ।

ਇਸੇ ਕਰਕੇ ਜਦੋਂ ਅਸੀਂ ਦੁਖ ਸੰਤਾਪ, ਉਦਾਸੀ, ਜਿਹੜੀ ਸਾਡੇ ਸੰਸਕਾਰਾਂ ਤੋਂ ਪੈਦਾ ਹੁੰਦੀ ਹੈ ਉਸ ਤੋਂ ਬਚਣਾ ਚਾਹੁੰਦੇ ਹਾਂ ਉਸ ਲਈ ਸਾਨੂੰ ਆਪਣੀਆਂ ਇੰਦ੍ਰੀਆਂ ਨੂੰ ਕੰਮ ਕਰਨ ਵਾਲੇ ਅੰਗਾਂ ਨੂੰ, ਮਨ ਨੂੰ ਸਾਰੇ ਪੱਧਰਾਂ ਤੇ ਸੋਧ ਲੈਣਾ ਚਾਹੀਦਾ ਹੈ, ਹਾਂ ਪਰ ਇਸ ਗੱਲ ਦਾ ਧਿਆਨ ਰਹੇ ਕਿ ਅਸੀਂ ਆਪਣੇ ਕਰਤਵ ਤੋਂ ਪਿਛੇ ਨਾ ਹਟੀਏ ਕਰਤਵ ਨੂੰ ਪਾਸੇ ਨਾ ਕਰ ਦੇਈਏ।

ਮਨੁੱਖ ਆਪਣੇ ਕਰਮਾਂ ਦਾ ਦੇਣ ਉਦੋਂ ਹੀ ਮੁਕਾ ਸਕਦਾ ਹੈ ਉਦੋਂ ਹੀ ਚੁਕਦਾ ਕਰ ਸਕਦਾ ਹੈ ਜਦੋਂ ਉਹ ਨਿਸ਼ਕਾਮ ਕਰਮ ਕਰਦਾ ਹੈ। ਆਪਣੇ ਕਰਮਾਂ ਦਾ ਕਰਜ਼ਾ

ਚੁਕਤਾ ਕੀਤੇ ਬਿਨਾਂ, ਉਨ੍ਹਾਂ ਲੋਕਾਂ ਨਾਲ ਜਿਨ੍ਹਾਂ ਨਾਲ ਅਸੀਂ ਰਹਿੰਦੇ ਹਾਂ ਉਨ੍ਹਾਂ ਦਾ ਕਰਜ਼ਾ ਦਿਤੇ ਬਿਨਾਂ, ਜਿਸ ਪਰਿਵਾਰ ਵਿਚ ਅਸੀਂ ਜਨਮ ਲਿਆ ਉਨ੍ਹਾਂ ਦਾ ਦੇਣ ਦਿਤੇ ਬਿਨਾਂ, ਅਸੀਂ ਕਦੀ ਵੀ ਮੁਕਤ ਨਹੀਂ ਹੋ ਸਕਦੇ। ਇਸ ਕਰਕੇ ਇਹ ਬਹੁਤ ਅਵਸ਼ਕ ਹੈ ਕਿ ਅਸੀਂ ਆਪਣੇ ਕਰਤਵ ਕਰੀਏ, ਨਿਰਲੇਪ ਹੋ ਕੇ ਕਰੀਏ ਤੇ ਆਪਣੇ ਕਰਮਾਂ ਦੇ ਰਿਣ ਤੋਂ ਬਚੇ ਰਹੀਏ।

ਵਾਸਤਵ ਵਿਚ ਅਸੀਂ ਆਪਣੇ ਮਾਤਾ ਪਿਤਾ ਦੀ ਚੋਣ ਆਪ ਹੀ ਕਰਦੇ ਹਾਂ ਤੇ ਉਹ ਸਾਡੀ ਚੋਣ ਕਰਦੇ ਹਨ ਜਿਹੋ ਜਿਹਾ ਕੋਈ ਹੁੰਦਾ ਹੈ ਉਸੇ ਤਰ੍ਹਾਂ ਦੇ ਸਾਥੀ ਮਾਤਾ ਪਿਤਾ ਰਿਸ਼ਤੇ ਉਹ ਚੁਣਦਾ ਹੈ। ਆਪਣੀ ਡੀਊਟੀ ਮਿਹਨਤ ਨਾਲ ਕਰਨੀ ਦਿਲ ਲਗਾ ਕੇ ਕਰਨੀ ਸੱਚੀ ਤਰ੍ਹਾਂ ਨਾਲ ਕਰਨੀ, ਜਦੋਂ ਅਸੀਂ ਆਪਣੀ ਡੀਊਟੀ ਮਿਹਨਤ ਨਾਲ ਈਮਾਨਦਾਰੀ ਨਾਲ ਕਰਾਂਗੇ, ਜਿਨ੍ਹਾਂ ਨਾਲ ਅਸੀਂ ਰਹਿੰਦੇ ਹਾਂ ਉਨ੍ਹਾਂ ਪ੍ਰਤੀ ਸੱਚੇ ਹੋਵਾਂਗੇ ਫੇਰ ਸਾਰੇ ਅੱਗੇ ਦੇ ਬੰਧਨ ਕੱਟੇ ਜਾਣਗੇ, ਰੁਕਾਵਟਾਂ ਨਹੀਂ ਪੈਣਗੀਆਂ। ਸਾਡਾ ਆਤਮ ਮਾਰਗ ਸੁਹੇਲਾ ਰਹੇਗਾ। ਗਿਆਨ ਦੀ ਅਗਨੀ ਸੁਆਰਥੀ ਕਰਮਾਂ ਦੀ ਭਸਮ ਬਣਾ ਦਿੰਦੀ ਹੈ, ਇਸ ਤਰ੍ਹਾਂ ਨਾਲ ਕਰਮਾਂ ਦਾ ਦੇਣ ਖਤਮ ਹੋ ਜਾਂਦਾ ਹੈ ਜਾਂ ਕਹਿ ਲਵੋ ਚੁਕਤਾ ਹੋ ਜਾਂਦਾ ਹੈ। ਪਿਛਲੇ ਕਰਮਾਂ ਤੋਂ ਮੁਕਤ ਹੋਣ ਲਈ ਸਾਨੂੰ ਇਸ ਤਰ੍ਹਾਂ ਨਾਲ ਕਰਮ ਕਰਨੇ ਚਾਹੀਦੇ ਹਨ ਇਸ ਤਰ੍ਹਾਂ ਨਾਲ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੇ ਕਰਮ ਸਾਡੇ ਸਹਾਇਕ ਹੋ ਸਕਣ। ਸਾਡੇ ਲਈ ਰੁਕਾਵਟ ਨਾ ਬਣਨ, ਸਾਡੇ ਆਤਮ ਮਾਰਗ ਤੇ ਰੋੜੇ ਨਾ ਬੰਨ੍ਹਣ, ਕੰਡੇ ਨਾ ਬੰਨ੍ਹਣ।

ਜਗਿਆਸੂ, ਤੱਤ, ਪ੍ਰਮਾਤਮਾ, ਪ੍ਰਮਾਤਮ ਤਕ ਪਹੁੰਚਣ ਦਾ ਰਾਹ ਤਰੀਕਾ, ਇਹ ਤਿੰਨ ਪਾਸੇ ਹਨ, ਕਰਮ ਕਰਨ ਦੇ ਤਿੰਨ ਪਾਸੇ, ਯੰਤਰ ਕਿਰਿਆ, ਘਟਨਾ ਇਨ੍ਹਾਂ ਤਿੰਨਾਂ ਨੂੰ ਮਿਲ ਕੇ ਹੀ ਕਰਮ ਬਣਦਾ ਹੈ। ਇਹ ਤਿੰਨੋ ਹੀ ਤਿੰਨਾਂ ਗੁਣਾਂ ਅਨੁਸਾਰ ਹੁੰਦੇ ਹਨ - ਸਤੋ ਗੁਣ, ਰਜੋ ਗੁਣ, ਤਮੋ ਗੁਣ। ਵਿਸ਼ਵ ਵਿਚ ਕਰੋੜਾਂ ਪ੍ਰਾਣੀ ਹਨ ਹਰ ਪ੍ਰਾਣੀ ਆਪਣੇ ਆਪ ਵਿਚ ਵਖਰਾ ਹੈ ਉਸ ਵਰਗਾ ਦੂਸਰਾ ਕੋਈ ਨਹੀਂ। ਭਿੰਨਤਾ ਵਿਸ਼ਵ ਦਾ ਨਿਯਮ ਹੈ। ਇਸ ਭਿੰਨਤਾ ਵਿਚ ਉਸ ਦਾ ਨਿਵਾਸ ਹੈ ਉਹ ਇਕ ਵਰਤਦਾ ਹੈ। ਇਹ ਆਪਣੇ ਆਪ ਵਿਚ ਹੀ ਸਤੋ ਗੁਣੀ ਗਿਆਨ ਦਾ ਪਸਾਰਾ ਹੈ। ਭਿੰਨਤਾ ਵਿਚ ਏਕਤਾ ਦਾ ਸਤਿ ਕੇਵਲ ਸਤੋ ਗੁਣ ਕਰਕੇ ਹੀ ਹੈ। ਮਿਸਾਲ ਵਜੋਂ ਸਾਗਰ ਵਿਚ ਅਨੇਕਾਂ ਲਹਿਰਾਂ ਹਨ ਪਰ ਹਰ ਇਕ ਦੂਸਰੇ ਨਾਲੋਂ ਵੱਖਰੀ ਹੈ, ਫਰਕ ਹੈ ਪਰ ਉਨ੍ਹਾਂ ਦਾ ਸਰੋਤ ਤਾਂ ਇਕ ਹੀ ਪਾਣੀ ਹੈ। ਵੱਖ-ਵੱਖ ਲਹਿਰਾਂ ਵਿਚ ਇਕ ਹੀ ਪਾਣੀ ਨੂੰ ਦੇਖਣਾ ਹੀ ਸਤੋਗੁਣੀ ਗਿਆਨ ਹੈ। ਸੋਨੇ ਤੋਂ ਕਈ ਗਹਿਣੇ ਬਣਦੇ ਹਨ, ਪਰ ਵਾਸਤਵ ਵਿਚ ਉਹ ਹੈ ਤਾਂ ਸੋਨਾ ਹੀ। ਵੱਖ-ਵੱਖ ਤਰ੍ਹਾਂ ਨਾਲ ਅਨੇਕਤਾ ਵਿਚ ਏਕਤਾ ਦੇਖਣੀ ਹੈ ਸਤੋ ਗੁਣ ਦਾ ਪਰਵਾਹ ਹੈ।

*'ਆਪੇ ਇਕ ਤੋਂ ਅਨੇਕ ਹੋ ਕੇ*
*ਆਪੇ ਖੇਲੇ ਖੇਲ ਆਪਣਾ।'*

ਜਿਵੇਂ ਗੁਰਬਾਣੀ ਵਿਚ ਕਿਹਾ ਗਿਆ ਹੈ। ਸੰਸਾਰ ਵਿਚ ਬਹੁਤ ਸਾਰੇ ਮਜ਼ਹਬ ਹਨ ਹਿੰਦੂ, ਬੋਧੀ, ਈਸਾਈ, ਜੈਨੀ, ਜੂਡਾ ਤੇ ਹੋਰ ਵੀ ਕਈ ਪਰ ਇਨ੍ਹਾਂ ਸਾਰਿਆਂ ਦੇ ਹੁੰਦਿਆਂ ਵੀ ਉਨ੍ਹਾਂ ਵਿਚ ਏਕਤਾ ਦੀ ਝਲਕ ਹੈ, ਸਾਰੇ ਇਕ ਪ੍ਰਭੂ, ਇਕ ਪ੍ਰਮਾਤਮਾ ਹੀ ਦਰਸਾਉਂਦੇ ਹਨ ਸਾਰਿਆਂ ਦਾ ਮੰਤਵ ਇਕ ਹੈ ਉਹ ਪ੍ਰਮਾਤਮਾ ਇਹ ਸਭ ਕੁਝ ਸਤੋ ਗੁਣੀ ਗਿਆਨ ਕਰਕੇ ਹੀ ਹੈ, ਮਨੁੱਖ ਪਸ਼ੂ, ਪਕਸ਼ੀ, ਕੀੜੇ ਮਕੌੜੇ ਸਾਰੇ ਹੀ ਵੱਖ-ਵੱਖ ਹਨ ਪਰ ਸਾਰਿਆਂ ਵਿਚ ਜਾਨ ਇਕ ਜੀਵਨ ਇਕ ਹੈ ਉਸ ਪ੍ਰਮਾਤਮਾ ਦਾ ਵਾਸ ਹੈ। ਇਹ ਸਭ ਸਤੋ ਗੁਣ ਦਾ ਹੀ ਪਸਾਰਾ ਹੈ।

ਰਜੋ ਗੁਣੀ ਗਿਆਨ ਨਾਲ ਤੁਸੀਂ ਭਿੰਨਤਾ ਦੇਖਦੇ ਹੋ, ਵੱਖ-ਵੱਖ ਦੇਖਦੇ ਹੋ, ਵੱਖ-ਵੱਖ ਆਕਾਰ ਦੇਖਦੇ ਹੋ। ਬਹੁਤ ਕੁਝ ਅਲੱਗ-ਅਲੱਗ, ਵੱਖ-ਵੱਖ ਦੇਖਦੇ ਹੋ ਜਿਸ ਕਾਰਣ ਕਰਕੇ ਤੁਸੀਂ ਭਿੰਨਤਾ ਦੇਖਦੇ ਹੋ, ਵੱਖ-ਵੱਖ ਦੇਖਦੇ ਹੋ ਇਹੋ ਜਿਹੀ ਰੁਚੀ ਇਹੋ ਜਿਹਾ ਸੁਭਾਅ ਰਜੋ ਗੁਣ ਕਰਕੇ ਹੀ ਹੈ। ਇਹੋ ਜਿਹੇ ਸੁਭਾਅ ਰਜੋ ਗੁਣ ਕਰਕੇ ਹੀ ਹੈ। ਇਹੋ ਜਿਹੇ ਸੁਭਾਅ ਲਈ ਏਕਤਾ ਦੇਖਣੀ, ਭਿੰਨਤਾ ਮਿਟਾਉਣੀ, ਭਿੰਨਤਾ ਖਤਮ ਕਰਨ ਲਈ ਯਤਨ ਕਰਨੇ ਅਤਿ ਦੁਖਦਾਈ ਹਨ।

ਤਮੋ ਗੁਣੀ ਗਿਆਨ ਵਾਸਤਵ ਵਿਚ ਕਾਰਣ ਪਰਿਣਾਮ ਦੇ ਰਿਸ਼ਤੇ ਨੂੰ ਅਸਪਸ਼ਟ ਕਰ ਦਿੰਦਾ ਹੈ ਉਸ ਨੂੰ ਜਟਿਲ ਕਰ ਦਿੰਦਾ ਹੈ ਜਿਸ ਨਾਲ ਸਤਿ ਪੂਰੀ ਤਰ੍ਹਾਂ ਨਾਲ ਢਕਿਆ ਜਾਂਦਾ ਹੈ, ਇਹ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਤੁਹਾਡਾ ਮੋਹ ਕਿਸੇ ਚੀਜ਼ ਦੇ ਇਕ ਹਿੱਸੇ ਨਾਲ ਹੋਵੇ, ਤੁਸੀਂ ਉਸ ਮੋਹ ਵਿਚ ਐਨੇ ਫਸੇ ਪਏ ਹੋ ਕਿ ਤੁਹਾਨੂੰ ਪੂਰੀ ਉਹ ਵਸਤੂ ਦਿਸ ਹੀ ਨਹੀਂ ਰਹੀ ਤੁਸੀਂ ਦੇਖ ਹੀ ਨਹੀਂ ਰਹੇ। ਅਗਿਆਨ ਦੇ ਕਾਰਣ ਤੁਸੀਂ ਪੂਰੀ ਤਰ੍ਹਾਂ ਨਾਲ ਪਰੇਸ਼ਾਨ ਹੋ ਜਾਂਦੇ ਹੋ ਕਾਰਣ ਤੇ ਪਰੀਣਾਮ ਨੂੰ ਦੇਖ ਹੀ ਨਹੀਂ ਸਕਦੇ, ਤਮੋ ਗੁਣੀ ਗਿਆਨ ਅਸ਼ੁੱਧ ਗਿਆਨ ਹੈ, ਅਗਿਆਨ ਹੈ, ਅਸ਼ੁੱਧ ਵਿਚਾਰ ਹਨ ਗਿਆਨ ਪ੍ਰਕਾਸ਼ ਤੋਂ ਬਿਲਕੁਲ ਵਿਪਰੀਤ ਹਨ। ਤਮੋ ਗੁਣੀ ਗਿਆਨ ਦਾ ਇਹ ਹੀ ਸਭ ਤੋਂ ਵੱਡਾ ਨੁਕਸਾਨ ਹੈ। ਤਮੋ ਗੁਣੀ ਗਿਆਨ ਰੱਖਣ ਵਾਲੇ ਇਕ ਹਿੱਸੇ ਨੂੰ ਸੰਪੂਰਨ ਸਮਝ ਬੈਠਦੇ ਹਨ ਉਸੇ ਨਾਲ ਹੀ ਬੰਨ੍ਹੇ ਜਾਂਦੇ ਹਨ, ਉਸੇ ਨੂੰ ਪੂਰਣ ਸਮਝਣ ਲਗ ਪੈਂਦੇ ਹਨ। ਇਥੋਂ ਤਕ ਕਿ ਉਹ ਪੂਰਣ ਨੂੰ ਤਬਾਹ ਹੀ ਕਰ ਦਿੰਦੇ ਹਨ

ਇਹ ਗਿਆਨ ਬਰਬਾਦੀ ਵਲ ਲੈ ਜਾਂਦਾ ਹੈ, ਮੋਹ ਵਲ ਲੈ ਜਾਂਦਾ ਹੈ।

ਕੇਵਲ ਸਤੋ ਗੁਣੀ ਗਿਆਨ ਹੀ ਅਨੇਕਤਾ ਵਿਚ ਏਕਤਾ ਨੂੰ ਦੇਖਦਾ ਹੈ, ਜਦੋਂ ਕਿ ਤਮੋ ਗੁਣੀ ਗਿਆਨ ਏਕਤਾ ਵਿਚ ਵੀ ਅਨੇਕਤਾ ਹੀ ਦੇਖਦਾ ਹੈ। ਸਤੋ ਗੁਣੀ ਗਿਆਨ ਤੁਹਾਨੂੰ ਮੁਕਤ ਹੋਣ ਦੇ ਕਰਮ ਕਰਨ ਲਈ ਉਤਸਾਹਿਤ ਕਰਦਾ ਹੈ ਜਦੋਂ ਕਿ ਤਮੋ ਗੁਣੀ ਗਿਆਨ ਆਤਮ ਅਧੋਗਤੀ, ਅਪਮਾਨ ਕਰਮ ਕਰਨ ਲਈ ਉਤਸਾਹਿਤ ਕਰਦਾ ਹੈ। ਜਿਹੜੇ ਕਰਮ ਨਿਰਸੁਆਰਥ ਹੋ ਕੇ ਕੀਤੇ ਜਾਣ, ਮੋਹ ਤੋਂ ਮੁਕਤ ਹੋ ਕੇ ਕੀਤੇ ਜਾਣ, ਲਾਲਚ ਤੋਂ ਬਿਨਾਂ ਕੀਤੇ ਜਾਣ, ਇੱਛਾ ਰਹਿਤ ਹੋ ਕੇ ਕੀਤੇ ਜਾਣ, ਨਫਰਤ ਤੋਂ ਪਰ੍ਹੇ ਹੋ ਕੇ ਕੀਤੇ ਜਾਣ, ਫਲ ਦੀ ਇੱਛਾ ਤੋਂ ਬਿਨਾਂ ਕੀਤੇ ਜਾਣ ਉਹ ਹੀ ਸਤੋ ਗੁਣੀ ਗਿਆਨ ਹਨ, ਸਤੋ ਗੁਣੀ ਕਰਮ ਹਨ। ਚੇਸ਼ਟਾ, ਲੋਭ, ਦ੍ਵੈਸ਼, ਘ੍ਰਿਣਾ, ਮਨ ਨੂੰ ਦਵੰਦ ਵਿਚ ਪਾ ਦਿੰਦੇ ਹਨ ਤੇ ਖੁਸ਼ੀ, ਪ੍ਰਸੰਨਤਾ ਆਤਮ ਸੁਖ ਵਿਚ ਲੈ ਜਾਂਦੀ ਹੈ, ਆਤਮ ਭੋਗ ਵਿਲਾਸ ਵਿਚ ਲੈ ਜਾਂਦੀ ਹੈ। ਇਨ੍ਹਾਂ ਸਭ ਕੁਝ ਨਾਲ ਮਨ ਅਤਿ ਉਤੇਜਿਤ ਹੁੰਦਾ ਹੈ। ਜੇ ਤੁਸੀਂ ਮਨ ਸ਼ਾਂਤ ਰੱਖਣਾ ਹੈ ਤਾਂ ਇਨ੍ਹਾਂ ਸਭ ਨੂੰ ਤਿਆਗੋ, ਤਿਆਗ ਕਰਨ ਨਾਲ ਸ਼ਾਂਤੀ ਪ੍ਰਾਪਤ ਹੋਵੇਗੀ।

ਜੋ ਕਰਮ ਜੋ ਕਾਰਜ ਸ਼ਾਂਤ ਮਨ ਨਾਲ ਕੀਤੇ ਜਾਂਦੇ ਹਨ ਉਹ ਹੀ ਸਾਤਵਕ ਕਰਮ ਹੁੰਦੇ ਹਨ, ਉਹ ਕਰਮ ਜਿਹੜੇ ਸੁਆਰਥ ਲਈ ਕੀਤੇ ਜਾਂਦੇ ਹਨ ਜਿਸ ਦਾ ਫਲ ਆਪਣੇ ਸੁਆਰਥ ਲਈ ਭੋਗਿਆ ਜਾਂਦਾ ਹੈ, ਵਰਤਿਆ ਜਾਂਦਾ ਹੈ, ਕੇਵਲ ਆਪਣੀ ਮੌਜ ਮਸਤੀ ਲਈ ਕੀਤਾ ਜਾਂਦਾ ਹੈ ਜਿਸ ਕਰਮ ਨੂੰ ਕਰਨ ਦੀ ਕੀਮਤ, ਮਿਹਨਤ ਉਪਰਾਲਾ ਦੇਖਿਆ ਹੀ ਨਹੀਂ ਜਾਂਦਾ, ਮਹਿਸੂਸ ਹੀ ਨਹੀਂ ਕੀਤਾ ਜਾਂਦਾ ਜਿਸਨੂੰ ਪੂਰੇ-ਪੂਰੇ ਵਿਸ਼ਵਾਸ਼ ਨਾਲ ਆਪਣੀ ਸਮਰੱਥਾ ਤੇ ਭਰੋਸਾ ਰੱਖ ਕੇ ਕੀਤਾ ਜਾਂਦਾ ਹੈ ਉਹ ਰਾਜਸਿਕ ਕਰਮ ਹੈ। ਸਾਤਵਿਕ ਕਰਮ ਕਿਸੇ ਅਹੰਕਾਰ ਹਉਮੈ ਤੋਂ ਬਿਨਾਂ ਕੀਤੇ ਜਾਂਦੇ ਹਨ, ਫਲ ਨੂੰ ਮਾਨਣ ਦੀ ਇੱਛਾ ਤੋਂ ਰਹਿਤ ਕੀਤੇ ਜਾਂਦੇ ਹਨ। ਮੋਹ ਰਹਿਤ, ਘ੍ਰਿਣਾ ਰਹਿਤ, ਲਾਲਸਾ ਰਹਿਤ ਕੀਤੇ ਜਾਂਦੇ ਹਨ। ਰਾਜਸਿਕ ਕਰਮ ਸਾਰੇ ਨਖੇਦੀ ਦੇ ਗੁਣ ਨਾਲ ਕੀਤੇ ਜਾਂਦੇ ਹਨ। ਨਿਰਸੁਆਰਥ ਹੋ ਕੇ ਕੀਤੇ ਕਰਮ, ਕੀਤੇ ਕਰਮ ਦੇ ਫਲ ਭੋਗਣ ਦੀ ਇੱਛਾ ਨਾ ਰੱਖਣੀ ਹੀ ਸਭ ਤੋਂ ਵੱਧ ਖੁਸ਼ੀ ਦੇ ਸਕਦੇ ਹਨ। ਰਾਜਸਿਕ ਕਰਮ ਵਧੇਰੇ ਸੰਤਾਪ ਦਾ ਕਾਰਣ ਬਣਦੇ ਹਨ। ਤਾਮਸਿਕ ਕਰਮ ਕਰਨ ਨਾਲ ਅਧੋਗਤੀ ਹੁੰਦੀ ਹੈ ਅਪਮਾਨ ਹੁੰਦਾ ਹੈ। ਇਹ ਬਿਨ ਸੋਚੇ ਸਮਝੇ ਹੁੰਦਾ ਹੈ, ਇਹ ਸੋਚਿਆ ਹੀ ਨਹੀਂ ਜਾਂਦਾ ਇਸ ਨਾਲ ਕਿੰਨੀ ਹਾਨੀ ਹੋਵੇਗੀ, ਨੁਕਸਾਨ ਹੋਵੇਗਾ ਕਿੰਨਾ ਦੁੱਖ ਹੋਵੇਗਾ, ਕਿੰਨੀ ਸੱਟ ਲੱਗੇਗੀ। ਇਸੇ ਕਰਕੇ ਤੁਹਾਨੂੰ ਆਪਣੇ ਆਪ ਦਾ ਧਿਆਨ ਰੱਖਣਾ ਚਾਹੀਦਾ ਹੈ, ਚੌਕਸ ਰਹਿਣਾ ਚਾਹੀਦਾ ਹੈ ਤਾਂ ਜੋ ਤੁਸੀਂ ਕੋਈ ਤਾਮਸਿਕ ਕਰਮ ਨਾ ਕਰੋ।

ਜੋ ਵੀ ਕਰਮ ਤੁਸੀਂ ਕਰਦੇ ਹੋ ਉਹ ਤੁਹਾਡੇ ਸੁਭਾਅ ਦੇ ਅਨੁਸਾਰ, ਰੁਚੀ ਦੇ ਅਨੁਸਾਰ ਹੀ ਹੁੰਦੇ ਹਨ। ਜਿਹੜਾ ਮਨੁੱਖ ਸਥਿਰ ਰਹਿ ਕੇ, ਸਥਿਰ ਮਨ ਨਾਲ, ਸ਼ਾਂਤ ਮਨ ਨਾਲ ਕਰਮ ਕਰਦਾ ਹੈ, ਡੀਊਟੀ ਕਰਦਾ ਹੈ ਉਹ ਇਕ ਸੰਤੁਲਿਤ ਮਨੁੱਖ ਹੈ। ਜਿਸਨੂੰ ਸਫਲਤਾ ਪ੍ਰਭਾਵਿਤ ਨਹੀਂ ਕਰਦੀ, ਅਭਿਮਾਨ ਨਹੀਂ ਦਿੰਦੀ, ਅਸਫਲਤਾ, ਨਿਰਾਸ ਨਹੀਂ ਕਰਦੀ ਉਹ ਮਨੁੱਖ ਸਾਤਵਿਕ ਹੈ। ਇਹੋ ਜਿਹਾ ਮਨੁੱਖ ਸਾਹਸੀ ਹੈ। ਉਸਨੂੰ ਜਿੱਤ ਹਾਰ, ਸਫਲਤਾ ਅਸਫਲਤਾ ਦੀ ਕੋਈ ਚਿੰਤਾ ਹੀ ਨਹੀਂ। ਸਫਲਤਾ ਨਾਲ ਉਹ ਫੁਲਦਾ ਨਹੀਂ, ਅਸਫਲਤਾ ਨਾਲ ਢਹਿ ਢੇਰੀ ਨਹੀਂ ਹੁੰਦਾ।

ਰਾਜਸਿਕ ਸੁਭਾਅ ਦੇ ਮਨੁੱਖ ਦੀ ਵਿਸ਼ੇਸ਼ਤਾ ਹੈ ਕਿ ਉਹ ਭੋਗੀ ਹੈ, ਭੋਗ ਵਿਲਾਸ ਉਸ ਦਾ ਸੁਭਾਅ ਹੈ ਉਸਨੂੰ ਚੰਗਾ ਲਗਦਾ ਹੈ ਉਹ ਉਸ ਵਿਚ ਸੁਖ ਮਹਿਸੂਸ ਕਰਦਾ ਹੈ। ਮੌਜ ਮਸਤੀ ਕਰਨੀ ਉਸ ਦੀ ਪ੍ਰਬਲ ਇੱਛਾ ਹੈ। ਉਸ ਦੇ ਸਾਰੇ ਕਰਮਾਂ ਦੇ ਹੇਠਾਂ ਸਾਰੇ ਕੰਮ ਕਰਨ ਦੇ ਹੇਠਾਂ ਉਸ ਦੀ ਭੋਗ ਬਿਲਾਸ ਦੀ ਇੱਛਾ ਹੀ ਦਬੀ ਪਈ ਹੈ। ਉਹ ਆਪਣੇ ਕਰਮਾਂ ਦੇ ਫਲ ਤੋਂ ਹੀ ਸੁਖ ਸੁਆਦ ਮਾਨਣ ਦੀ ਸੋਚਦਾ ਹੈ। ਜਿਹੜਾ ਸੁਖ ਮਾਨਣ ਦਾ ਮੋਹ ਰਖੇਗਾ ਉਹ ਲਾਲਚੀ ਹੀ ਹੋਵੇਗਾ। ਜਦੋਂ ਥੋੜ੍ਹਾ ਜਿਹਾ ਸੁਖ ਮਿਲਦਾ ਹੈ ਕਿਸੇ ਚੀਜ਼ ਦਾ ਥੋੜ੍ਹਾ ਜਿਹਾ ਸੁਆਦ ਆਉਂਦਾ ਹੈ ਉਹ ਫੇਰ ਹੋਰ ਮੌਜ ਮਸਤੀ ਲੋਚਦਾ ਹੈ ਹੋਰ ਸੁਖ ਦੇ ਪਿੱਛੇ ਦੌੜਦਾ ਹੈ, ਜਦੋਂ ਹੋਰ ਸੁਖ ਪ੍ਰਾਪਤ ਨਹੀਂ ਹੁੰਦਾ ਫੇਰ ਉਹ ਦੁਖੀ ਹੁੰਦਾ ਹੈ, ਐਨਾ ਦੁਖੀ ਕਿ ਪੁੱਛੋ ਹੀ ਨਾ। ਕਦੀ ਬਹੁਤ ਖੁਸ਼ ਜਦੋਂ ਸੁਖੀ ਉਦੋਂ ਖੁਸ਼, ਜਦੋਂ ਦੁਖੀ ਉਦੋਂ ਗਮ ਉਹ ਇਨ੍ਹਾਂ ਦੋਨੋਂ ਅਵਸਥਾ ਵਿਚ ਗੇੜੇ ਖਾਂਦਾ ਰਹਿੰਦਾ ਹੈ। ਇਸ ਕਾਰਣ ਉਹ ਹਰ ਵੇਲੇ ਤੜਫਦਾ ਰਹਿੰਦਾ ਹੈ ਉਤੇਜਿਤ ਰਹਿੰਦਾ ਹੈ ਇਹੋ ਜਿਹੇ ਮਨੁੱਖ ਲਈ ਸੁਖੀ ਹੋਣਾ ਮੌਜ ਮਸਤੀ ਕਰਨੀ ਔਖੀ ਹੋ ਜਾਂਦੀ ਹੈ। ਇਕ ਘੜੀ ਵਿਚ ਹੀ ਉਹ ਹਿੰਸਕ ਹੋ ਸਕਦਾ ਹੈ, ਵਿਸ਼ੇਸ਼ ਕਰਕੇ ਜੇ ਉਸ ਦੀ ਮੌਜ ਮਸਤੀ ਵਿਚ ਕੋਈ ਰੋੜਾ ਬਣੇ ਫੇਰ ਤਾਂ ਉਹ ਦੂਸਰੇ ਨੂੰ ਖਤਮ ਵੀ ਕਰ ਸਕਦਾ ਹੈ। ਇਸ ਤਰ੍ਹਾਂ ਨਾਲ ਰਾਜਸਿਕ ਸੁਭਾਅ ਵਾਲੇ ਵਿਚ ਘ੍ਰਿਣਾ ਤੇ ਹਿੰਸਾ ਵੱਧ ਸਕਦੀ ਹੈ। ਹਿੰਸਾ ਸਦਾ ਹੀ ਮਲੀਨ ਮਨ, ਮਲੀਨ ਸਰੀਰ ਤੋਂ ਹੀ ਨਿਕਲਦੀ ਹੈ। ਜਿਸ ਸਰੀਰ, ਜਿਸ ਮਨ ਵਿਚ ਸੁਖ, ਮੌਜ, ਲਾਲਚ ਹਿੰਸਾ ਦਾ ਵਾਸਾ ਹੋਵੇ ਉਸ ਸਰੀਰ ਉਸ ਮਨ ਵਿਚ, ਉਸ ਸਰੀਰ ਦੀ ਬੋਲੀ ਵਿਚ ਸ਼ਾਂਤੀ, ਅਚੰਚਲਤਾ ਦਾ ਹੋਣਾ ਅਸੰਭਵ ਹੈ।

ਤਾਮਸਿਕ ਸੁਭਾਅ ਦੀਆਂ ਵਿਸ਼ੇਸਤਾ ਹੈ ਅਗਿਆਨ ਵਹਿਮ ਭਰਮ, ਇਸ ਸੁਭਾਅ ਵਾਲੇ ਕੋਲ ਤਾਂ ਕੋਈ ਸੰਮ੍ਰਿਧੀ ਹੀ ਨਹੀਂ, ਕੋਈ ਸੰਪੰਨਤਾ ਹੀ ਨਹੀਂ ਕਿ ਉਹ ਕੁਝ ਵੀ ਜੁਗਤੀ ਪੂਰਵਕ ਕਰ ਸਕੇ। ਤਾਮਸਿਕ ਸੁਭਾਅ ਵਾਲਾ ਚੰਗੇ ਸੁਥਰੇ ਚਾਲ ਚਲਣ ਚੰਗੇ ਵਤੀਰੇ ਤੋਂ ਵੱਡਾ ਹੀ ਹੁੰਦਾ ਹੈ, ਇਹ ਉਸ ਦੇ ਅਗਿਆਨ ਦੇ ਕਾਰਣ ਹੈ। ਇਕ ਚੰਗੇ ਸੁਥਰੇ ਚਾਲ ਚਲਣ ਵਾਲਾ ਮਨੁੱਖ ਹੀ ਇਕ ਚੰਗਾ ਮਨੁੱਖ ਬਣ ਸਕਦਾ ਹੈ, ਚੁੰਗਾ ਇਨਸਾਨ ਬਣ ਸਕਦਾ ਹੈ। ਤਾਮਸਿਕ ਸੁਭਾਅ ਵਾਲਾ ਤਾਂ ਸਤਿ ਗਿਆਨ ਤੋਂ ਖਾਲੀ ਹੈ ਉਸ ਤੋਂ ਵਾਂਝਾ ਹੈ। ਉਹ ਤਾਂ ਵਹਿਮਾ ਦਾ ਭਰਿਆ ਹੋਇਆ ਹੈ, ਭਰਮਾਂ ਨਾਲ ਭਰਪੂਰ ਹੈ ਉਹ ਤਾਂ ਗਿਆਨ ਗੋਸ਼ਟੀ ਕਰ ਹੀ ਨਹੀਂ ਸਕਦਾ। ਨਾ ਹੀ ਉਹ ਕੋਈ ਵੀ ਕੰਮ ਜੁਗਤੀ ਨਾਲ ਕਰ ਸਕਦਾ ਹੈ, ਨਾ ਹੀ ਉਹ ਚੰਗੇ ਵਿਚਾਰ ਵਰਧਨ ਕਰ ਸਕਦਾ ਹੈ। ਉਹ ਤਾਂ ਸੁਸਤ ਰਹਿੰਦਾ ਹੈ, ਮੂਰਖ ਰਹਿੰਦਾ ਹੈ, ਭਾਵੇਂ ਕੁਝ ਵੀ ਹੋ ਜਾਏ। ਜੇ ਕੋਈ ਪ੍ਰੇਰਨਾ ਨਾ ਹੋਵੇ ਤਾਂ ਕੋਈ ਆਤਮ ਉਨਤੀ ਨਹੀਂ ਹੋ ਸਕਦੀ, ਨਾ ਕਰਮ ਵਿਚ, ਨਾ ਕੰਮ ਵਿਚ, ਨਾ ਹੀ ਕਰਤਵ ਵਿਚ। ਜਦੋਂ ਤੁਸੀਂ ਆਪਣੇ ਕਰਮ ਕਰਕੇ, ਡੀਊਟੀ ਕਰਕੇ, ਜਤਨ ਕਰਕੇ ਪ੍ਰਫੁੱਲਤ ਨਹੀਂ ਹੁੰਦੇ, ਅੱਗੇ ਨਹੀਂ ਵਧਦੇ, ਇਹ ਹਾਲਤ ਵਿਚ ਮਨ ਕੁਟਿਲਤਾ ਵਲ ਤੁਰ ਪੈਂਦਾ ਹੈ, ਤਾਮਸਿਕ ਹੋ ਜਾਂਦਾ ਹੈ, ਆਪਣੀ ਅਸਫਲਤਾ ਤੇ ਦੁਖੀ ਹੋਣ ਲਗ ਪੈਂਦਾ ਹੈ ਇਹੋ ਜਿਹਾ ਮਨੁੱਖ ਦੂਸਰਿਆਂ ਨੂੰ ਘ੍ਰਿਣਾ ਕਰਨ ਲਗ ਪੈਂਦਾ ਹੈ, ਦੂਸਰਿਆਂ ਦੀ ਸਫਲਤਾ ਉਸ ਨੂੰ ਕਦੀ ਵੀ ਚੰਗੀ ਨਹੀਂ ਲਗਦੀ, ਉਹ ਸਦਾ ਹੀ ਉਦਾਸ ਰਹਿੰਦਾ ਹੈ, ਅੰਧਕਾਰ ਪੂਰਣ ਨਫਰਤ ਭਰਪੂਰ ਰਹਿੰਦਾ ਹੈ।

ਮਨ ਦੇ ਵੱਖ-ਵੱਖ ਕਾਰਜਾਂ ਵਿਚੋਂ ਬੁੱਧੀ ਉਚਤਮ ਹੈ, ਬੁੱਧੀ ਹੀ ਨਿਸਚਿਤ ਕਰਦੀ ਹੈ, ਭੇਦ ਭਾਵ ਦਸਦੀ ਹੈ, ਬੁੱਧੀ ਹੀ ਨਿਰਣਾ ਕਰਦੀ ਹੈ, ਬੁੱਧੀ ਵੀ ਤਿੰਨ ਵੱਖ-ਵੱਖ ਵਰਗ ਹਨ - ਸਾਤਵਿਕ, ਰਾਜਸਿਕ, ਤਾਮਸਿਕ। ਸਾਤਵਿਕ ਬੁੱਧੀ ਠੀਕ ਮਾਰਗ ਦਰਸਾ ਕੇ ਮਾਰਗ ਦਰਸ਼ਨ ਕਰਦੀ ਹੈ, ਦਸਦੀ ਹੈ ਕੀ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ। ਕਿਹੜੀ ਚੀਜ਼ ਬੰਧਨ ਹੈ ਕਿਹੜੀ ਬੰਧਨ ਨਹੀਂ ਹੈ। ਰਾਜਸਿਕ ਬੁੱਧੀ ਸੁਆਰਥੀ ਪ੍ਰੇਰਨਾ ਦਿੰਦੀ ਹੈ, ਸਦਾ ਭੋਗ ਬਿਲਾਸ ਵਿਚ ਲੱਗੀ ਰਹਿੰਦੀ ਹੈ। ਤਾਮਸਿਕ ਬੁੱਧੀ ਭੇਦ ਭਾਵ ਨਹੀਂ ਕਰ ਸਕਦੀ, ਕੀ ਡੀਊਟੀ ਹੈ, ਕੀ ਨਹੀਂ, ਕੀ ਬੰਧਨ ਹੈ ਕੀ ਮੁਕਤ ਹੈ ਕੀ ਸੁਤੰਤਰਤਾ ਹੈ ਕੀ ਨਿਰਭਰਤਾ ਹੈ, ਉਹ ਸਦਾ ਗਲਤ ਹੀ ਦੱਸੇਗੀ। ਇਸ ਤਰ੍ਹਾਂ ਨਾਲ ਜਗਿਆਸੂ ਭਰਮਤ ਹੋ ਜਾਂਦਾ ਹੈ, ਪਤਿਤ ਹੋ ਜਾਂਦਾ ਹੈ ਅੜੀਅਲ ਹੋ ਜਾਂਦਾ ਹੈ, ਸਭ ਕੁਝ ਉਸ ਨੂੰ ਗਲਤ ਹੀ ਦਿਖਦਾ ਹੈ। ਤਾਮਸਿਕ ਬੁੱਧੀ ਵਾਲਾ ਨਿਰਣੇ ਨਹੀਂ ਕਰ ਸਕਦਾ, ਕੀ ਕਰਨਾ ਹੈ ਕੀ ਨਹੀਂ।

ਪ੍ਰਸੰਨਤਾ, ਸੁਖ ਵੀ ਤਿੰਨ ਪ੍ਰਕਾਰ ਦਾ ਹੈ - ਸਾਤਵਿਕ, ਰਾਜਸਿਕ ਤੇ ਤਾਮਸਿਕ। ਪਹਿਲੇ ਪਹਿਲ ਸਾਤਵਿਕ ਸੁਖ ਬਹੁਤ ਦੁਖਦਾਈ ਲਗਦਾ ਹੈ ਪਰ ਉਸ ਦੇ ਪ੍ਰਣਾਮ ਅੰਤ ਵਿਚ ਅਤਿ ਲਾਭਦਾਇਕ ਹੁੰਦੇ ਹਨ। ਉਨ੍ਹਾਂ ਨਾਲ ਮਨ ਦੀ ਸ਼ਾਂਤ ਮਨ ਦੀ ਅਚੰਚਲਤਾ ਆਉਂਦੀ ਹੈ, ਗਿਆਨ ਹੁੰਦਾ ਹੈ ਤਪ ਹੁੰਦਾ ਹੈ, ਇੰਦ੍ਰੀਆਂ ਤੇ ਕਾਬੂ ਹੋ ਕੇ ਅਤੇ ਆਤਮ ਸ਼ੁੱਧੀ ਹੁੰਦੀ ਹੈ ਸਾਤਵਿਕ ਪ੍ਰਸੰਨਤਾ ਹਰ ਥਾਂ ਮਿਲਦੀ ਹੈ, ਹਰ ਥਾਂ ਤੇ ਮਿਲਦੀ ਹੈ ਹਰ ਹਾਲਤ ਵਿਚ ਮਿਲਦੀ ਹੈ, ਮਨ ਦੇ ਕੰਟਰੋਲ ਵਿਚ, ਆਤਮ ਸਿੱਧੀ ਵਿਚ, ਨਿਸ਼ਕਾਮ ਕਰਮ ਕਰਨ ਵਿਚ ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਨਾਲ ਪ੍ਰਮਾਤਮਾ ਦੀ ਭਗਤੀ ਕਰਨ ਨਾਲ। ਰਾਜਸਿਕ ਸੁਖ ਇੰਦ੍ਰੀਆਂ ਦੇ ਭੋਗ ਨਾਲ ਹੈ, ਇਹ ਤਾਂ ਛਿਨ ਭੰਗਰ ਦਾ ਹੀ ਹੈ ਜਿਵੇਂ ਉਹ ਘੜੀ ਪਲ ਖਤਮ ਹੋਇਆ, ਉਸ ਤਰ੍ਹਾਂ ਹੀ ਉਹ ਸੁਖ ਦਾ ਅਭਾਸ ਵੀ ਖਤਮ। ਰਾਜਸਿਕ ਸੁਭਾਅ ਦਾ ਮਨੁੱਖ ਤਾਂ ਸੁਖ ਦੀ ਭਾਲ, ਸੁਖ ਦੀ ਢੂੰਡ ਵਿਚ ਉਸ ਦੇ ਜਤਨ ਵਿਚ ਹੀ ਸੁਖ ਮਹਿਸੂਸ ਕਰਦਾ ਹੈ, ਰਾਜਸਿਕ ਸੁਖ ਦਾ ਅੰਤ ਦੁਖਦਾਈ ਹੈ। ਤਾਮਸਿਕ ਸੁਖ ਉਹ ਦੁਖ ਹੈ ਜਿਹੜਾ ਸੰਤਾਪ ਪੈਦਾ ਕਰਦਾ ਹੈ, ਇਸ ਨਾਲ ਨੀਂਦ ਵਿਚ ਵਾਧਾ ਹੁੰਦਾ ਹੈ, ਸੁਸਤੀ ਆਉਂਦੀ ਹੈ, ਤੁਸੀਂ ਗਤਿਹੀਨ ਹੁੰਦੇ ਹੋ। ਤਾਮਸਿਕ ਸੁਭਾਅ ਦਾ ਮਨੁੱਖ ਕੁਝ ਵੀ ਨਹੀਂ ਕਰਨਾ ਚਾਹੁੰਦਾ, ਉਸ ਨੂੰ ਤਾਂ ਸੁਸਤੀ ਵਿਚ ਹੀ ਅਨੰਦ ਹੈ।

ਜੋ ਵੀ ਤੁਸੀਂ ਸੰਸਾਰ ਵਿਚ ਦੇਖਦੇ ਹੋ ਉਸ ਵਿਚ ਇਹ ਤਿੰਨ ਗੁਣਾਂ ਵਿਚੋਂ ਇਕ ਹੈ। ਸਾਤਵਿਕ, ਰਾਜਸਿਕ, ਤਾਮਸਿਕ ਸਾਰਾ ਸੰਸਾਰ ਹੀ ਇਨ੍ਹਾਂ ਤਿੰਨਾਂ ਗੁਣਾਂ ਦੀ ਖੇਡ ਹੈ। ਇਹ ਤਿੰਨ ਗੁਣ ਸਾਡੇ ਸੰਸਕਾਰਾਂ ਵਿਚ ਵੀ ਹਨ, ਬੜੇ ਹੀ ਸੂਖਮ ਢੰਗ ਨਾਲ ਇਹ ਸਾਡੇ ਸੰਸਕਾਰ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਨਾਲ ਸਾਡਾ ਜੀਵਨ ਦਾ ਮਾਰਗ ਬਣਦਾ ਹੈ। ਜੇ ਕੋਈ ਆਪਣਾ ਸੁਭਾਅ ਜਾਨਣਾ ਚਾਹੁੰਦਾ ਹੈਂ ਉਹ ਆਪਣੇ ਮਨ ਦੇ ਗੁਣ ਦੇਖ ਕੇ ਜਾਣ ਸਕਦਾ ਹੈ। ਜੇ ਤੁਸੀਂ ਆਪਣੇ ਆਪ ਨੂੰ ਨਿਰਪੱਖ ਹੋ ਕੇ ਦੇਖੋਗੇ, ਤੁਸੀਂ ਜਾਣ ਜਾਓਗੇ ਕਿ ਤੁਹਾਡੇ ਸੁਭਾਅ ਸਾਤਵਿਕ ਹੈ, ਰਾਜਸਿਕ ਹੈ ਜਾਂ ਫੇਰ ਤਾਮਸਿਕ ਫੇਰ ਤੁਸੀਂ ਆਪਣਾ ਭਵਿੱਖ ਵੀ ਉਸੇ ਤਰ੍ਹਾਂ ਲੀਕ ਸਕਦੇ ਹੋ, ਇਸ ਤੋਂ ਇਹ ਵੀ ਪਤਾ ਲਗ ਜਾਏਗਾ ਕਿ ਤੁਸੀਂ ਆਤਮ ਮਾਰਗ ਦੇ ਕਿਹੜੀ ਪੌੜੀ ਤੇ ਖੜ੍ਹੇ ਹੋ।

ਚੌਰਾਸੀ ਦੇ ਗੇੜ ਤੋਂ ਛੁਟਣ ਲਈ ਕਰਮਾਂ ਦੇ ਬੰਧਨ ਤੋਂ ਛੁਟਕਾਰਾ ਪਾਉਣ ਲਈ ਤੁਹਾਨੂੰ ਆਪਣੀ ਡੀਊਟੀ ਆਪਣੇ ਫਰਜ਼ ਪੂਰੀ ਮਿਹਨਤ ਨਾਲ ਪੂਰਾ ਮਨ ਲਗਾ ਕੇ

ਕਰਨੇ ਚਾਹੀਦੇ ਹਨ, ਮਨੁੱਖ ਉਦੋਂ ਹੀ ਪ੍ਰਸਿੱਧੀ ਪ੍ਰਾਪਤ ਕਰ ਸਕਦਾ ਹੈ, ਸ਼੍ਰੇਸਟਾ ਨੂੰ ਪ੍ਰਾਪਤ ਹੋ ਸਕਦਾ ਹੈ, ਪੂਰਨ ਹੋ ਸਕਦਾ ਹੈ ਜਦੋਂ ਉਹ ਆਪਣੀ ਡੀਊਟੀ, ਆਪਣਾ ਕਾਰਜ ਪੂਰੀ ਸ਼ਰਧਾ ਨਾਲ ਕਰਦਾ ਹੈ, ਪੂਰੀ ਤਰ੍ਹਾਂ ਨਾਲ ਕਰਦਾ ਹੈ, ਜੇ ਉਹ ਆਪਣੀ ਡੀਊਟੀ ਛੱਡ ਕੇ ਹੋਰ ਕੁਝ ਵੀ ਕਰੇ ਉਹ ਉਨਤੀ ਨਹੀਂ ਕਰ ਸਕਦਾ। ਪ੍ਰਸ਼ਨ ਉਠਦਾ ਹੈ ਉਸ ਦੀ ਡੀਊਟੀ ਹੈ ਕੀ?

ਤੁਹਾਡੀ ਡੀਊਟੀ ਤੁਹਾਡੇ ਸੰਸਕਾਰਾਂ ਤੋਂ ਤੁਹਾਡੇ ਗੁਣਾਂ ਤੋਂ ਨਿਸ਼ਚਿਤ ਹੁੰਦੀ ਹੈ ਜਿਵੇਂ ਕਿ ਜੇ ਤੁਹਾਡੇ ਸਾਤਵਿਕ ਗੁਣ ਹਨ ਉਹ ਕਿਸੇ ਕਾਰਣ ਕਰਕੇ ਦਬੇ ਹੋਏ ਹਨ ਤੁਹਾਨੂੰ ਸਥਿਰ ਰਹਿਣ ਦਾ, ਇੰਦ੍ਰੀਆਂ ਨੂੰ ਕਾਬੂ ਕਰਨ ਦਾ ਅਭਿਆਸ ਕਰਨਾ ਚਾਹੀਦਾ ਹੈ। ਜੇ ਤੁਸੀਂ ਸਾਤਵਿਕ ਸੁਭਾਅ ਦੇ ਹੋ ਪਰ ਰਾਜਸਿਕ ਗੁਣ ਹਨ ਤਾਂ ਤੁਹਾਡੀ ਡੀਊਟੀ ਕਰਮ ਕਰਨ ਦੀ ਹੋਣੀ ਚਾਹੀਦੀ ਹੈ, ਮੈਡੀਟੇਸ਼ਨ ਕਰਮ ਕਰਨ ਰਾਹੀਂ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਕੇ ਤੁਸੀਂ ਡੀਊਟੀ ਕਰਨ ਵਿਚ ਸਫਲ ਹੋ ਸਕਦੇ ਹੋ, ਜੇ ਤੁਸੀਂ ਆਪਣੇ ਗੁਣ ਤੇ ਸੰਸਕਾਰ ਜਾਣ ਲਵੋਂ।

ਕਰਮ ਤਾਂ ਹਨ ਹੀ ਕਰਮਾਂ ਤੋਂ ਬਚਿਆ ਨਹੀਂ ਜਾ ਸਕਦਾ ਕੰਮ ਹੀ ਪੂਜਾ ਹੈ, ਕੰਮ ਹੀ ਉਪਾਸਨਾ ਹੈ ਉਸ ਇਕ ਦੀ ਉਪਾਸਨਾ ਕਰਕੇ ਉਸ ਇਕ ਦੀ ਆਰਾਧਨਾ ਕਰਕੇ ਜਿਸ ਤੋਂ ਸਭ ਜਗ ਉਪਜਿਆ ਹੈ ਜੋ ਸਾਰੇ ਜਗ ਵਿਚ ਪਰੀਪੂਰਨ ਹੈ ਮਨੁੱਖ ਵੀ ਪੂਰਨ ਹੋ ਜਾਂਦਾ ਹੈ।

ਆਤਮਾ ਇਸ ਸਰੀਰ ਦੇ ਅੰਦਰ ਵਸਦੀ ਹੈ ਜਿਹੜਾ ਇਸ ਸਰੀਰ ਦੇ ਅੰਦਰ ਵਸਦਾ ਹੈ, ਸਾਰੇ ਕਿਤੇ ਉਸ ਦਾ ਹੀ ਪਸਾਰਾ ਹੈ, ਉਹ ਹੀ ਮਨ ਵਿਚ ਹੈ, ਅੱਖਾਂ ਵਿਚ ਵੀ ਉਹ ਹੀ ਹੈ, ਕੰਨਾਂ ਵਿਚ ਵੀ ਉਹ ਹੀ ਹੈ ਭਾਵ ਸਾਰੀਆਂ ਇੰਦ੍ਰੀਆਂ ਵਿਚ ਉਸ ਦਾ ਹੀ ਵਾਸਾ ਹੈ। ਜਦੋਂ ਸਾਡੀਆਂ ਇੰਦ੍ਰੀਆਂ ਕੰਮ ਕਰਦੀਆਂ ਹਨ ਉਹ ਉਸ ਪ੍ਰਭੂ ਦੀ ਹੀ ਉਪਾਸਨਾ ਕਰਦੀਆਂ ਹਨ ਸਾਡੀਆਂ ਲੱਤਾਂ ਜਦੋਂ ਚਲਦੀਆਂ ਹਨ, ਬਾਹਵਾਂ ਜਦੋਂ ਕੰਮ ਕਰਦੀਆਂ ਹਨ, ਪੇਟ ਜਦੋਂ ਭੋਜਨ ਨੂੰ ਹਜ਼ਮ ਕਰਦਾ ਹੈ ਹਿਰਦੇ ਜਦੋਂ ਉਹ ਰਸਤ ਸਾਰੇ ਸਰੀਰ ਨੂੰ ਭੇਜਦਾ ਹੈ, ਮਨ ਜਦੋਂ ਚਿੰਤਾ ਕਰਦਾ ਹੈ, ਬੁੱਧੀ ਜਦੋਂ ਨਿਸ਼ਚਿਤ ਕਰਦੀ ਹੈ ਤੇ ਹੋਰ ਸਭ ਕੁਝ। ਇਸ ਤਰ੍ਹਾਂ ਨਾਲ ਇੰਦ੍ਰੀਆਂ ਉਸ ਦੀ ਹੀ ਪੂਜਾ ਕਰਦੀਆਂ ਹਨ, ਹਰ ਇੰਦ੍ਰੀ ਜਦੋਂ ਆਪਣਾ ਕੰਮ ਕਰਦੀ ਹੈ, ਉਹ ਉਸ ਇਕ ਦੀ ਹੀ ਉਪਾਸਨਾ ਕਰ ਰਹੀ ਹੁੰਦੀ ਹੈ। ਆਤਮਾ ਦੀ ਉਪਾਸਨਾ ਅੰਦਰ ਹੀ ਅੰਦਰ ਹੁੰਦੀ ਹੈ, ਜਦੋਂ ਤੁਸੀਂ ਆਪਣਾ ਕੰਮ ਕਰ ਰਹੇ ਹੁੰਦੇ ਹੋ। ਇਨ੍ਹਾਂ ਇੰਦ੍ਰੀਆਂ ਵਿਚੋਂ ਕੋਈ ਵੀ ਆਪਣਾ ਕੰਮ ਛੱਡ ਕੇ ਦੂਸਰੇ ਦਾ ਕੰਮ ਨਹੀਂ ਕਰਦੀ। ਹਰ ਇੰਦ੍ਰੀ ਆਪਣਾ ਕੰਮ ਪੂਰਨ ਤਰ੍ਹਾਂ ਨਾਲ ਕਰਕੇ ਆਪਣੇ ਆਪ ਨੂੰ ਸਫਲ ਕਰਦੀ ਹੈ। ਜਿਹੜੀ ਸ਼ਕਤੀ ਸਾਰੇ ਬ੍ਰਹਿਮੰਡ ਵਿਚ ਪਰੀਪੂਰਨ ਹੈ ਉਹ ਹੀ ਸ਼ਕਤੀ ਸਾਰ ਮਨੁਖਤਾ ਵਿਚ ਵਿਚਰ ਰਹੀ ਹੈ। ਅਸੀਂ ਸਾਰੇ ਉਸ ਸਰਬ ਵਿਆਪਕ ਦੇ ਹੀ ਭਾਗ ਹਾਂ, ਇਸ ਕਰਕੇ ਜਦੋਂ ਅਸੀਂ ਆਪਣਾ ਕੰਮ ਪੂਰੀ ਤਰ੍ਹਾਂ ਨਾਲ ਚੰਗੀ ਤਰ੍ਹਾਂ ਕਰਦੇ ਹਾਂ ਅਸੀਂ ਉਸ ਇਕ ਦੀ ਹੀ ਸੇਵਾ ਕਰਦੇ ਹਾਂ।

ਕਿਸੇ ਲਈ ਵੀ ਇਹ ਸੰਭਵ ਹੀ ਨਹੀਂ ਕਿ ਉਹ ਕਰਮ ਕੀਤੇ ਬਿਨਾਂ ਰਹਿ ਸਕੇ, ਡੀਊਟੀ ਕੀਤੇ ਬਿਨਾਂ ਰਹਿ ਸਕੇ। ਕਰਮਾਂ ਰਾਹੀਂ ਹੀ ਜੀਵਨ ਨੂੰ ਸਕਾਰਥਾ ਕੀਤਾ ਜਾ ਸਕਦਾ ਹੈ, ਸ਼ੁੱਧ ਕੀਤਾ ਜਾ ਸਕਦਾ ਹੈ। ਬਿਨਾਂ ਸ਼ੁੱਧ ਕੀਤੇ ਪੂਰਨਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਵਿਸ਼ਵ ਗੁੱਝੇ ਸਤਿ ਦਾ ਅਭਿਵਿਅੰਜਨ ਹੈ। ਅਸੀਂ ਦੇਖਦੇ ਹਾਂ ਝੀਲ ਦੀ ਸਤਾ ਤੇ ਇਕ ਬੁਲਬੁਲਾ ਉਠਦਾ ਹੈ ਥੋੜ੍ਹੀ ਦੇਰ ਤਕ ਉਹ ਰਹਿੰਦਾ ਹੈ ਫੇਰ ਉਹ ਖਤਮ ਹੋ ਜਾਂਦਾ ਹੈ। ਉਹ ਕਦੋਂ ਉਪਰ ਆਇਆ ਸੀ? ਉਹ ਕੀ ਸੀ? ਉਹ ਕਿਥੇ ਚਲਾ ਗਿਆ? ਉਹ ਪਾਣੀ ਵਿਚੋਂ ਆਇਆ ਸੀ, ਪਾਣੀ ਵਿਚ ਹੀ ਰਿਹਾ, ਪਾਣੀ ਬਣ ਕੇ ਰਿਹਾ, ਪਾਣੀ ਵਿਚ ਹੀ ਮਿਲ ਗਿਆ। ਥੋੜ੍ਹੀ ਦੇਰ ਵਾਸਤੇ ਉਹ ਸੀ, ਪਰ ਫੇਰ ਵੀ ਸੀ ਪਾਣੀ ਦਾ ਹੀ ਹਿੱਸਾ। ਬਿਲਕੁਲ ਇਸ ਤਰ੍ਹਾਂ ਹੀ ਵਾਸਤਵ ਵਿਚ ਵਿਸ਼ਵ ਦਾ ਆਧਾਰ ਸਤਿ ਹੈ। ਜਦੋਂ ਤੁਸੀਂ ਸੰਸਾਰ ਦੀਆਂ ਲਹਿਰਾਂ ਵਿਚ ਫਸ ਜਾਂਦੇ ਹੋ, ਇੰਦ੍ਰੀਆਂ ਦੇ ਅਨੁਭਵ ਜਾਲ ਵਿਚ ਉਲਝ ਜਾਂਦੇ ਹੋ, ਫੇਰ ਬਦਲਾਵ ਆਉਂਦਾ ਹੈ, ਮੌਤ ਆਉਂਦੀ ਹੈ ਬਰਬਾਦੀ ਆਉਂਦੀ ਹੈ, ਜੀਵਨ ਦੇ ਹਰ ਭਾਗ ਹਰ ਹਿੱਸੇ ਵਿਚ ਇਹ ਸਭ ਹੁੰਦਾ ਹੈ, ਕਿਸੇ ਤਰ੍ਹਾਂ ਨਾਲ ਵੀ ਜੀਵਨ ਨੂੰ ਬਚਾ ਕੇ ਨਹੀਂ ਰੱਖਿਆ ਜਾ ਸਕਦਾ। ਜਦੋਂ ਚੇਤਨਾ ਦਾ ਵਿਸਤਾਰ ਹੁੰਦਾ ਹੈ ਸਤਿ ਦੀ ਪ੍ਰਾਪਤੀ ਹੁੰਦੀ ਹੈ, ਤੁਸੀਂ ਦੇਖਦੇ ਹੋ ਕਿ ਤੁਹਾਡੇ ਸਾਰੇ ਪਾਸੇ ਅਸਤਿ ਹੀ ਫੈਲਿਆ ਹੋਇਆ ਹੈ, ਉਸ ਸਮੇਂ ਹੀ ਅੰਤਰ ਸ਼ਾਂਤੀ ਦਾ ਪ੍ਰਕਾਸ਼ ਹੁੰਦਾ ਹੈ।

ਇਸ ਸੰਸਾਰ ਦੇ ਅਸਤਿ ਵਿਚ ਸਤਿ ਨੂੰ ਦੇਖਣਾ ਹੀ ਕਰਮਯੋਗ ਹੈ। ਸਤਿ ਦੀ ਪੁਸ਼ਟੀ ਕਰਨੀ ਅਸਤਿ ਨੂੰ ਨਾ ਮੰਨਣਾ, ਅਸਤਿ ਨੂੰ ਅਸਤਿ ਹੀ ਦੇਖਣਾ ਇਸ ਤਰ੍ਹਾਂ ਨਾਲ ਅਸੀਂ ਜੀਵਨ ਦੇ ਦੂਸਰੇ ਪਾਰ ਚਲੇ ਜਾਂਦੇ ਹਾਂ। ਜੇਕਰ ਸੰਸਾਰ ਦਾ ਅਨੰਦ ਲੈਣਾ ਹੈ, ਮੌਜ ਕਰਨੀ ਹੈ ਤਾਂ ਸੰਸਾਰ ਦੀ ਪੁਸ਼ਟੀ, ਸੰਸਾਰ ਦੀ ਨਖੇਦੀ ਇਹ ਦੋਨੋਂ ਹੀ ਹੋਣੇ ਚਾਹੀਦੇ ਹਨ। ਸਾਡਾ ਆਧਾਰ ਤਿਆਗ ਨਹੀਂ ਸਾਡਾ ਆਧਾਰ ਉਹ ਹੈ ਜੋ ਸਾਡੇ ਕੋਲ ਹੈ। ਇਹ ਸੰਸਾਰ ਅਨੰਦ ਦੇ ਕਰਨ ਲਈ ਹੈ, ਪਰ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿਸ ਚੀਜ਼ ਦਾ ਅਨੰਦ ਲੈਣ ਤੋਂ ਪਹਿਲਾਂ ਸਾਨੂੰ ਅਨੰਦ ਕਰਨ ਦੀ ਅਨੰਦ

**(ਬਾਕੀ ਪੰਨਾ 63 ਤੇ)**

# ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ

## ((Practical Guide to Holistic Health))

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*

*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

ਰਤਵਾੜਾ ਸਾਹਿਬ ਵਾਲੇ ਸੱਚਖੰਡਵਾਸੀ ਸੰਤ ਮਹਾਰਾਜ ਜੀ ਦੇ ਸਰੀਰਕ 90ਵੇਂ ਜਨਮ ਦਿਹਾੜੇ ਉਪਰ ਉਨ੍ਹਾਂ ਦੇ ਪਰਮ ਪਿਆਰੇ ਮਿੱਤਰ ਡਾ. ਸਵਾਮੀ ਰਾਮ ਜੀ ਦੀ ਰਚਨਾਂ 'ਸਮੁੱਚੀ ਅਰੋਗਤਾ ਲਈ ਪਥ ਪ੍ਰਦਰਸ਼ਕ' ਸਿਰਲੇਖ ਹੇਠ ਆਤਮ ਮਾਰਗ ਵਿੱਚ ਲੜੀਵਾਰ ਪ੍ਰਕਾਸ਼ਿਤ ਕਰਨੀ ਕਰਨ ਦੀ ਖੁਸ਼ੀ ਸੰਗਤਾਂ ਪਾਸੋਂ ਲੈ ਰਹੇ ਹਾਂ। ਪਾਠਕਾਂ ਨੂੰ ਜਿਵੇਂ ਗਿਆਤ ਹੀ ਹੈ ਕਿ ਸੰਤ ਮਾਹਾਰਾਜ ਰਤਵਾੜਾ ਸਾਹਿਬ ਵਾਲੇ ਅਤੇ ਸੰਸਾਰ-ਸੋ-ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ 20ਵੀਂ ਸਦੀ ਅੰਦਰ ਦੋ ਮਹਾਨ ਇੰਨਕਲਾਬੀ ਯੁਗ ਪੁਰਸ਼ ਹੋਏ ਹਨ, ਜੋ ਕਿ ਆਪਣੀ ਮਿਸਾਲ ਆਪ ਸਨ। ਇਨ੍ਹਾਂ ਮਹਾਂਪੁਰਸ਼ਾਂ ਦੇ ਆਪਸੀ ਰੂਹਾਨੀ ਪਿਆਰ ਦੇ ਰਿਸ਼ਤੇ ਸਾਡੇ ਵਾਸਤੇ ਪਥ ਪ੍ਰਦਰਸ਼ਕ ਬਣ ਕੇ ਚਾਨਣ ਮੁਨਾਰੇ ਦਾ ਕੰਮ ਕਰ ਰਹੇ ਹਨ। ਸਵਾਮੀ ਜੀ ਨੇ ਲੋੜਵੰਦ ਮਰੀਜਾਂ ਵਾਸਤੇ ਮੈਡੀਕਲ ਸਿਟੀ ਅੰਦਰ ਕਾਲਜ ਦਾ ਸ਼ਿਲਾਨਿਆਸ ਸੰਤ ਮਹਾਰਾਜ ਦੇ ਕਰਕੰਵਲਾਂ ਤੋਂ ਕਰਵਾਉਣਾ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਹੈ। ਸਵਾਮੀ ਜੀ ਦੀਆਂ ਲਿਖਤਾਂ ਜੀਵਨ ਜਾਚ ਦਰਸਾਉਣ ਵਾਲੀਆਂ ਹਨ। ਜਿਨ੍ਹਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਨਾਲ ਅਸੀਂ ਨਿਰੋਗੀ ਜੀਵਨ ਜੀ ਸਕਦੇ ਹਾਂ।

ਆਤਮ ਮਾਰਗ ਰੂਹਾਨੀਅਤ ਦੇ ਪਾਂਧੀ ਪਾਠਕਾਂ ਦਾ ਸਾਨੂੰ ਸਮੇਂ-ਸਮੇਂ ਪਿਆਰ ਭਰਿਆ ਸੰਦੇਸ਼ ਸਵਾਮੀ ਜੀ ਦੀਆਂ ਰਚਨਾਵਾਂ ਵਾਰੇ ਮਿਲਦਾ ਰਹਿੰਦਾ ਹੈ। ਸਵਾਮੀ ਜੀ ਦੀ ਮਹਾਨ ਫਿਲੌਸਫੀ ਨੂੰ ਬਹੁਤ ਹੀ ਸਰਲ ਭਾਸ਼ਾ ਵਿੱਚ ਸਾਡੀ ਬੋਲੀ ਅੰਦਰ ਬਹੁਤ ਹੀ ਸਤਿਕਾਰਯੋਗ ਮਹਾਨ ਹਸਤੀ ਡਾ. ਬੀਬੀ ਤਜਿੰਦਰ ਕੌਰ ਜੀ ਮਲਹੋਤਰਾ ਅਨੁਵਾਦ ਕਰਨ ਦੀ ਮਹਾਨ ਨਿਸ਼ਕਾਮ ਸੇਵਾ ਮਹਾਂਪੁਰਸ਼ਾਂ ਦੇ ਪਿਆਰ ਅੰਦਰ ਲਗਾਤਾਰ ਕਰਦੇ ਆ ਰਹੇ ਹਨ। ਡਾ. ਬੀਬੀ ਮਲਹੋਤਰਾ ਜੀ ਨੂੰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਬਣਾਇਆ ਜਾ ਰਿਹਾ ਸੀ ਪਰੰਤੂ ਸਵਾਮੀ ਜੀ ਦੇ ਆਦੇਸ਼ ਮੁਤਾਬਿਕ ਸੰਤ ਜੀ ਮਹਾਰਾਜ ਜੀ ਦੁਆਰਾ ਸੰਚਾਲਿਤ ਰੂਹਾਨੀ ਮਿਸ਼ਨ ਦੀ ਸੇਵਾ ਨੂੰ ਬੀਬੀ ਜੀ ਨੇ ਆਪਣੇ ਜੀਵਨ ਵਿੱਚ ਅਪਨਾਇਆ ਹੈ। ਸਾਨੂੰ ਆਸ ਦੇ ਨਾਲ ਪੂਰਾ ਵਿਸ਼ਵਾਸ਼ ਹੈ ਕਿ ਮਲਹੋਤਰਾ ਪਰਿਵਾਰ ਸੰਤ ਮਹਾਰਾਜ ਜੀ ਦੇ ਪ੍ਰਉਪਕਾਰੀ ਮਿਸ਼ਨ ਵਾਸਤੇ ਪੂਰੀ ਤਨ ਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਉਂਦੇ ਰਹਿਣਗੇ।

***ਐਡੀਟਰ ਆਤਮ ਮਾਰਗ***

## ਭੂਮਿਕਾ

ਮੈਂ ਆਪਣੇ ਵਜ਼ੀਫੇ ਦੀ ਪੜ੍ਹਾਈ ਪੂਰੀ ਕਰ ਰਹੀ ਸੀ ਇਹ 1989 ਦੀ ਗੱਲ ਹੈ ਮੈਂ ਸੁਆਮੀ ਜੀ ਨੂੰ ਸ੍ਵਾਸ ਵਿਗਿਆਨ ਤੇ ਪ੍ਰਵਚਨ ਕਰਦਿਆਂ ਸੁਣਿਆ, ਮੈਡੀਟੇਸ਼ਨ ਤੇ ਪ੍ਰਚਵਨ ਸੁਣੇ, ਉਹ ਇਨ੍ਹਾਂ ਦਾ ਪ੍ਰਭਾਵ ਸਿਹਤ ਤੇ ਦੱਸ ਰਹੇ ਸੀ। ਜਦੋਂ ਮੈਂ ਉਨ੍ਹਾਂ ਦੇ ਨੇੜੇ ਹੋ ਕੇ ਜਾਣਿਆ ਇਕ ਗੁਰੂ ਦੇ ਰੂਪ ਵਿਚ ਇਕ ਅਧਿਆਪਕ ਦੇ ਰੂਪ ਵਿਚ। ਮੈਂ ਇਹ ਜਾਣ ਲਿਆ ਕਿ ਉਨ੍ਹਾਂ ਦੀ ਸਿਖਿਆ ਕੇਵਲ ਪ੍ਰੈਕਟੀਕਲ ਹੀ ਨਹੀਂ ਉਹ ਸਭ ਕੁਝ ਉਨ੍ਹਾਂ ਦੇ ਆਪਣੇ ਅਨੁਭਵ ਹਨ।

ਸਵਾਮੀ ਰਾਮ ਉਨ੍ਹਾਂ ਮਹਾਨ ਮਹਾਂਪੁਰਖਾਂ ਵਿਚੋਂ ਸੀ ਜਿਨ੍ਹਾਂ ਨੇ ਸਮਰੱਥ ਪੁਰਖਾਂ ਦੇ ਚਰਣਾਂ ਵਿਚ ਰਹਿ ਕੇ ਗਿਆਨ ਪ੍ਰਾਪਤ ਕੀਤਾ ਸੀ। ਉਨ੍ਹਾਂ ਨੇ ਦਸਿਆ ਕਿ ਦੇਹ ਅਰੋਗਤਾ ਕੇਵਲ ਸੰਪੂਰਣ ਸਮਾਨਤਾ (Holistic approach) ਨਾਲ ਹੀ ਹੋ ਸਕਦੀ ਹੈ, ਇਹ ਸਾਰੇ ਸਰੀਰ ਨੂੰ ਨਾਲ ਲੈ ਕੇ ਸਾਰੇ ਸਰੀਰ ਦੀ ਸੰਭਾਲ ਹੈ, ਇਸ ਵਿਚ ਮਨ, ਆਤਮਾ ਹੈ ਭਾਵ ਹੈ ਇਹ ਸਭ ਕੁਝ ਇਕੱਠਾ ਕਰਕੇ ਹੀ holistic ਸ਼ਬਦ ਬਣਦਾ ਹੈ ਭਾਵ ਸਮੁੱਚਾ ਜੀਵਨ ਸੰਪੂਰਣ ਮਨੁੱਖ। ਸਵਾਮੀ ਜੀ ਆਪਣੇ ਪ੍ਰਵਚਨਾਂ ਵਿਚ ਇਕ ਗੱਲ ਸਦਾ ਹੀ ਕਹਿੰਦੇ ਰਹੇ ਕਿ ਸੰਪੂਰਣ ਤੰਦਰੁਸਤੀ ਸੰਪੂਰਣ ਸਿਹਤ ਦਾ ਆਧਾਰ ਸਾਡਾ ਜੀਵਨ ਉਦੇਸ਼ ਹੈ, ਜੀਵਨ ਮਨੋਰਥ ਹੈ ਤੇ ਨਾਲ ਹੀ ਇਹ ਕਿ ਇਸ ਉਦੇਸ਼ ਦੀ ਪ੍ਰਾਪਤੀ ਕਿਵੇਂ ਹੋਵੇ, ਕਿਵੇਂ ਕੀਤੀ ਜਾਵੇ। ਸਵਾਮੀ ਜੀ ਸਦਾ ਇਹ ਵੀ ਕਹਿੰਦੇ ਰਹੇ ਕਿ ਸੁਅਸਥ ਰਹਿਣ ਦੀ ਸ਼ਕਤੀ ਸਾਡੇ ਆਪਣੇ ਅੰਦਰ ਹੈ, ਇਹ ਸ਼ਕਤੀ ਉਦੋਂ ਹੀ ਪ੍ਰਗਟ ਹੋਵੇਗੀ ਜਦੋਂ ਤੁਸੀਂ ਇਸ ਨੂੰ ਕ੍ਰਮਬੱਧ ਅਨੁਸਾਰ ਪਾਲਣਾ ਕਰੋਗੇ ਕਿਸੇ ਤਰੀਕੇ ਨਾਲ ਉਸ ਨੂੰ ਪਕੜੋਗੇ।

ਅਸੀਂ ਜਾਣਦੇ ਹਾਂ ਪਿਛਲੀ ਸਦੀ ਵਿਚ ਵਿਗਿਆਨ ਦੀ ਤਰੱਕੀ ਬਹੁਤ ਹੋਈ ਹੈ ਤਕਨੀਕੀ ਤਰੱਕੀ ਬਹੁਤ ਹੋਈ ਹੈ ਹਰ ਪਾਸੇ ਜੀਵਨ ਦੇ ਹਰ ਖੇਤਰ ਵਿਚ ਇਨ੍ਹਾਂ ਨੇ ਬਹੁਤ ਯੋਗਦਾਨ ਪਾਇਆ ਹੈ। ਡਾਕਟਰੀ ਖੋਜ ਨੇ ਇਹ ਸਾਬਤ ਕਰ ਦਿਤਾ ਹੈ ਕਿ ਉਹ ਬਿਮਾਰੀਆਂ ਜਿਹੜੀਆਂ, ਅਸ਼ਾਂਤੀ

ਕਰਕੇ, ਭੈ ਕਰਕੇ ਮਾਨਸਿਕ ਖਿਚੋਤਾਣ ਕਰਕੇ, ਉਦਾਸੀ ਕਰਕੇ ਹਨ ਇਹ ਇਕ ਮਹਾਂਮਾਰੀ ਦੀ ਤਰ੍ਹਾਂ ਇਕ ਛੂਤ ਦੀ ਬਿਮਾਰੀ ਦੀ ਤਰ੍ਹਾਂ ਫੈਲ ਰਹੀਆਂ ਹਨ। ਹੁਣ ਪਿਛੇ ਕੁਝ ਦੇਰ ਤੋਂ ਡਾਕਟਰੀ ਵਿਗਿਆਨ ਇਨ੍ਹਾਂ ਬਿਮਾਰੀਆਂ ਦਾ ਕਾਰਣ ਸਰੀਰ ਤੋਂ ਪਰ੍ਹੇ ਦੇਖਣ ਲਗ ਪਏ ਹਨ। ਹੌਲੀ-ਹੌਲੀ ਅਸੀਂ ਇਹ ਸਮਝਣ ਲਗ ਪਏ ਹਾਂ ਕਿ ਅਸੀਂ ਪੂਰੀ ਤਰ੍ਹਾਂ ਨਾਲ ਸੁਅਸਥ ਨਹੀਂ ਹੋ ਸਕਦੇ, ਨਹੀਂ ਰਹਿ ਸਕਦੇ ਜਦੋਂ ਤਕ ਅਸੀਂ ਮਨ, ਆਤਮਾ ਤੇ ਸਰੀਰ ਦਾ ਪੂਰਾ-ਪੂਰਾ ਧਿਆਨ ਨਹੀਂ ਰੱਖਾਂਗੇ। ਸਾਡੇ ਹੱਥ ਵਾਲੀ ਪੁਸਤਕ 1978 ਵਿਚ ਲਿਖੀ ਗਈ ਸੀ ਜਦੋਂ ਅਜੇ ਸੰਪੂਰਣ ਅਰੋਗਤਾ ਦੀ ਧਾਰਣਾ ਕਿਸੇ ਨੇ ਸੁਣੀ ਵੀ ਨਹੀਂ ਸੀ। ਸਵਾਮੀ ਜੀ ਸਾਨੂੰ ਏਸ ਗੱਲ ਦਾ ਪੂਰਾ-ਪੂਰਾ ਭਰੋਸਾ ਦਿਵਾਉਂਦੇ ਹਨ ਕਿ ਸਾਡੇ ਸਾਰਿਆਂ ਕੋਲ ਅਰੋਗ ਰਹਿਣ ਦੀ ਪ੍ਰਸੰਨ ਰਹਿਣ ਦੀ ਅੰਦਰੂਨੀ ਸਮਰਥਾ ਹੈ, ਅਸੀਂ ਹੁਣੇ ਹੀ ਐਥੇ ਹੀ ਪੂਰੀ ਤਰ੍ਹਾਂ ਨਾਲ ਸਵਸਥ ਹੋ ਸਕਦੇ ਹਾਂ, ਪ੍ਰਸੰਨ ਹੋ ਸਕਦੇ ਹਾਂ। ਇਕ ਪ੍ਰਵਚਨ ਵਿਚ ਉਨ੍ਹਾਂ ਨੇ ਬੜੀ ਭਰੋਸੇ ਵਾਲੀ ਆਵਾਜ਼ ਵਿਚ ਕਿਹਾ ਸੀ, ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ, ਸਾਡੇ ਵਿਚ ਐਨੀ ਸ਼ਕਤੀ ਹੈ ਕਿ ਅਸੀਂ ਭੋਜਨ ਦੀ ਵਿਸ਼ ਬਣਾ ਸਕਦੇ ਹਾਂ ਅਸੀਂ ਭੋਜਨ ਦਾ ਅੰਮ੍ਰਿਤ ਬਣਾ ਸਕਦੇ ਹਾਂ। ਉਹ ਇਸ ਗੱਲ ਨੂੰ ਪੂਰੀ ਤਰ੍ਹਾਂ ਨਾਲ ਜਾਣਦੇ ਸੀ। ਜਦੋਂ ਅਸੀਂ ਪੂਰੀ ਤਰ੍ਹਾਂ ਨਾਲ ਇਹ ਜ਼ਿੰਮੇਵਾਰੀ ਲੈ ਲੈਂਦੇ ਹਾਂ ਕਿ ਅਸੀਂ ਆਪਣੀ ਸਿਹਤ ਦਾ ਧਿਆਨ ਰਖਣਾ ਹੈ, ਅਸੀਂ ਆਪਣੇ ਆਪ ਨੂੰ ਠੀਕ ਕਰਨਾ ਹੈ ਫੇਰ ਅਸੀਂ ਜੀਵਨ ਜੀਣ ਦਾ ਤਰੀਕਾ ਉਸ ਤਰ੍ਹਾਂ ਦਾ ਬਣਾ ਲੈਂਦੇ ਹਾਂ ਜਿਹੜਾ ਸਾਡੇ ਮਾਨਸਿਕ ਸੰਵੇਦਨਾ, ਆਤਮਕ ਪਸਾਰੇ ਦੇ ਅਨੁਕੂਲ ਹੋਵੇ ਤੇ ਨਾਲ ਹੀ ਸਾਡੇ ਸਰੀਰ ਦਾ ਵੀ ਪੂਰਾ-ਪੂਰਾ ਧਿਆਨ ਰੱਖੇ।

ਸਭ ਤੋਂ ਮਹੱਤਵਪੂਰਣ ਜੀਵਨ ਸ਼ੈਲੀ (Life style) ਹੈ ਜੀਵਨ ਵਿਚ ਸਕਾਰਤਮਕ ਦ੍ਰਿਸ਼ਟੀ ਕੋਣ ਹੋਣਆ। ਸੁਆਮੀ ਜੀ ਸਦਾ ਕਹਿੰਦਾ ਸੀ 'ਮਨੋਵਿਰਤੀ' (attitude) ਸਭ ਤੋਂ ਮਹੱਤਵਪੂਰਣ ਇਕ ਐਸਾ ਪੱਖ ਹੈ ਜਿਹੜਾ ਪੂਰਣ ਦੇਹ ਅਰੋਗਤਾ ਦਾ ਆਧਾਰ ਹੈ। ਮੈਂ ਇਕ ਡਾਕਟਰ ਹੁੰਦਿਆਂ ਦੇਖਿਆ ਹੈ ਕਿ ਇਸ ਕਹਿਣੇ ਵਿਚ ਕਿੰਨੀ ਪਰੋੜਤਾ ਹੈ ਕਿੰਨਾ ਸਤਿ ਹੈ। ਬਹੁਤ ਵਾਰੀ ਮੈਂ ਦੇਖਿਆ ਮੈਂ ਦੋ ਸਜਣਾਂ ਤੇ ਇਕੋ ਜਿਹਾ ਅਪਰੇਸ਼ਨ ਕੀਤਾ। ਇਕੋ ਕਿਸਮ ਦੇ ਕੈਂਸਰ ਦਾ ਦੋਨਾਂ ਦਾ ਆਪਰੇਸ਼ਨ ਬਹੁਤ ਹੀ ਕਾਮਯਾਬ ਰਿਹਾ ਪਰ ਦੋਨਾਂ ਦੇ ਠੀਕ ਹੋਣ ਵਿਚ ਜ਼ਮੀਨ ਅਸਮਾਨ ਦਾ ਅੰਤਰ ਕਾਰਣ? ਜਿਹੜੇ ਰੋਗੀ ਹਰ ਸਮੇਂ ਮੌਤ ਦੇ ਡਰ ਵਿਚ ਰਹਿੰਦੇ ਹਨ ਇਸ ਡਰ ਵਿਚ ਹਨ ਕਿ ਮੈਨੂੰ ਬਿਮਾਰੀ ਦੋਬਾਰਾ ਹੋ ਜਾਏਗੀ ਜਿਹੜੇ ਬਹੁਤ ਉਦਾਸ ਰਹਿੰਦੇ ਹਨ, ਚਿੰਤਨ ਵਿਚ ਰਹਿੰਦੇ ਹਨ ਜਿਨ੍ਹਾਂ ਦੀ ਨਕਾਰਾਤਮਕ ਪ੍ਰਵਿਰਤੀ ਹੈ ਜੀਵਨ ਨੂੰ ਨਕਾਰਾਤਮਕ ਦ੍ਰਿਸ਼ਟੀ ਨਾਲ ਦੇਖਦੇ ਹਨ ਉਹ ਨਾ ਤਾਂ ਛੇਤੀ ਠੀਕ ਹੁੰਦੇ ਹਨ, ਉਨ੍ਹਾਂ ਨੂੰ ਬਾਰ-ਬਾਰ ਬਿਮਾਰੀ ਹੁੰਦੀ ਹੈ, ਉਨ੍ਹਾਂ ਦੀ ਉਮਰ ਛੋਟੀ ਹੁੰਦੀ ਹੈ, ਦੂਸਰੇ ਪਾਸੇ ਜਿਹੜੇ ਸਕਾਰਾਤਮਕ ਸੋਚ ਵਾਲੇ ਹੁੰਦੇ ਹਨ, ਵਧੇਰੇ ਖ਼ੁਸ਼ ਤਬੀਅਤ ਖ਼ੁਸ਼ ਸੁਭਾਅ ਦੇ ਹੁੰਦੇ ਹਨ, ਉਹ ਛੇਤੀ ਠੀਕ ਹੁੰਦੇ ਹਨ ਉਨ੍ਹਾਂ ਨੂੰ ਬੀਮਾਰੀ ਵੀ ਬਾਰ-ਬਾਰ ਨਹੀਂ ਹੁੰਦੀ, ਲੰਮੀ ਆਯੂ ਭੋਗਦੇ ਹਨ।

ਮੈਂ ਸੁਆਮੀ ਜੀ ਦੇ ਇਹ ਬਚਨ ਬਹੁਤ ਸੁਣੇ ਤੇ ਪਰਤਿਆਏ ਹਨ, ਮੌਤ ਦੇ ਡਰ ਤੋਂ ਮੁਕਤ ਹੋਣਾ ਵਧੇਰੇ ਜ਼ਰੂਰੀ ਹੈ, ਮੌਤ ਤੋਂ ਕਿਤੇ ਵਧ, ਮੌਤ ਦਾ ਭੈ ਵਧੇਰੇ ਦੁਖਦਾਈ ਹੈ, ਮੌਤ ਤੋਂ ਵੱਧ, ਕੈਂਸਰ ਦੇ ਇਲਾਜ ਦੇ ਦੁਖਦਾਈ ਅਸਰ ਉਨ੍ਹਾਂ ਲਈ ਕਿਤੇ ਵਧੇਰੇ ਹੁੰਦੇ ਹਨ, ਜਿਹੜੇ ਨਕਾਰਆਤਮਕ ਸੋਚ ਰਖਦੇ ਹਨ, ਹਰ ਗੱਲ ਹਰ ਚੀਜ਼ ਨੂੰ ਨਖੇਦਦੇ ਹਨ, ਵਿਸ਼ੇਸ਼ ਕਰਕੇ ਹਰ ਵੇਲੇ ਮਰਨ ਤੋਂ ਡਰਦੇ ਹਨ, ਇਹੋ ਜਿਹੇ ਵਾਤਾਵਰਣ ਵਿਚ ਪੂਰੀ ਦੇਹ ਅਰੋਗਤਾ ਸੰਭਵ ਹੀ ਨਹੀਂ। ਨਕਾਰਆਤਮਕ ਵਾਤਾਵਰਣ, ਸੰਵੇਗ ਅਰੋਗ ਹੋਣ ਨਰੋਏ ਹੋਣ ਵਿਚ ਬਹੁਤ ਵੱਡਾ ਬਾਧਾ ਹਨ।

ਬੀਮਾਰੀ ਹੋਵੇ ਜਾਂ ਅਰੋਗਤਾ? ਇਹ ਤੁਹਾਡੀ ਆਪਣੀ ਚੋਣ ਹੈ, ਇਹ ਛੋਟੀ ਜਿਹੀ ਪੁਸਤਕ ਤੁਸੀਂ ਸਿਹਤ ਤੁਹਾਡੇ ਸਰੀਰ, ਮਨ, ਆਤਮਾ ਲਈ ਇਕ ਮਾਰਗ ਦਰਸ਼ਕ ਹੈ ਵਿਸ਼ੇਸ਼ ਕਰਕੇ ਉਨ੍ਹਾਂ ਲਈ ਜਿਹੜੇ ਆਪਣੇ ਆਪ ਨੂੰ ਸਵਸਥ ਰੱਖਣ, ਠੀਕ ਰੱਖਣ ਲਈ ਦ੍ਰਿੜ੍ਹ ਹਨ। ਇਹ ਪੁਸਤਕ ਤੁਹਾਨੂੰ, ਖ਼ੁਰਾਕ ਲਈ, ਸੁਆਸਾਂ ਲਈ, ਸੰਵੇਗਾਂ ਦੀ ਸਕਾਰਤਮਕ ਵਰਤੋਂ ਲਈ, ਪਰਸਪਰ ਰਿਸ਼ਤਿਆਂ ਨੂੰ ਠੀਕ ਰੱਖਣ ਲਈ, ਮੈਡੀਟੇਸ਼ਨ ਲਈ ਤੇ ਹੋਰ ਅਧਿਆਤਮਕ ਅਭਿਆਸਾਂ ਲਈ ਇਕ ਬੜਾ ਸੌਖਾ ਨਿਯਮਬੱਧ ਪ੍ਰਸਤਾਵ (approach) ਹੈ। ਇਸ ਨਾਲ ਤੁਸੀਂ ਸਾਰੇ ਸੰਪੂਰਣਤਾ ਨਾਲ ਭਾਵ ਸਰੀਰ, ਮਨ, ਆਤਮਾ ਸਭ ਕੁਝ ਪੂਰੀ ਤਰ੍ਹਾਂ ਨਾਲ ਤੇਜਸਵੀ, ਆਭਾਪੂਰਨ ਹੋ ਜਾਣ ਲਈ ਹੈ ਹੱਥ ਵਾਲੀ ਪੁਸਤਕ ਤੁਹਾਡੇ ਲਈ ਪ੍ਰੇਰਣਾ ਸਰੋਤ ਦੇ ਨਾਲ-ਨਾਲ ਇਕ ਪ੍ਰੈਕਟੀਕਲ ਮਾਰਗ ਦਰਸ਼ਕ ਹੈ ਵਿਸ਼ੇਸ਼ ਕਰਕੇ ਉਨ੍ਹਾਂ ਲਈ ਜਿਹੜੇ ਆਪਣੇ ਸਰੀਰ, ਦੇਹ ਅਰੋਗਤਾ, ਖ਼ੁਸ਼ੀ ਲਈ ਸੁਚੇਤ ਹਨ ਦ੍ਰਿੜਤਾ ਨਾਲ ਇਹ ਸਭ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ, ਨਾਲ ਹੀ ਸੰਸਾਰ ਨੂੰ ਵੀ ਇਸ ਲਈ ਚੇਤਨਾ ਪ੍ਰਦਾਨ ਕਰਨ ਲਈ ਜਤਨਸ਼ੀਲ ਹਨ।

******

(ਪੰਨਾ 60 ਦੀ ਬਾਕੀ)

ਲੈਣ ਦੀ ਠੀਕ ਵਿਧੀ ਪਤਾ ਹੋਣੀ ਚਾਹੀਦੀ ਹੈ। ਸੁਆਰਥ ਨਾਲ ਕੀਤੀ ਡੀਊਟੀ ਕਿਤੇ ਨਿਖੇਦੀ ਵਾਲੀ ਹੈ, ਨਿਰਸੁਆਰਥ ਹੋ ਕੇ ਡੀਊਟੀ ਕਰਨੀ ਕਿਤੇ ਲਾਭਕਾਰੀ ਹੈ। ਜਿਹੜੇ ਸੁਆਰਥੀ ਹਨ ਉਹ ਅਲਪ ਬੁੱਧੀ ਵਾਲੇ ਹਨ ਉਹ ਸੁਆਰਥ ਲਈ ਪਰੇਰੇ ਜਾਂਦੇ ਹਨ। ਉਹ ਆਪਣੇ ਲਈ ਸੰਤਾਪ, ਦੁਖ ਪੈਦਾ ਕਰਦੇ ਹਨ। ਤਿਆਗ ਇਕ ਅੰਤਰ ਦੀ ਗੱਲ ਹੈ। ਤਿਆਗ ਤੋਂ ਬਿਨਾਂ ਸ਼ੁੱਧ ਹੋਇਆਂ ਕੋਈ ਸੁਖ ਸੁਆਦ ਕੋਈ ਭੋਗ ਬਿਲਾਸ ਨਹੀਂ ਹੋ ਸਕਦਾ, ਸੰਭਵ ਹੀ ਨਹੀਂ। ਅਸੀਂ ਆਪਣੇ ਜੀਵਨ ਵਿਚ ਸਭ ਤੋਂ ਵੱਧ ਸੁਖ ਆਪਣੇ ਸੰਸਾਰਕ ਰਿਸ਼ਤਿਆਂ ਤੋਂ ਮਾਣਦੇ ਹਾਂ, ਅਸੀਂ ਆਪਣੇ ਆਪ ਦੀ ਪੁਸ਼ਟੀ ਨਹੀਂ ਕਰਦੇ। ਜਦੋਂ ਅਸੀਂ ਆਪਣੇ ਛੋਟੇ ਜਿਹੇ ਆਪੇ ਨੂੰ ਸੁਆਰਥੀ ਉਦੇਸ਼, ਇਛਾਵਾਂ, ਮੋਹ ਤੋਂ ਪਰ੍ਹੇ ਕਰਦੇ ਹਾਂ, ਫੇਰ ਅਸੀਂ ਆਪਣੇ ਆਪੇ ਨੂੰ ਸਤਿ ਦੇ ਜੀਵਨ ਨਾਲ ਜੋੜ ਸਕਦੇ ਹਾਂ। ਨਖੇਦੀ ਕਰਕੇ ਅਸੀਂ ਉਚੀ ਤੇ ਵੱਡੀ ਪੁਸ਼ਟੀ ਕਰਦੇ ਹਾਂ।

ਕਰਮ ਸਾਨੂੰ ਜੀਵਨ ਦੇ ਨੈਤਿਕ ਮੂਲ ਤੇ ਅਧਿਆਤਮਕ ਮੂਲ ਸਿਖਾਉਂਦੇ ਹਨ, ਸਾਨੂੰ ਜੀਵਨ ਜੀਉਣ ਦੀ ਜਾਂਚ, ਕਲਾ ਜੀਵਨ ਵਿਚ ਅਨੰਦ ਲੈਣ ਦੀ ਕਲਾ ਦਸਦੇ ਹਨ। ਜਦੋਂ ਮਨ ਮੂਲ ਰੂਪ ਵਿਚ ਚੰਗਾ ਕਰਨ ਵਿਚ ਲਗ ਜਾਏ, ਮੋਹ ਤੋਂ ਮੁਕਤ ਹੋ ਜਾਏ, ਜੋ ਕਿ ਸਭ ਤੋਂ ਉਤਮ, ਪਵਿੱਤਰ ਪ੍ਰੇਮ ਦਾ ਚਿੰਨ ਹੈ, ਇਹ ਕਰਨ ਤੋਂ ਬਾਅਦ ਹੀ ਸਭ ਨੂੰ ਪਿਆਰ ਕਰਨ ਵਿਚ ਅਨੰਦ ਹੈ, ਜਿਸ ਵਿਚ ਸਭ ਇਕ ਹੀ ਦਿਸਦੇ ਹਨ। ਕੁਝ ਵੀ ਬੁਰਾ ਨਹੀਂ ਪਰ ਜਦੋਂ ਤਕ ਤੁਸੀਂ ਮਨ ਨੂੰ ਆਤਮਾ ਨਾਲ ਨਹੀਂ ਜੋੜਦੇ ਸਭ ਕਿਸੇ ਤੋਂ ਬੇਲਾਗ ਨਹੀਂ ਹੁੰਦੇ, ਨਿਰਪੇਖ ਨਹੀਂ ਹੁੰਦੇ, ਦਇਆ ਖਿਮਾ ਆ ਹੀ ਨਹੀਂ ਸਕਦੀ। ਨੈਤਿਕ ਸੁਭਾਅ ਦਾ ਵਿਕਾਸ ਕਰਨਾ, ਉਦੋਂ ਸੋਖਾ ਹੋ ਜਾਂਦਾ ਹੈ ਜਦੋਂ ਤੁਸੀਂ ਨਿਰਸੁਆਰਥ ਹੋ ਕੇ ਕੰਮ ਕਰਦੇ ਹੋ, ਦੂਸਰਿਆਂ ਲਈ ਕਰਦੇ ਹੋ, ਫੇਰ ਜਦੋਂ ਦੂਸਰਿਆਂ ਲਈ ਕਰਨਾ ਤੁਹਾਡਾ ਸੁਭਾਅ ਬਣ ਜਾਂਦਾ ਹੈ, ਤੁਸੀਂ ਉਸ ਤੋਂ ਬਿਨਾਂ ਰਹਿ ਹੀ ਨਹੀਂ ਸਕਦੇ। ਕੀਤੇ ਕਰਮਾਂ ਦੇ ਫਲ ਸਮਰਪਣ ਕਰਕੇ, ਹਉਮੈ ਨੂੰ ਖਤਮ ਕਰਕੇ ਹੀ ਜੀਵਨ ਦਾ ਵਾਸਤਵ ਉਦੇਸ਼ ਪ੍ਰਾਪਤ ਕਰ ਸਕਦੇ ਹੋ। ਸੁਆਰਥ ਤੋਂ ਮੁਕਤ ਹੋਣ ਦੀ ਭਾਵਨਾ ਪ੍ਰਾਪਤ ਕੀਤੇ ਬਿਨਾਂ, ਤੁਸੀਂ ਜੀਵਨ ਦਾ ਅਨੰਦ ਨਹੀਂ ਮਾਣ ਸਕਦੇ। ਸਾਡੇ ਆਲੇ ਦੁਆਲੇ ਦਾ ਸੰਸਾਰ ਕੇਵਲ ਅਨੰਦਮਈ ਆਤਮਾ ਹੀ ਹੈ ਅਸੀਂ ਉਸ ਦਾ ਅਨੰਦ ਮਾਨਣ ਲਈ ਹੀ ਹਾਂ। ਹਾਂ, ਇਹ ਸਭ ਕੁਝ ਸੱਚੀ ਤਰ੍ਹਾਂ, ਪੂਰੀ ਤਰ੍ਹਾਂ, ਡੂੰਘੀ ਤਰ੍ਹਾਂ ਨਾਲ ਪ੍ਰਗਟ ਨਹੀਂ ਹੁੰਦਾ ਕਿਉਂਕਿ ਅਸੀਂ ਆਪਣੇ ਸੁਆਰਤ ਵਿਚ ਹੀ ਉਲਝੇ ਰਹਿੰਦੇ ਹਾਂ, ਇੰਦ੍ਰੀਆਂ ਦੇ ਭੋਗ ਭੋਗਣ ਹੀ ਲੱਗੇ ਰਹਿੰਦੇ ਹਾਂ। ਜੀਵਨ ਨੂੰ ਬਦਲਣ ਦੀ ਲੋੜ ਨਹੀਂ, ਲੋੜ ਹੈ ਰੁਚੀ ਬਦਲਣ ਦੀ ਮਨੋਵਿਰਤੀ ਬਦਲਣ ਦੀ।

««««««


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ........................................

ਪਤਾ/Address ........................................

........................................

........................................

........................Pin Code........................

Phone........................ E-mail :........................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ......................ਮਿਤੀ......................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ..............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 03, 10, 17, 24 ਜੂਨ।

**ਸੰਗਰਾਂਦ** - 15 ਜੂਨ, ਦਿਨ ਸ਼ੁਕਰਵਾਰ।

**ਪੂਰਨਮਾਸ਼ੀ** - 30 ਜੂਨ, ਦਿਨ ਸ਼ਨੀਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਮਹੀਨੇ ਦੇ ਆਖਰੀ ਸ਼ਨਿੱਚਰਵਾਰ 30 ਜੂਨ 2007, ਸਮਾਂ ਦਿਨ ਦੇ - 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ -

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

## ਸਫਲ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥




ਟਰਸਟ ਰਤਵਾੜਾ ਸਾਹਿਬ ਦੇ ਬਾਨੀ

ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ ਜਨਮ ਦਿਨ ਸਬੰਧੀ

# ਮਹਾਨ ਰੂਹਾਨੀ ਸਮਾਗਮ

# ਰਤਵਾੜਾ ਸਾਹਿਬ ਵਿਖੇ

# 17 ਜੂਨ 2007



ਪਰਮ ਪੂਜਯ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਚੇਅਰਪਰਸਨ ਰਤਵਾੜਾ ਸਾਹਿਬ

**ਸਮਾਂ - ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤੱਕ**

## ਵਿਸ਼ੇਸ਼ ਬੇਨਤੀ

ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਨੂੰ ਚਾਅ, ਉਤਸ਼ਾਹ, ਚੜ੍ਹਦੀ ਕਲਾ ਅਤੇ ਸ਼ਰਧਾਪੂਰਵਕ ਮਨਾਉਣ ਵਾਸਤੇ ਸਮਾਗਮ ਤਿਆਰੀਆਂ ਸਬੰਧੀ ਜਿੰਮੇਵਾਰੀਆਂ ਨਿਭਾਉਣ ਵਾਸਤੇ ਜਰਨਲ ਮੀਟਿੰਗ ਰਤਵਾੜਾ ਸਾਹਿਬ ਵਿਖੇ ਖੁਲੇ ਪੰਡਾਲ ਵਿਚ ਧੰਨ ਧੰਨ ਸਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ 10 ਜੂਨ ਦਿਨ ਐਤਵਾਰ ਨੂੰ ਦੁਪਿਹਰ 12.30 ਵਜੇ ਰਤਵਾੜਾ ਸਾਹਿਬ ਵਿਖੇ ਹੋਵੇਗੀ ਜਿਸ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਖੁਲ੍ਹਾ ਸੱਦਾ ਪੱਤਰ ਦਿਤਾ ਜਾਂਦਾ ਹੈ।